# ਕੈਨੇਡਾ ਦਰਪਣ

ਮਾਰਚ 20, 1987

**March 20, 1987**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 50¢ WEEKENDING MARCH 20,1987 VOL.6 NO 10 Out of Greater Vancouver 65¢ Second Class Mail Reg. No. 5991

# ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

## ਇਤਿਹਾਸਕ ਗੁਰਦਵਾਰੇ ਟਾਹਲੀ ਸਾਹਿਬ ਦਾ ਪ੍ਰਧਾਨ

# ਅੱਤਵਾਦੀਆਂ ਹੱਥੋਂ ਹਲਾਕ

ਟਾਂਡਾ:—11 ਮਾਰਚ—ਟਾਂਡੇ ਦੇ ਨੇੜੇ ਸਥਿਤ ਇਤਿਹਾਸਕ ਗੁਰਦਵਾਰਾ ਟਾਹਲੀ ਸਾਹਿਬ ਦੇ ਪ੍ਰਧਾਨ ਦੀ ਅੱਤਵਾਦੀਆਂ ਵਲੋਂ ਹੱਤਿਆ ਕਰ ਦੇਣ ਦੀ ਖਬਰ ਮਿਲੀ ਹੈ।

ਇਹ ਕਤਲ 10 ਅਤੇ 11 ਮਾਰਚ ਦੀ ਵਿਚਕਾਰਲੀ ਰਾਤ ਹੋ ਹੋਇਆ। ਖਬਰਾਂ ਅਨੁਸਾਰ ਗੁਰਦਵਾਰੇ ਦਾ ਪ੍ਰਧਾਨ ਹਰਭਜਨ ਸਿੰਘ ਉਸ ਰਾਤ ਗੁਰਦਵਾਰੇ ਵਿਚ ਹੀ ਸੀ। 10 ਮਾਰਚ ਦੀ ਅੱਧੀ ਰਾਤ ਨੂੰ ਹਥਿਆਰਾਂ ਨਾਲ ਲੈਸ ਕੁੱਝ ਬੰਦੂਕਧਾਰੀ ਗੁਰਦਵਾਰੇ ਦੇ ਅਹਾਤੇ 'ਚ ਦਾਖਲ ਹੋਏ ਅਤੇ ਪ੍ਰਧਾਨ ਹਰਭਜਨ ਸਿੰਘ ਨੂੰ ਲਲਕਾਰਿਆ। ਪ੍ਰਧਾਨ ਦੇ ਨਜ਼ਰ ਆਉਣ 'ਤੇ ਅੱਤਵਾਦੀਆਂ ਨੇ ਗੋਲੀਆਂ ਦੀ ਵਛਾੜ ਕਰ ਦਿੱਤੀ ਅਤੇ ਹਰਭਜਨ ਸਿੰਘ ਦੀ ਥਾਂ 'ਤੇ ਹੀ ਮੌਤ ਹੋ ਗਈ। ਗੁਰਦਵਾਰੇ ਦੇ ਅਹਾਤੇ ਵਿਚ ਹੋਰ ਵੀ ਕਈ ਲੋਕ ਮੌਜੂਦ ਸਨ। ਹੋਰ ਕਿਸੇ ਦੇ ਜ਼ਖਮੀ ਹੋਣ ਦੀ ਖਬਰ ਨਹੀਂ ਮਿਲੀ।

ਬਾਅਦ 'ਚ ਅੱਤਵਾਦੀ ਫਰਾਰ ਹੋਣ ਵਿਚ ਸਫਲ ਹੋ ਗਏ। ਪੁਲੀਸ ਨੇ ਕੇਸ ਦਰਜ ਕਰ ਲਿਆ ਹੈ।

## ਹਰਮਿੰਦਰ ਸਾਹਿਬ 'ਚ ਇਕ ਪੁਲਸੀਆ ਕਤਲ

# ਤਲਾਸ਼ੀ ਦੌਰਾਨ 12 ਬੰਦੇ ਫੜੇ

ਅੰਮ੍ਰਿਤਸਰ:—ਬੀਤੇ ਦਿਨੀਂ ਹਰਮਿੰਦਰ ਸਾਹਿਬ ਅਹਾਤੇ 'ਚ ਗੋਲੀ ਚੱਲਣ ਨਾਲ ਇਕ ਪੁਲੀਸ ਅਫਸਰ ਹਲਾਕ ਹੋ ਗਿਆ ਅਤੇ ਤਿੰਨ ਸਿਪਾਹੀ ਜ਼ਖਮੀ ਹੋ ਗਏ। ਜ਼ਖਮੀਆਂ 'ਚੋਂ ਦੋ ਦੀ ਹਾਲਤ ਗੰਭੀਰ ਦੱਸੀ ਗਈ ਹੈ।

ਪੁਲੀਸ ਅਨੁਸਾਰ ਇਕ ਪੁਲੀਸ ਵਾਲਾ ਸਾਦਾ ਕੱਪੜਿਆਂ ਵਿਚ ਅੰਦਰ ਮੱਥਾ ਟੇਕਣ ਗਿਆ ਸੀ। ਦਰਬਾਰ ਸਾਹਿਬ ਕੰਪਲੈਕਸ 'ਚ ਰਹਿ ਰਹੇ ਅੱਤਵਾਦੀਆਂਨੇ ਉਸਨੂੰ ਪਛਾਣ ਲਿਆ ਅਤੇ ਕੁੱਟਣਾ ਸ਼ੁਰੂ ਕਰ ਦਿੱਤਾ। ਕੰਪਲੈਕਸ ਦੇ ਬਾਹਰ ਤਾਇਨਾਤ ਪੁਲਸੀਏ ਅੰਦਰ ਆਪਣੇ ਸਾਥੀ ਨੂੰ ਛੁਡਾਉਣ ਲਈ ਦਾਖਲ ਹੋਏ ਤਾਂ ਕੰਪਲੈਕਸ ਦੇ ਅੰਦਰੋਂ ਗੋਲੀ ਚੱਲ ਗਈ ਇਕ ਪੁਲੀਸ ਵਾਲਾ ਥਾਂ 'ਤੇ ਹੀ ਹਲਾਕ ਹੋ ਗਿਆ। ਹਾਲਾਤ ਨੂੰ ਕਾਬੂ 'ਚ ਰੱਖਣ ਲਈ ਸ਼ਹਿਰ 'ਚ ਕਾਫੀ ਪੁਲੀਸ ਤਾਇਨਾਤ ਕਰ ਦਿਤੀ ਗਈ ਪਰ ਕਰਫਿਊ ਨਹੀਂ ਲਾਇਆ ਗਿਆ। ਪੁਲੀਸ ਨੇ ਕੰਪਲੈਕਸ ਦੀ ਤਲਾਸ਼ੀ ਲਈ ਅਤੇ ਇਕ ਦਰਜਨ ਦੇ ਲੱਗਭੱਗ ਬੰਦਿਆਂ ਨੂੰ ਗ੍ਰਿਫਤਾਰ ਕਰ ਲਿਆ।

ਪੰਜਾਬ ਦੇ ਮੁੱਖ ਮੰਤਰੀ ਅਤੇ ਕੇਂਦਰ ਸਰਕਾਰ ਨੇ ਅੱਤਵਾਦੀਆਂ ਦੀ ਇਸ ਕਾਰਵਾਈ 'ਤੇ ਸਖਤ ਨੁਕਤਾਚੀਨੀ ਕੀਤੀ ਹੈ। ਸ਼੍ਰੋਮਣੀ ਕਮੇਟੀ ਨੂੰ ਕਿਹਾ ਗਿਆ ਹੈ ਕਿ ਉਹ ਕੰਪਲੈਕਸ ਨੂੰ ਅੱਤਵਾਦੀਆਂ ਤੋਂ ਆਜ਼ਾਦ ਕਰਵਾਏ ਜੋ ਭੜਕਾਊ ਕਾਰਵਾਈਆਂ ਕਰਦੇ ਹਨ।

ਬਾਅਦ 'ਚ ਮੁੱਖ ਮੰਤਰੀ ਬਰਨਾਲਾ ਨੇ ਸਾਰੀਆਂ ਪਾਰਟੀਆਂ ਦੇ ਇਕ ਜਲਸੇ ਨੂੰ ਲੁਧਿਆਣੇ ਵਿਚ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਤਵਾਦੀਆਂ ਨੂੰ ਆਪਣੇ ਮਨਸੂਬਿਆਂ ਵਿਚ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।

ਅੰਮ੍ਰਿਤਸਰ ਦੀ ਘਟਨਾ ਵੇਲੇ ਮੌਕੇ 'ਤੇ ਮੌਜੂਦ ਕੁੱਝ ਵਿਅਕਤੀਆਂ ਦਾ ਕਹਿਣਾ ਹੈ ਕਿ ਸਾਦਾ ਕੱਪੜਿਆਂ 'ਚ ਇਹ ਪੁਲੀਸ ਮੈਨ ਇਕ ਕਮਰੇ ਦੀ ਸੂਹ ਲੈ ਰਿਹਾ ਸੀ ਜਿਥੇ ਕੁਝ ਨੌਜਵਾਨ ਮੀਟਿੰਗ ਕਰ ਰਹੇ ਸਨ।

ਅੰਮ੍ਰਿਤਸਰ 'ਚ ਹੀ ਸੀ.ਆਰ.ਪੀ.ਦੇ ਇਕ ਹੋਰ ਕਾਂਸਟੇਬਲ ਦੇ ਕਤਲ ਹੋਣ ਦੀ ਖਬਰ ਵੀ ਮਿਲੀ ਹੈ।

## ਬਰਤਾਨੀਆਂ 'ਚ ਰਾਜਸੀ ਸ਼ਰਨ ਲੈਣ ਤੇ ਹੋਰ ਸਖਤੀ

ਲੰਡਨ:-ਟੋਰੀ ਸਰਕਾਰ ਨੇ ਤਾਮਲ ਸ਼ਰਨਾਰਥੀਆਂ ਦੇ ਕੇਸ ਨਾਲ ਨਿਪਟਦੇ ਹੋਏ ਨਵਾਂ ਕਾਨੂੰਨ ਬਣਾ ਕੇ ਬਰਤਾਨੀਆਂ ਅੰਦਰ ਰਾਜਸੀ ਸ਼ਰਨ ਲੈਣ ਵਾਲਿਆਂ ਦੇ ਦਾਖਲੇ ਉੱਤੇ ਮੁਕੰਮਲ ਪਾਬੰਦੀ ਲਾਉਣ ਦਾ ਫੈਸਲਾ ਕਰ ਦਿੱਤਾ ਹੈ। ਉਹ ਹਵਾਈ ਕੰਪਨੀਆਂ ਅਤੇ ਸਮੁੰਦਰੀ ਜ਼ਹਾਜ਼ਾਂ ਦੀਆਂ ਕੰਪਨੀਆਂ ਜੋ ਮੁਸਾਫਰਾਂ ਨੂੰ ਬਿਨਾਂ ਵੀਜ਼ੇ ਅਤੇ ਬਿਨਾਂ ਪਾਸਪੋਰਟਾਂ ਦੇ ਬਰਤਾਨੀਆਂ ਲਿਆਉਣਗੀਆਂ ਉਨ੍ਹਾਂ ਨੂੰ ਪ੍ਰਤੀ ਮੁਸਾਫਰ ਇਕ ਹਜ਼ਾਰ ਪੌਂਡ ਹਰਜਾਨਾ ਦੇਣਾਪਵੇਗਾ।

ਇਸ ਕਾਨੂੰਨ ਅਧੀਨ ਹੋਮ ਆਫਿਸ ਇਸ ਗੱਲ ਦਾ ਵੀ ਪਾਬੰਦ ਨਹੀਂ ਹੋਵੇਗਾ ਕਿ ਹਵਾਈ ਅੱਡੇ ਉੱਤੇ ਉਤਰਨ ਵਾਲੇ ਗੈਰ ਕਾਨੂੰਨੀ ਸ਼ਰਨਾਰਥੀਆਂ ਨੂੰ ਡੀਪੋਰਟ ਕਰਨ ਤੋਂ ਪਹਿਲਾਂ ਉਨ੍ਹਾਂ ਦਾ ਕੇਸ ਐਡਵਾਈਜ਼ਰੀ ਸਰਵਿਸ ਹਵਾਲੇ ਕੀਤਾ ਜਾਏ। ਇਸ ਬਾਰੇ ਐਲਾਨ ਗ੍ਰਹਿ ਮੰਤਰੀ ਡਗਲਸ ਹਰਡ ਨੇ ਪਾਰਲੀਮੈਂਟ ਵਿਚ ਕੀਤਾ ਤੇ ਕਾਨੂੰਨ 4 ਮਾਰਚ ਦੀ ਅੱਧੀ ਰਾਤ ਤੋਂ ਲਾਗੂ ਹੋ ਗਿਆ। ਕਸੂਰਵਾਰ ਕੰਪਨੀਆਂ ਨੂੰ ਜੁਰਮਾਨਾ ਅਦਾਲਤਾਂ ਰਾਹੀਂ ਕੀਤਾ ਜਾਏਗਾ,ਉਨ੍ਹਾਂ ਕਿਹਾ ਕਿ ਗੈਰ ਕਾਨੂੰਨੀ ਤੌਰ ਤੇ ਆਉਣ ਵਾਲੇ ਤੇ ਆਪਣੇ ਆਪ ਨੂੰ ਸ਼ਰਨਾਰਥੀ ਕਹਿਣ ਵਾਲੇ ਲੋਕ ਇਹ ਸਮਝ ਲੈਣ ਕਿ ਅੱਗੋਂ ਉਨ੍ਹਾਂ ਨੂੰ ਦਾਖਲਾ ਨਾ ਮਿਲਣ ਦੀ ਸੂਰਤ ਵਿਚ ਉਨ੍ਹਾਂ ਦਾ ਕੇਸ ਯੂ.ਕੇ.ਐਡਵਾਈਜ਼ਰੀ ਸਰਵਿਸ ਹਵਾਲੇ ਨਹੀਂ ਕੀਤਾ ਜਾਏਗਾ। ਜੇ ਉਨ੍ਹਾਂ ਅਪੀਲ ਕਰਨੀ ਹੋਵੇ ਤਾਂ ਆਪਣੇ ਦੇਸ਼ ਵਾਪਸ ਜਾ ਕੇ ਕਰ ਸਕਣਗੇ ਅਦਾਲਤਾਂ ਵਿਚ ਕੇਸ ਕਰਨ ਵਾਲੇ ਲੋਕਾਂ ਨੂੰ ਇਹ ਹੱਕ ਨਹੀਂ ਹੋਵੇਗਾ ਕਿ ਉਹ ਫੈਸਲੇ ਦੀ ਸੁਣਵਾਈ ਤਕ ਅਰਜੀ ਤੌਰ ਤੇ ਬਰਤਾਨੀਆਂ ਵਿਚ ਰਹਿ ਸਕਣ।

## ਕਥਿਤ ਅੱਤਵਾਦੀ ਵੀ ਚੋਣਾਂ ਵਿਚ ਉਮੀਦਵਾਰ

ਜੰਮੂ:—ਜੰਮੂ ਛਾਉਣੀ ਅਸੰਬਲੀ ਹਲਕੇ ਤੋਂ ਕਥਿਤ ਅਵਤਾਰ ਸਿੰਘ ਖਾਲਸਾ ਵੀ ਉਮੀਦਵਾਰ ਹੈ। ਖਾਲਸਾ ਦੇ ਨਾਮਜ਼ਦਗੀ ਪੱਤਰ ਪੜਤਾਲ ਪਿਛੋਂ ਪ੍ਰਵਾਨ ਕਰ ਲਏ ਗਏ। ਅਵਤਾਰ ਸਿੰਘ ਖਾਲਸਾ ਨੂੰ ਅਗਸਤ,1984 ਵਿਚ ਪਾਕਿਸਤਾਨ ਤੋਂ ਵਾਪਸ ਆਉਂਦਿਆਂ ਗ੍ਰਿਫਤਾਰ ਕੀਤਾ ਗਿਆ ਸੀ। ਉਸ ਕੋਲੋਂ ਇਕ ਲਾਈਟ ਮਸ਼ੀਨ ਗੰਨ ਅਤੇ ਵੱਡੀ ਮਾਤਰਾ ਵਿਚ ਗੋਲੀ-ਸਿੱਕਾ ਬ੍ਰਾਮਦ ਹੋਇਆ ਸੀ। ਕਹਿੰਦੇ ਹਨ ਕਿ ਅਵਤਾਰ ਸਿੰਘ ਖਾਲਸਾ ਆਪਰੇਸ਼ਨ ਬਲਿਊ ਸਟਾਰ ਤੋਂ ਤੁਰੰਤ ਬਾਅਦ ਪਾਕਿਸਤਾਨ ਦੌੜ ਗਿਆ ਸੀ। ਉਸਨੂੰ ਇਸ ਸਮੇਂ ਜੰਮੂ ਜੇਲ੍ਹ ਵਿਚ ਰੱਖਿਆ ਜਾ ਰਿਹਾ ਹੈ।

ROYAL FURNITURE

ਜੇਕਰ ਤੁਸੀ ਨਵਾਂ ਜਾਂ ਪੁਰਾਣਾ ਫਰਨੀਚਰ ਖ੍ਰੀਦਣਾ ਹੋਵੇ ਹਮੇਸ਼ਾ ਸਾਡੇ ਸਟੋਰ ਤੇ ਦਰਸ਼ਨ ਦਿਓ
ਅਸੀਂ ਤੁਹਾਨੂੰ ਚੰਗੀ ਡੀਲ ਦਾ ਭਰੋਸਾ ਦਿਵਾਉਂਦੇ ਹਾਂ।

- ਜੇਕਰ ਪੁਰਾਣਾ ਫਰਨੀਚਰ ਟ੍ਰੇਡ ਕਰਨਾ ਹੋਵੇ ਤਾਂ ਵੀ ਸਾਡੀਆਂ ਸੇਵਾਵਾਂ ਪ੍ਰਾਪਤ ਕਰੋ।

ਟੋਪ ਕੁਆਲਿਟੀ ਅਤੇ ਵਾਜ਼ਬ ਕੀਮਤਾਂ

- ਲਿਵਿੰਗ ਰੂਮ
- ਡਾਈਨਿੰਗ ਰੂਮ,
- ਬੈਡ ਰੂਮ ਗੱਲ ਕੀ ਹਰ ਕਿਸਮ ਦਾ ਫਰਨੀਚਰ ਸਾਥੋਂ ਖਰੀਦੋ।

- *New*
- *Used Or*
- *Trade-Ins*

Royal Furniture Ltd.

2607 Main St. (at 10th Ave.) Vancouver, B.C.

ROYAL - THE NAME FRIENDS RECOMMEND



ਪਾਲ ਤੂਰ

PH. 874-9525

## 80 ਲੱਖ ਪੌਂਡ ਅੱਤਵਾਦੀਆਂ ਨੂੰ ਭੇਜਣ ਵਾਲਿਆਂ ਦੀ ਜਾਂਚ ਸ਼ੁਰੂ

# ਬਰਤਾਨੀਆ ਨਾਲ ਵੀ ਹਵਾਲਗੀ ਸੰਧੀ ਹੋਵੇਗੀ

ਨਵੀਂ ਦਿੱਲੀ:—"ਬਰਤਾਨੀਆਂ ਤੋਂ ਵੱਖਵਾਦੀ ਖਾਲਿਸਤਾਨੀਆਂ ਤੇ ਉਨ੍ਹਾਂ ਦੇ ਸਮਰਥਕਾਂ ਵਲੋਂ ਹਰ ਸਾਲ 80 ਲੱਖ ਪੌਂਡ ਪੰਜਾਬ ਦੇ ਖਾਲਿਸਤਾਨੀ ਦਹਿਸ਼ਤਗਰਦਾਂ ਨੂੰ ਪਹੁੰਚਦੇ ਹਨ ।"ਪਰ ਇਹ ਭਾਰੀ ਰਕਮਾਂ ਕਿੰਨਾਂ ਵਸੀਲਿਆਂ ਰਾਹੀਂ ਜਮ੍ਹਾਂ ਹੁੰਦੀਆਂ ਹਨ ਤੇ ਕਿੰਨ੍ਹਾਂ ਵਸੀਲਿਆਂ ਰਾਹੀਂ ਭਾਰਤ ਦੇ ਦਹਿਸ਼ਤਗਰਦਾਂ ਤੱਕ ਪਹੁੰਚਦੀਆਂ ਹਨ ? ਇਸ ਬਾਰੇ ਭਾਰਤ ਤੋਂ ਬਾਦ ਹੁਣ ਬਰਤਾਨੀਆ ਵਿਚ ਵੀ ਬਕਾਇਦਾ ਪੜਤਾਲ ਸ਼ੁਰੂ ਹੋ ਗਈ ਹੈ । ਇਨ੍ਹਾਂ ਦੋਸ਼ਾਂ ਦੇ ਕਸੂਰਵਾਰ ਲੋਕ ਹੀ ਬਰਤਾਨੀਆਂ ਤੋਂ ਵਾਪਸ ਭਾਰਤ ਭੇਜੇ ਜਾਣ ਵਾਲਿਆਂ ਦੀ ਪਹਿਲੀ ਕਿਸ਼ਤ ਵਿਚ ਸ਼ਾਮਲ ਹੋਣਗੇ। ਇਕ ਹਫਤੇ ਅੰਦਰ ਬਰਤਾਨੀਆਂ ਸਰਕਾਰ ਨਾਲ ਇਸ ਸਬੰਧ ਵਿਚ ਭਾਰਤ ਦੀ ਸੰਧੀ ਉੱਤੇ ਦਸਖਤ ਹੋ ਰਹੇ ਹਨ।

ਭਾਰਤ ਸਰਕਾਰ ਨੇ ਭਾਰਤ ਦੇ ਦਹਿਸ਼ਤਗਰਦ ਮੁਜ਼ਰਮਾਂ ਨੂੰ ਵਾਪਸ ਮੰਗਵਾਣ ਲਈ ਨੇਪਾਲ,ਭੂਟਾਨ,ਯੁਗੰਡਾ,ਬੈਲਜੀਅਮ,ਅਮਰੀਕਾ ਅਤੇ ਕੈਨੇਡਾ ਨਾਲ ਸੰਧੀਆਂ ਉਤੇ ਦਸਖਤ ਕਰ ਦਿੱਤੇ ਹਨ । ਹੁਣ ਪੱਛਮੀ ਜਰਮਨੀ ਤੇ ਬਰਤਾਨੀਆਂ ਨਾਲ ਸੰਧੀ ਉੱਤੇ ਦਸਖਤ ਹੋਣ ਵਾਲੇ ਹਨ।

ਭਾਰਤ ਸਰਕਾਰ ਨੇ ਬਰਤਾਨੀਆਂ ਤੋਂ ਇਨ੍ਹਾਂ ਖਬਰਾਂ ਦੀ ਤਫਸੀਲ ਮੰਗੀ ਹੈ ਕਿ ਬਰਤਾਨੀਆਂ ਵਿਚ ਵਸਦੇ ਵੱਖਵਾਦੀ ਖਾਲਿਸਤਾਨੀ ਤੇ ਉਨ੍ਹਾਂ ਦੇ ਸਮਰਥਕ ਗੁਰਦਵਾਰਿਆਂ ਤੇ ਦੂਸਰੇ ਵਸੀਲਿਆਂ ਰਾਹੀਂ,ਹਰ ਸਾਲ 80 ਲੱਖ ਪੌਂਡ ਇਕੱਠਾ ਕਰਕੇ ਪੰਜਾਬ ਵਿਚ ਭੇਜਦੇ ਹਨ ਤਾਂ ਜੋ ਉਥੇ ਦਹਿਸ਼ਤਗਰਦਾਂ ਰਾਹੀਂ "ਖਾਲਿਸਤਾਨ"ਨੂੰ ਇਕ ਤਹਿਰੀਕ ਦੀ ਸ਼ਕਲ ਦਿਤੀ ਜਾ ਸਕੇ ।

ਇਸਤੋਂ ਇਲਾਵਾ ਬਰਤਾਨੀਆਂ ਤੇ ਕੈਨੇਡਾ ਦੇ 150 ਤੋਂ ਵੱਧ ਅਜੇਹੇ ਵੱਖਵਾਦੀ ਦਹਿਸ਼ਤਗਰਦਾਂ ਦੀ ਸੂਚੀ ਬਰਤਾਨੀਆਂ ਤੇ ਕੈਨੇਡਾ ਸਰਕਾਰਾਂ ਨੂੰ ਦਿੱਤੀ ਗਈ ਹੈ ਜਿਨ੍ਹਾਂ ਉਤੇ ਮੁਕੱਦਮੇ ਚਲਾਉਣ ਲਈ ਭਾਰਤ ਸਰਕਾਰ ਨੂੰ ਫੌਰੀ ਲੋੜ ਹੈ। ਕੈਨੇਡਾ ਤੋਂ ਪਹਿਲੀ ਕਿਸ਼ਤ ਵਿਚ ਤਲਵਿੰਦਰ ਸਿੰਘ ਬੱਬਰ,ਜੋ ਇਸ ਸਮੇਂ ਟਰਾਂਟੋ ਨੇੜੇ ਹਵਾਲਾਤ ਵਿਚ ਬੰਦ ਹੈ ਅਤੇ ਅਜਾਇਬ ਸਿੰਘ ਬਾਗੜੀ,ਭਾਰਤ ਭੇਜੇ ਜਾਣਗੇ। ਬਰਤਾਨੀਆਂ ਵਿਚ ਖਾਲਿਸਤਾਨ ਕੌਂਸਲ ਦੇ ਗੁਰੂ ਘੰਟਾਲ ਨੂੰ ਚਿੰਤਾ ਲੱਗੀ ਹੋਈ ਹੈ ਕਿ ਉਸ ਪਾਸ ਪਾਸਪੋਰਟ ਭਾਵੇਂ ਬਰਤਾਨੀਆਂ ਦਾ ਹੈ ਪਰ ਬਰਤਾਨੀਆਂ ਸਰਕਾਰ ਉਸਨੂੰ ਜੇਕਰ ਭਾਰਤ ਹਵਾਲੇ ਨਾ ਵੀ ਕਰੇ ਤਾਂ ਦੇਸ਼ ਨਿਕਾਲਾ ਜ਼ਰੂਰ ਦੇ ਸਕਦੀ ਹੈ। ਕਿਉਂਕਿ ਆਪਣੇ ਬਿਆਨਾਂ ਵਿਚ ਉਹ ਖੁਦ ਕਹਿ ਚੁੱਕਾ ਹੈ ਕਿ ਉਸਨੇ 5 ਮੈਂਬਰੀ ਪੰਥਕ ਕਮੇਟੀ ਦੇ ਲੀਡਰਾਂ ਨਾਲ ਅੰਮ੍ਰਿਤਸਰ ਸੰਪਰਕ ਰਖਿਆ ਹੈ । ਭਾਰਤ ਸਰਕਾਰ ਨੇ ਬਰਤਾਨੀਆਂ ਸਰਕਾਰ ਨੂੰ ਲਿਖਿਆ ਹੈ ਕਿ ਇਸ ਗੁਰੂ ਘੰਟਾਲ ਤੇ ਉਸਦੇ ਸਾਥੀਆਂ ਪਾਸੋਂ ਪੜਤਾਲ ਕਰਾਈ ਜਾਏ ਕਿ ਉਨ੍ਹਾਂ ਦਾ ਪੰਜਾਬ ਦੇ ਦਹਿਸ਼ਤਗਰਦਾਂ ਨਾਲ ਕਿਹੋ ਜਿਹਾ ਸੰਪਰਕ ਰਿਹਾ ਹੈ ਤੇ ਕਿਹਾ ਜਿਹਾ ਹੁਣ ਹੈ । ਇਹ ਗੁਰੂ ਘੰਟਾਲ ਪਾਕਿਸਤਾਨੀ ਗਰੁੱਪਾਂ ਨੂੰ ਆਪਣੇ ਬਿਆਨਾਂ ਰਾਹੀਂ ਅਪੀਲ ਕਰ ਚੁੱਕਾ ਹੈ ਕਿ ਪਾਕਿਸਤਾਨ,ਤੁਰਕੀ ਤੇ ਖਾਲਿਸਤਾਨੀ ਫੋਰਸਿਜ਼ ਨੂੰ ਭਾਰਤ ਵਿਰੁੱਧ ਕੁੱਝ ਕਰਨਾ ਚਾਹੀਦਾ ਹੈ ।

### 80 ਲੱਖ ਪੌਂਡ

ਇਨ੍ਹਾਂ ਖਬਰਾਂ ਨੇ ਭਾਰਤ ਸਰਕਾਰ ਨੂੰ ਖਬਰਦਾਰ ਕੀਤਾ ਹੈ ਕਿ ਬਰਤਾਨੀਆਂ ਤੋਂ ਗੁਪਤ ਢੰਗਾਂ ਨਾਲ ਹਰ ਸਾਲ 80 ਲੱਖ ਪੌਂਡ ਪੰਜਾਬ ਦੇ ਵੱਖਵਾਦੀਆਂ ਨੂੰ ਮਿਲਦਾ ਹੈ। ਬ੍ਰਿਟਿਸ਼ ਮੀਡੀਏ ਨੇ ਇਹ ਖਬਰਾਂ ਦਿਤੀਆਂ ਹਨ ਕਿ ਇਸ ਰਕਮ ਦਾ ਬਹੁਤ ਵੱਡਾ ਹਿਸਾ ਯੂ.ਕੇ.ਦੇ ਗੁਰਦਵਾਰਿਆਂ ਵਿਚੋਂ ਜਾਂਦਾ ਹੈ ਜਿਨ੍ਹਾਂ ਗੁਰਦਵਾਰਿਆਂ ਉੱਤੇ ਫੈਡਰੇਸ਼ਨ ਦੇ ਵੱਖ ਵੱਖ ਗਰੁੱਪਾਂ ਨੇ ਕਬਜ਼ੇ ਕੀਤੇ ਹੋਏ ਹਨ । ਪਿਛਲੇ 'ਦਿਨੀਂ ਜਦੋਂ ਟੀ.ਵੀ. ਉੱਤੇ ਇਹ ਦਿਖਾਇਆ ਗਿਆ ਕਿ ਯੂ.ਕੇ.ਦੇ ਲੱਗਪੱਗ 120 ਗੁਰਦਵਾਰੇ ਅੱਜਕੱਲ ਫੈਡਰੇਸ਼ਨ ਦੇ ਕੰਟਰੋਲ ਵਿਚ ਹਨ ਤਾਂ ਸਾਊਥਾਲ ਵਿਚ ਫੈਡਰੇਸ਼ਨ ਦੀ ਅਗਵਾਈ ਵਿਚ ਮੁਜ਼ਾਹਰਾ ਵੀ ਹੋਇਆ ਸੀ । ਜਿਸ ਵਿਚ ਸਿੱਖ ਫੈਡਰੇਸ਼ਨ ਦੇ ਆਗੂਆਂ ਨੇ ਚਿੰਤਾ ਪ੍ਰਗਟ ਕੀਤੀ ਸੀ ਕਿ ਭਾਰਤ ਸਰਕਾਰ ਵਲੋਂ ਲਾਏ ਦੋਸ਼ਾਂ ਦੇ ਸਬੰਧ ਵਿਚ ਬਰਤਾਨੀਆਂ ਸਰਕਾਰ ਵੀ ਫੈਡਰੇਸ਼ਨ ਦੇ "ਖਾੜਕੂਆਂ"ਵਿਰੁੱਧ ਸਾਜ਼ਿਸ਼ਾਂ ਕਰ ਰਹੀ ਹੈ । ਗੁਰਦਵਾਰਿਆਂ ਉੱਤੇ ਕਾਬਜ਼ ਇੰਟਰਨੈਸ਼ਨਲ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੁਖੀ ਅੱਜ ਕੱਲ ਡਾ.ਜਸਦੇਵ ਸਿੰਘ ਰਾਏ ਹਨ । ਇਨ੍ਹਾਂ ਕਬਜ਼ਿਆਂ ਵਿਰੁੱਧ ਕਈ ਗੁਰਦਵਾਰਿਆਂ ਦੀਆਂ ਪਹਿਲੀਆਂ ਕਾਨੂੰਨੀ ਕਮੇਟੀਆਂ ਨੂੰ ਅਦਾਲਤਾਂ ਵਿਜ ਕੇਸ ਵੀ ਕੀਤੇ ਹੋਏ ਹਨ। ਭਾਰਤ ਅਤੇ ਬਰਤਾਨੀਆਂ ਸਰਕਾਰ ਨੂੰ ਖਤਰਾ ਹੈ ਕਿ ਜਦੋਂ ਦੋਵਾਂ ਦੇਸ਼ਾਂ ਵਿਚਾਲੇ ਸੰਧੀ ਤੋਂ ਬਾਦ ਮੁਜਰਮਾਂ ਦੀ ਵਾਪਸੀ ਉੱਤੇ ਅਮਲ ਸ਼ੁਰੂ ਹੋਇਆ ਤਾਂ ਇਹ ਲੋਕ ਗੁਰਦਵਾਰਿਆਂ ਦੀਆਂ ਸ਼ਰਨਾਂ ਲੈਣਗੇ ।

### ਜਨਰਲ ਅਰੋੜਾ ਨੇ ਕਿਹਾ

ਰੀਟਾਇਰ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਜੋ ਹੁਣੇ ਹੁਣੇ ਕੈਨੇਡਾ ਤੋਂ ਵਾਪਸ ਭਾਰਤ ਜਾਂਦੇ ਹੋਏ ਲੰਡਨ ਰੁਕੇ ਸਨ,ਨੇ ਸਪਸ਼ਟ ਕਿਹਾ ਹੈ ਕਿ ਭਾਰਤ ਸਰਕਾਰ ਤੇ ਕੈਨੇਡਾ ਸਰਕਾਰਾਂ ਵਿਚਲੇ ਮੁਜਰਮਾਂ ਦੀ ਵਾਪਸੀ ਦੀ ਸੰਧੀ ਹੋ ਜਾਣ ਬਾਦ ਕੈਨੇਡਾ ਵਿਚ ਖਾਲਿਸਤਾਨੀ ਦਹਿਸ਼ਤਗਰਦੀ ਦੀਆਂ ਸਰਗਰਮੀਆਂ ਵਿਚ ਕਮੀ ਹੋਈ ਹੈ । ਜਿਹੜੇ ਦਹਿਸ਼ਤਗਰਦ ਕੈਨੇਡਾ ਵਿਚ ਜੇਲਾਂ ਵਿਚ ਹਨ ਤੇ ਜਿਹਨਾਂ ਉੱਤੇ ਮੁਕੱਦਮੇ ਚੱਲ ਰਹੇ ਹਨ,ਆਮ ਭਾਰਤੀ ਕੈਨੇਡੀਅਨ ਸ਼ਹਿਰੀ ਉਨ੍ਹਾਂ ਦੀ ਹੁਣ ਪਹਿਲੇ ਵਾਂਗ ਮੱਦਦ ਨਹੀਂ ਕਰਦੇ । ਬਰਤਾਨੀਆਂ ਵਿਚ ਸਿਆਸੀ ਹਲਕਿਆਂ ਦਾ ਵੀ ਇਹੋ ਵਿਚਾਰ ਹੈ ਕਿ ਵੀਜ਼ਾ ਸਿਸਟਮ ਲਾਗੂ ਹੋਣ ਬਾਦ ਐਕਸਟਰਾਡੀਸ਼ਨ ਟਰੀਟੀ ਹੋ ਜਾਣ ਨਾਲ ਬਰਤਾਨੀਆਂ ਵਿਚ ਰਹਿੰਦੇ ਵੱਖਵਾਦੀ ਖਾਲਿਸਤਾਨੀ ਗੈਰ ਸਰਗਰਮ ਹੋ ਜਾਣਗੇ । ਜਿਸ ਦੇ ਸਿੱਟੇ ਵਜੋਂ ਬਰਤਾਨੀਆਂ ਤੇ ਭਾਰਤ ਵਿਚਲੇ ਸਬੰਧ ਵੀ ਸੁਧਰ ਜਾਣਗੇ। ਇਸ ਸੰਧੀ ਤੋਂ ਬਾਦ ਬਰਤਾਨੀਆਂ ਵਿਚ ਵਸਦੇ ਭਾਰਤੀਆਂ ਦੇ ਸਬੰਧਾਂ ਵਿਚ ਆਈ ਤਲਖੀ ਵੀ ਖਤਮ ਹੋ ਜਾਏਗੀ ।

## ਛੋਟੇਪੁਰ ਰਿਹਾ ਹੋਣ ਤੋਂ ਬਾਅਦ ਫਿਰ ਗ੍ਰਿਫਤਾਰ

ਚੰਡੀਗੜ੍ਹ:—ਬਰਨਾਲਾ ਸਰਕਾਰ ਦੇ ਸਾਬਕੋ ਮੰਤਰੀ ਅਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸੁੱਚਾ ਸਿੰਘ ਛੋਟੇਪੁਰ,ਜੋ ਅੱਤਵਾਦੀਆਂ ਦੇ ਸਮਰਥਕ ਹੋਣ ਕਾਰਨ ਪ੍ਰਸਿੱਧ ਹੋ ਗਏ ਸਨ,ਕਈ ਕੇਸਾਂ ਵਿਚ ਨਜ਼ਰਬੰਦ ਸਨ ਪਰ ਸਲਾਹਕਾਰ ਬੋਰਡ ਨੇ ਉਨ੍ਹਾਂ ਦੀ ਨਜ਼ਰਬੰਦੀ ਰੱਦ ਕਰ ਦਿਤੀ ਸੀ ਪਰ ਜਿਵੇਂ ਹੀ ਜੇਲ੍ਹ ਅਧਿਕਾਰੀ ਉਸਨੂੰ ਰਿਹਾ ਕਰਨ ਲੱਗੇ ਤਾਂ ਪੰਜਾਬ ਪੁਲੀਸ ਨੇ 5-6 ਨਵੇਂ ਕੇਸਾਂ ਵਿਚ ਛੋਟੇਪੁਰ ਨੂੰ ਫਿਰ ਗ੍ਰਿਫਤਾਰ ਕਰ ਲਿਆ । ਪੁਲੀਸ ਰਾਤ ਭਰ ਪਟਿਆਲਾ ਜੇਲ੍ਹ ਦੇ ਦੁਆਲੇ ਮੌਜੂਦ ਰਹੀ। ਛੋਟੇਪੁਰ ਦੀ ਨਜ਼ਰਬੰਦੀ ਰੱਦ ਹੋ ਗਈ ਹੈ ਪਰ ਸਰਕਾਰ ਉਸਨੂੰ ਰਿਹਾ ਕਰ ਕੇ ਕਿਸੇ ਕਿਸਮ ਦਾ ਖਤਰਾ ਮੁੱਲ ਨਹੀਂ ਸੀ ਲੈਣਾ ਚਾਹੁੰਦੀ। ਹੁਣ ਛੋਟੇਪੁਰ ਉੱਤੇ ਵੱਖ ਵੱਖ ਥਾਣਿਆਂ ਵਲੋਂ 107/151,ਦਫਾ 216,124 ਦੇ 153 ਦੇ ਅਧੀਨ ਕਈ ਨਵੇਂ ਕੇਸ ਦਰਜ ਕੀਤੇ ਗਏ ਹਨ । ਸੁੱਚਾ ਸਿੰਘ ਛੋਟੇ ਬਾਦਲ— ਟੌਹੜੇ ਗਰੁੱਪ ਦੇ ਸਰਗਰਮ ਸਮਰਥਕ ਹਨ ।

## ਫਰੰਟ ਤੇ ਕਾਨਫਰੰਸ 'ਚ ਚੋਣ ਸਮਝੌਤਾ ਨਾ ਹੋਇਆ

ਸ੍ਰੀਨਗਰ:—ਨਵੇਂ ਬਣੇ ਮੁਸਲਿਮ ਯੂਨਾਈਟਿਡ ਫਰੰਟ ਰਾਜ ਵਿਧਾਨ ਸਭਾ ਦੀਆਂ ਅਗਾਊਂ ਚੋਣਾਂ ਲਈ ਕਸ਼ਮੀਰ ਪੀਪਲਜ਼ ਕਾਨਫਰੰਸ ਨਾਲ ਕੋਈ ਚੋਣ ਗੱਠਜੋੜ ਕਰਨ 'ਚ ਅਸਫਲ ਰਿਹਾ ਹੈ।

ਫਰੰਟ ਦੇ ਇਕ ਬੁਲਾਰੇ ਨੇ ਇਥੇ ਦੱਸਿਆ ਕਿ ਕਾਨਫਰੰਸ ਦੇ ਚੇਅਰਮੈਨ ਸ੍ਰੀ.ਏ.ਜੀ.ਟੋਨ.ਸਰਹੱਦੀ ਇਲਾਕੇ ਕੁੱਪਵਾੜਾ ਤੇ ਬਾਰਾਮੂਲਾ ਜ਼ਿਲਿਆਂ ਵਿਚ 9 ਸੀਟਾਂ ਤੋਂ ਚੋਣ ਲੜਣ ਲਈ ਬਜ਼ਿਦ ਹਨ ਜਦੋਂ ਕਿ ਫਰੰਟ ਨੂੰ ਇਹ ਮਨਜ਼ੂਰ ਨਹੀਂ ।

ਕਾਨਫਰੰਸ ਨੇ ਇਕੱਲਿਆਂ ਤੌਰ ਉੱਤੇ ਚੋਣ ਲੜਨ ਦਾ ਫੈਸਲਾ ਕੀਤਾ ਹੈ।

## ਖੰਨਾ ਤੇ ਫਗਵਾੜਾ ਤੋਂ ਵਿਦੇਸ਼ਾਂ ਨੂੰ ਸਿੱਧੀ ਹੈਲੋ

ਫਗਵਾੜਾ:—ਫਗਵਾੜਾ ਟੈਲੀਫੋਨ ਐਕਸਚੇਂਜ ਤੋਂ ਵਿਦੇਸ਼ਾਂ ਲਈ ਸਿੱਧੀ ਡਾਇਲ ਸੇਵਾ ਸ਼ੁਰੂ ਕੀਤੀ ਗਈ ਹੈ । ਇਸਤੋਂ ਇਲਾਵਾ ਖੰਨਾ ਐਕਸਚੇਂਜ ਤੋਂ ਵੀ ਅਜਿਹੀ ਸਹੂਲਤ ਲੋਕਾਂ ਨੂੰ ਦਿੱਤੀ ਗਈ ਹੈ ।


## ਫਾਰਮ ਵਿਚ ਕੰਮ ਕਰਨ ਵਾਲਿਆਂ ਦੀ ਲੋੜ

- ਸਟਰਾਅ ਬੇਰੀ, ਰਸ ਬੇਰੀ, ਬਰਾਕਲੀ, ਗੋਭੀ, ਸਪਰੌਟ ਆਦਿ • ਕੰਮ ਜੂਨ ਤੋਂ ਨਵੰਬਰ ਤੱਕ ਚੱਲੇਗਾ
- ਰਿਹਾਇਸ਼ ਲਈ ਕੈਬਨਾਂ ਦਾ ਬੰਦੋਬਸਤ ਹੋਵੇਗਾ । ਕੈਬਨਾਂ ਦੀ ਬੁਕਿੰਗ ਹੁਣੇ ਕਰਵਾ ਲਵੋ ।

ਕੰਮ ਤੇ ਆਉਣ ਜਾਣ ਲਈ ਟਰਾਂਸਪੋਰਟ ਦਾ ਵੀ ਪ੍ਰਬੰਧ ਹੈ

ਕੀਤੇ ਕੰਮ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ ।

- ਬੱਸ ਅਤੇ ਟਰੱਕ ਡਰਾਈਵਰ ਦੀ ਵੀ ਲੋੜ ਹੈ

ਹੋਰ ਜਾਣਕਾਰੀ ਲਈ :

**ਗੁਰਮੀਤ ਸਿੰਘ 856-7555**  **ਰਣਜੀਤ ਸਿੰਘ ਕੁਲਾਰ 525-3448**

# Active Collision Repair Ltd.

7787 - 132 St., Surrey, B.C.

- Complete Body Repairs and Painting
- I.C.B.C. Claims
- Courtesy Cars
- Customised Vans and Cars



Open Mondays thru Saturdays

**Harvey Mangat**  **Tel: 596-2020**

# ਫੈਰੀ ਹਾਦਸੇ ਵਿਚ 140 ਮਰੇ




ਲੰਡਨ:—ਬ੍ਰਿਟੇਨ ਵਿਚ ਇਕ ਪਾਣੀ ਵਾਲੇ ਜ਼ਹਾਜ਼ ਦੇ ਡੁੱਬ ਜਾਣ ਨਾਲ ਲੱਗਭੱਗ 140 ਲੋਕ ਮਾਰੇ ਗਏ ਹਨ। "ਹੈਰਲਡ ਇੰਟਰਪਰਾਈਜ਼"ਨਾਂ ਦਾ ਇਹ ਜ਼ਹਾਜ਼ ਬੈਲਜੀਅਮ ਦੀ ਬੰਦਰਗਾਹ ਤੋਂ ਰਵਾਨਾ ਹੋਣ ਤੋਂ ਛੇਤੀ ਬਾਅਦ ਡੁੱਬ ਗਿਆ ਸੀ। ਇਹ ਘਟਨਾ 6 ਮਾਰਚ ਦੀ ਰਾਤ ਨੂੰ ਵਾਪਰੀ।

ਬੜੇ ਪੈਮਾਨੇ 'ਤੇ ਬੈਲਜ਼ੀਅਮ,ਪੋਲੈਂਡ,ਹਾਲੈਂਡ ਅਤੇ ਬਰਤਾਨੀਆ ਦੇ ਬਚਾਉ ਦਸਤਿਆਂ ਨੇ ਕਾਰਵਾਈ ਆਰੰਭ ਦਿੱਤੀ ਅਤੇ 379 ਲੋਕਾਂ ਨੂੰ ਬਚਾ ਲਿਆ। ਬਰਫ ਵਰਗਾ ਠੰਡਾ ਸਮੁੰਦਰੀ ਪਾਣੀ ਹੋਣ ਕਰਕੇ ਲਾਸ਼ਾਂ ਕੱਢਣ ਵਿਚ ਮੁਸ਼ਕਲ ਪੇਸ਼ ਆ ਰਹੀ ਹੈ। ਹੁਣ ਤੱਕ 60 ਲਾਸ਼ਾਂਕੱਢ ਲੈਣ ਦੀ ਖਬਰ ਮਿਲੀ ਹੈ। ਬ੍ਰਿਟੇਨ ਸਰਕਾਰ ਨੇ ਘਟਨਾ ਦੀ ਮੁਕੰਮਲ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ।

ਇਸੇ ਦੌਰਾਨ ਪਤਾ ਲੱਗਾ ਹੈ ਕਿ ਫੈਰੀ ਦੇ ਅਮਲੇ ਦੇ ਇਕ ਮੈਂਬਰ ਨੇ ਇਸ ਘਟਨਾ ਦੀ ਜ਼ੁੰਮੇਵਾਰੀ ਲਈ ਹੈ। ਜਾਂਚ ਕਰਨ ਵਾਲੇ ਅਧਿਕਾਰੀਆਂ ਨੇ ਉਸਤੋਂ ਪੁੱਛ ਗਿੱਛ ਸ਼ੁਰੂ ਕਥ ਦਿੱਤੀ ਹੈ। ਇਸ ਕਾਮੇ ਦੀ ਜ਼ੁੰਮੇਵਾਰੀ 'ਵਾਟਰ ਟਾਈਟ ਦਰਵਾਜ਼ੇ'ਬੰਦ ਕਰਨ ਦੀ ਸੀ। ਪਤਾ ਲੱਗਾ ਹੈ ਕਿ ਇਹ ਦਰਵਾਜ਼ੇ ਪੂਰੀ ਤਰ੍ਹਾਂ ਬੰਦ ਨਹੀਂ ਸਨ। ਬੈਲਜ਼ੀਅਮ ਦੀ ਬੰਦਰਗਾਹ ਤੋਂ ਚੱਲਣ ਤੋਂ ਛੇਤੀ ਬਾਅਦ ਫੈਰੀ 'ਚ ਪਾਣੀ ਭਰਨਾ ਸ਼ੁਰੂ ਹੋ ਗਿਆ ਅਤੇ ਜ਼ਹਾਜ਼ ਉਲਟ ਗਿਆ। ਜ਼ਹਾਜ਼ ਵਿਚ ਫਸੀਆਂ ਬਾਕੀ ਲਾਸ਼ਾਂ ਨੂੰ ਕੱਢਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਪਾਕਿਸਤਾਨ ਨੂੰ ਫੌਜੀ ਸਹਾਇਤਾ ਦੇਣ ਸੰਬੰਧੀ

# ਅਮਰੀਕਾ ਦੋਚਿੱਤੀ 'ਚ

ਵਾਸ਼ਿੰਗਟਨ:—ਪਾਕਿਸਤਾਨ ਨੂੰ ਹਥਿਆਰਾਂ ਦੀ ਸਪਲਾਈ ਦੇ ਸਬੰਧ ਵਿਚ ਅਮਰੀਕੀ ਪ੍ਰਸ਼ਾਸ਼ਨ ਦੋ ਚਿੱਤੀ ਵਿਚ ਹੈ।

ਰੀਗਨ 'ਤੇ ਦਬਾਉ ਪੈ ਰਿਹਾ ਹੈ ਕਿ ਪਾਕਿਸਤਾਨ ਨੂੰ ਫੌਜੀ ਸਹਾਇਤਾ ਉਦੋਂ ਤੱਕ ਬੰਦ ਰੱਖੀ ਜਾਏ,ਜਦੋਂ ਤੱਕ ਪਾਕਿਸਤਾਨ ਦੇ ਐਟਮੀ ਪ੍ਰੋਗਰਾਮ ਵਾਰੇ ਤਸੱਲੀ ਨਹੀਂ ਹੋ ਜਾਂਦੀ।

ਉਧਰ ਪਾਕਿਸਤਾਨ ਨੇ ਇਨ੍ਹਾਂ ਖਬਰਾਂ ਦੀ ਤਰਦੀਦ ਕੀਤੀ ਹੈ ਕਿ ਉਹ ਐਟਮ ਬੰਬ ਬਣਾ ਰਿਹਾ ਹੈ। ਵਾਈਟ ਹਾਊਸ ਅਤੇ ਕਾਂਗਰਸ ਪਾਕਿਸਤਾਨ ਦੇ ਇਸ ਐਲਾਨ ਨੂੰ ਸ਼ੱਕ ਦੀ ਨਜ਼ਰ ਨਾਲ ਦੇਖ ਰਹੇ ਹਨ।

ਪਾਕਿਸਤਾਨ ਕੋਲ ਐਟਮ ਬੰਬ ਤਿਆਰ ਕਰਨ ਜੋਗਾ ਭਰਪੂਰ ਯੂਰੇਨੀਅਮ ਮੌਜੂਦ ਹੈ। ਕਾਂਗਰਸ ਇਹ ਗੱਲ ਜ਼ੋਰ ਦੇ ਕੇ ਕਹਿ ਰਹੀ ਹੈ ਕਿ ਪਾਕਿਸਤਾਨ ਨੂੰ 4 ਅਰਬ ਡਾਲਰ ਦਾ ਕਰਜ਼ਾ ਅਜੇ ਨਾ ਦਿੱਤਾ ਜਾਵੇ।

ਕਾਂਗਰਸ ਨੇ ਰੀਗਨ ਨੂੰ ਕਿਹਾ ਹੈ ਕਿ ਉਹ ਪਾਕਿਸਤਾਨ ਦੇ ਐਟਮੀ ਪ੍ਰੋਗਰਾਮ ਵਾਰੇ ਪੂਰੀ ਤਸੱਲੀ ਕਰੇ। ਉਧਰ ਅਮਰੀਕਾ ਦੇ ਬਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਜੇ ਇਹ ਸਹਾਇਤਾ ਬੰਦ ਕਰ ਦੇਣ ਦੀ ਧਮਕੀ ਦਿੱਤੀ ਗਈ ਤਾਂ ਅਫਗਾਨਿਸਤਾਨ ਦਾ ਮਸਲਾ ਉਲਝ ਜਾਵੇਗਾ। ਇਕ ਬੁਲਾਰੇ ਅਨੁਸਾਰ ਪਾਕਿਸਤਾਨ ਨੂੰ ਸਹਾਇਤਾ ਜਾਰੀ ਰੱਖਣੀ ਚਾਹੀਦੀ ਹੈ ਜੇ ਇਹ ਰੋਕੀ ਗਈ ਤਾਂ ਇਹ ਦੇਸ਼ ਪ੍ਰਮਾਣੂ ਬੰਬ ਬਣਾਉਣ ਵੱਲ ਵੱਧ ਸਕਦਾ ਹੈ।

## ਪਾਕਿਸਤਾਨ ਵਲੋਂ ਧਮਕੀ

ਉਧਰ ਪਾਕਿਸਤਾਨੀ ਅਧਿਕਾਰੀਆਂ ਨੇ ਐਲਾਨ ਕੀਤਾ ਹੈ ਕਿ ਪਾਕਿਸਤਾਨ ਸ਼ਾਂਤੀਪੂਰਵਕ ਤਰੱਕੀ ਲਈ ਪ੍ਰਮਾਣੂ ਤਜਰਬੇ ਕਰਨੇ ਜਾਰੀ ਰੱਖੇਗਾ ਅਤੇ ਕਿਸੇ ਵੀ ਬਾਹਰਲੇ ਦੇਸ਼ ਦੀਆਂ ਧਮਕੀਆਂ ਅੱਗੇ ਨਹੀਂ ਝੁਕੇਗਾ। ਅਧਿਕਾਰੀਆਂ ਨੇ ਇਹ ਵੀ ਕਿਹਾ ਹੈ ਕਿ ਬਿਜਲੀ ਦੀ ਕਿਸ਼ਤ ਖਤਮ ਕਰਨ ਲਈ ਪ੍ਰਮਾਣੂ ਪਰੋਗਰਾਮ ਬਣਾਇਆ ਜਾ ਰਿਹਾ ਹੈ ਨਾ ਕਿ ਬੰਬ ਬਣਾਉਣ ਲਈ। ਕੁਝ ਦਿਨ ਪਹਿਲਾਂ ਇਕ ਪਾਕਿਸਤਾਨੀ ਸਾਇੰਸਦਾਨ ਨੇ ਭਾਰਤ ਦੇ ਮਸ਼ਹੂਰ ਪੱਤਰਕਾਰ ਕੁਲਦੀਪ ਨਈਅਰ ਨਾਲ ਇਕ ਇੰਟਰਵੀਊ 'ਚ ਇਹ ਗੱਲ ਮੰਨੀ ਸੀ ਕਿ ਪਾਕਿਸਤਾਨ ਨੇ ਐਟਮ ਬੰਬ ਬਣਾ ਲਿਆ ਹੈ। ਇਸ ਖਬਰ ਦੀ ਭਾਰਤ ਦੀ ਪਾਰਲੀਮੈਂਟ 'ਚ ਵੀ ਕਾਫੀ ਚਰਚਾ ਹੋਈ ਸੀ। ਬਾਅਦ ਵਿਚ ਇਸ ਸਾਇੰਸਦਾਨ ਨੇ ਇਸ ਇੰਟਰਵੀਊ 'ਚ ਇਹ ਗੱਲ ਕਹੀ ਹੋਣ ਦੀ ਤਰਦੀਦ ਕਰ ਦਿੱਤੀ।

# ਹਾਂਗਕਾਂਗ ਵਿਚ ਰਹਿ ਰਹੇ ਭਾਰਤੀਆਂਨੂੰ ਕਬੂਲਣ ਤੋਂ ਇਨਕਾਰ

ਨਵੀਂ ਦਿੱਲੀ:—ਭਾਰਤ ਨੇ ਹਾਂਗਕਾਂਗ 'ਚ ਰਹਿ ਰਹੇ ਬਰਤਾਨਵੀ ਪਾਸਪੋਰਟ ਵਾਲੇ ਭਾਰਤੀਆਂ ਨੂੰ ਕਬੂਲਣ ਤੋਂ ਇਨਕਾਰ ਕਰ ਦਿੱਤਾ ਹੈ।

ਰਾਜ ਮੰਤਰੀ ਨਟਵਰ ਸਿੰਘ ਨੇ ਰਾਜ ਸਭਾ ਨੂੰ ਦੱਸਿਆ ਹੈ ਕਿ ਇਨ੍ਹਾਂ ਵਿਅਕਤੀਆਂ ਕੋਲ ਬਰਤਾਨਵੀ ਪਾਸਪੋਰਟ ਹਨ ਅਤੇ ਇਹ ਇੰਗਲੈਂਡ 'ਚ ਰਹਿਣ ਦੇ ਹੱਕਦਾਰ ਹਨ। ਇਨ੍ਹਾਂ ਦੀ ਗਿਣਤੀ ਲੱਗਭੱਗ 4500 ਹੈ।

1997 ਤੋਂ ਬਾਅਦ ਹਾਂਗਕਾਂਗ ਪਹਿਲੀ ਸੰਧੀ ਅਨੁਸਾਰ ਚੀਨ ਦੇ ਹਵਾਲੇ ਹੋ ਜਾਣਾ ਹੈ। ਹਾਂਗਕਾਂਗ 'ਚ ਰਹਿ ਰਹੇ ਭਾਰਤੀ ਬੜੀ ਮੁਸ਼ਕਲ ਵਿਚ ਹਨ। ਉਹ ਬੜੇ ਚਿਰ ਤੋਂ ਉਥੇ ਵਸੇ ਹੋਏ ਹਨ ਅਤੇ ਉਨ੍ਹਾਂ ਕੋਲ ਬਰਤਾਨਵੀ ਨਾਗਰਿਕਤਾ ਹੈ। ਪਰ ਇੰਗਲੈਂਡ ਉਨ੍ਹਾਂ ਨੂੰ ਮਨਜ਼ੂਰ ਕਰਨ ਨੂੰ ਤਿਆਰ ਨਹੀਂ,ਇੰਗਲੈਂਡ ਪਹਿਲਾਂ ਹੀ ਇਹ ਐਲਾਨ ਕਰ ਚੁੱਕਾ ਹੈ ਕਿ ਇਹ ਲੋਕ ਭਾਰਤੀ ਮੂਲ ਦੇ ਹੋਣ ਕਰਕੇ ਭਾਰਤ ਜਾਣ ਦੇ ਹੱਕਦਾਰ ਹਨ।

ਦੋਹਾਂ ਦੇਸ਼ਾਂ ਵਲੋਂ ਕਬੂਲਣ ਤੋਂ ਇਨਕਾਰ ਕਰਨ 'ਤੇ ਇਹ ਲੋਕ ਬੜੀ ਮੁਸੀਬਤ ਵਿਚ ਫਸੇ ਹੋਏ ਹਨ।

# ਮਜ਼ਦੂਰ ਨੇਤਾ ਕਤਲ

**ਬੰਬਈ:—ਬੰਬਈ 'ਚ ਬੰਦੂਕ ਧਾਰੀਆਂ ਨੇ ਇਕ ਥਾਣੇ 'ਤੇ ਹਮਲਾ ਕਰਕੇ ਇਕ ਮਜ਼ਦੂਰ ਨੇਤਾ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ।**

ਖਬਰਾਂ ਅਨੁਸਾਰ ਮੋਦੀ ਮਜ਼ਦੂਰ ਯੂਨੀਅਨ ਦੇ ਇਸ ਨੇਤਾ ਨੂੰ ਇਕ ਕਤਲ ਦੇ ਕੇਸ ਵਿਚ ਥਾਣੇ ਵਿਚ ਬੰਦ ਕੀਤਾ ਗਿਆ ਸੀ। 6 ਮਾਰਚ ਨੂੰ ਬੰਦੂਕਧਾਰੀ ਥਾਣੇ 'ਚ ਜਬਰਦਸਤੀ ਦਾਖਲ ਹੋ ਗਏ ਅਤੇ ਗੋਲੀ ਚਲਾਉਣੀ ਸੁਰੂ ਕਰ ਦਿੱਤੀ। ਉਨ੍ਹਾਂ ਨੇ ਬੰਬ ਵੀ ਸੁੱਟੇ। ਮੋਦੀ ਮਜ਼ਦੂਰ ਨੇਤਾ ਦੀ ਥਾਂ 'ਤੇ ਹੀ ਮੌਤ ਹੋ ਗਈ। ਇਸ ਘਟਨਾ 'ਚ 6 ਪੁਲਸੀਏ ਵੀ ਜ਼ਾਰੇ ਗਏ ਜ਼ਖਮੀ ਹੋ ਗਏ। ਬਾਅਦ ਵਿਚ ਹਮਾਲਾਵਰ ਦੌੜਣ 'ਚ ਸਫਲ ਹੋ ਗਏ।

PIZZA 222
222 IS # 1
Pizza 222 is 2 FOR 1



ORDER 2 PAY FOR 1
EVERY DAY
THIS OFFER APPLIES TO ALL LARGE,MEDIUM OR SMALL PIZZAS ON MENU
ਫੋਨ ਕਰੋ:222-2222

ਪੀਜ਼ਾ
222
ਦੇ ਸਟੋਰਾਂ ਵਿਚ Low Fat ਮੀਟ, ਅਸਲੀ ਚੀਜ਼ (cheese) ਤੇ ਤਾਜ਼ੀਆਂ ਸਬਜ਼ੀਆਂ ਹੀ ਵਰਤੀਆਂ ਜਾਂਦੀਆਂ ਹਨ

ਤੁਹਾਡੇ ਕਹਿਣ ਤੇ ਪੰਜਾਬੀ ਵਿਚ ਵੀ ਆਰਡਰ ਲਿਆ ਜਾ ਸਕਦਾ ਹੈ

ਭਾਰਤੀ ਕਮਿਊਨਿਟੀ ਦੇ ਸਭ ਤੋਂ ਮਨਪਸੰਦ ਪੀਜ਼ੇ
ਹੇਠ ਲਿਖੇ ਹਨ

1. 222 Special (222 ਸਪੈਸ਼ਲ)
Cheese, Tomato Sauce, Pepperoni, Mushroom, Onions, Green Peppers and Ham. (Extra hot upon request)

2. 222 Vegetarian (ਵੈਜੀਟੇਰੀਅਨ)
(Cheese, Tomato Sauce, Mushrooms, Green Peppers, Onions Pineapple, Olives, Tomatoes)

Hot ਪੀਜ਼ੇ ਲਈ ਵੀ ਤੁਸੀਂ ਆਰਡਰ ਕਰ ਸਕਦੇ ਹੋ
ਤੁਹਾਡੀ ਸੇਵਾ ਲਈ 17 ਸਟੋਰ

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ । ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।
Ph. 581-4473

# ਪੰਜਾਬ ਵਿਚ ਸਿਆਸੀ ਪਾਰਟੀਆਂ ਦਾ ਰੋਲ

ਖਾਲਿਸਤਾਨੀ ਅਖਬਾਰਾਂ ਦਾ ਰੋਲ ਵਿਦੇਸ਼ੀ ਪੰਜਾਬੀ ਲਈ ਗੋਰਖਧੰਦਾ ਹੈ। ਉਹ ਕਿਸੇ ਵੀ ਨੁਕਤੇ ਉਤੇ ਸਥਿਰ ਦ੍ਰਿਸ਼ਟੀਕੋਣ ਦੀਆਂ ਧਾਰਨੀ ਨਹੀਂ ਹਨ ਕਿਉਂਕਿ ਉਨ੍ਹਾਂ ਦਾ ਵਜੂਦ ਵਿਦੇਸ਼ੀ ਖਾਲਿਸਤਾਨੀਆਂ ਦੇ ਵੱਖ ਵੱਖ ਧੜਿਆਂ ਅਤੇ ਵਿਸ਼ੇਸ਼ ਵਿਅਕਤੀਆਂ ਦੀਆਂ ਧਾਰਨਾਵਾਂ ਉਤੇ ਆਧਾਰਤ ਹੈ । ਉਹ ਕੇਵਲ ਪੰਜਾਬੀ ਪਾਠਕਾਂ ਨੂੰ ਹੀ ਭੰਬਲਭੂਸੇ ਵਿਚ ਨਹੀਂ ਪਾ ਰਹੀਆਂ ਸਗੋਂ ਸਿੱਖ ਧਰਮ ਦੇ ਪੈਰੋਕਾਰਾਂ ਨੂੰ ਵੀ ਹਨੇਰੇ ਵਿਚ ਰੱਖਣ ਦੀ ਕੋਸ਼ਿਸ਼ ਕਰਦੀਆਂ ਹਨ । ਇਨ੍ਹਾਂ ਅਖਬਾਰਾਂ ਦੀ ਹੋਂਦ ਦਾ ਆਧਾਰ ਹੀ ਫਿਰਕੂ ਪ੍ਰਚਾਰ ਹੈ ਇਸ ਲਈ ਪੰਜਾਬ ਵਿਚ ਹੋ ਰਹੀ ਸਿਆਸੀ ਉਥਲ ਪੁਥਲ ਨੂੰ ਇਹ ਫਿਰਕੂ ਰੰਗਤ ਦੇ ਕੇ ਹੀ ਪ੍ਰਚਾਰ ਰਹੀਆਂ ਹਨ ਅਤੇ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਦੂਜੀਆਂ ਸਿਆਸੀ ਪਾਰਟੀਆਂ ਦੇ ਰੋਲ ਦੀ ਅਹਿਮੀਅਤ ਨੂੰ ਵੀ ਘਟਾ ਕੇ ਦਰਸਾਉਣ ਵਿਚ ਹੀ ਇਨ੍ਹਾਂ ਦਾ ਹਿਤ ਹੈ।

ਵਿਦੇਸ਼ੀ ਪੰਜਾਬੀ ਪਾਠਕਾਂ ਨੂੰ ਇਸ ਭੁਲੇਖੇ ਵਿਚ ਵੀ ਨਹੀਂ ਰਹਿਣਾ ਚਾਹੀਦਾ ਕਿ ਪੰਜਾਬ ਵਿਚ ਖਾਲਿਸਤਾਨੀ ਦਹਿਸ਼ਤਗਰਦੀ ਦਾ ਸ਼ਿਕਾਰ ਕੇਵਲ ਕਾਂਗਰਸੀ ਹੀ ਹਨ ਕਿਉਂਕਿ ਦਹਿਸ਼ਤਗਰਦਾਂ ਦੀ ਟੱਕਰ ਕੇਂਦਰ ਸਰਕਾਰ ਨਾਲ ਹੈ । ਪੰਜਾਬ ਵਿਚ ਕੁੱਝ ਕੁ ਕਾਂਗਰਸੀਆਂ ਦੇ ਕਤਲਾਂ ਨੂੰ ਛੱਡ ਕੇ ਬਾਕੀ ਕਤਲ ਸ਼੍ਰੋਮਣੀ ਅਕਾਲੀ ਦਲ ਦੇ ਲੀਡਰਾਂ,ਅਗਾਂਹਵਧੂ ਪਾਰਟੀਆਂ ਦੇ ਲੀਡਰਾਂ ਅਤੇ ਸਾਧਾਰਨ ਲੋਕਾਂ ਦੇ ਹੋ ਰਹੇ ਹਨ । ਖਾਲਿਸਤਾਨੀ ਦਹਿਸ਼ਤਗਰਦਾਂ ਦਾ ਮੁੱਖ ਨਿਸ਼ਾਨਾ ਕਾਂਗਰਸੀ ਨਹੀਂ ਹਨ ਸਗੋਂ ਉਹ ਲੋਕ ਹਨ ਜੋ ਪੰਜਾਬੀਅਤ ਦੇ ਹਾਮੀ ਹਨ—ਦੇਸ਼ ਦੀ ਏਕਤਾ ਦੇ ਮੁਦਈ ਹਨ ਅਤੇ ਜੋ ਸੂਬਿਆਂ ਲਈ ਵੱਧ ਅਧਿਕਾਰਾਂ ਦੀ ਗੱਲ ਕਰਦੇ ਹਨ

ਇਸ ਸਮੇਂ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਇਕ ਪਲੇਟਫਾਰਮ ਉਤੇ ਖੜ੍ਹਕੇ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚ ਜਲਸੇ ਕਰਕੇ ਪੰਜਾਬ ਦੇ ਲੋਕਾਂ ਨੂੰ ਹੋਕਾ ਦੇ ਰਹੀਆਂ ਹਨ ਕਿ ਕੇਂਦਰ ਸਰਕਾਰ ਦੀਆਂ ਚਾਲਾਂ ਅਤੇ ਵਿਦੇਸ਼ੀ ਚਾਲਾਂ ਤੋਂ ਬਚੋ ਅਤੇ ਪੰਜਾਬੀਆਂ ਦੇ ਏਕੇ ਨਾਲ ਪੰਜਾਬ ਦੀਆਂ ਮੰਗਾਂ ਮੰਨਵਾਉਣ ਲਈ ਕੇਂਦਰ ਸਰਕਾਰ ਨੂੰ ਮਜਬੂਰ ਕਰੋ ਕਿ ਉਹ ਪੰਜਾਬੀਆਂ ਦੀਆਂ ਹੱਕੀ ਮੰਗਾਂ ਮੰਨੇ ।

ਪੰਜਾਬੀਆਂ ਦੀ ਏਕਤਾ ਨੇ ਹੀ ਪੰਜਾਬੀ ਸੂਬਾ ਬਣਾਇਆ ਸੀ ਜਦੋਂ ਕਿ ਇਕੱਲੇ ਅਕਾਲੀ ਤੀਹ ਸਾਲ ਮੋਰਚੇ ਲਾ ਕੇ ਵੀ ਪੰਜਾਬੀ ਸੂਬਾ ਨਹੀਂ ਸਨ ਬਣਾ ਸਕੇ । ਹੁਣ ਵੀ ਇਹ ਹਾਲਾਤ ਪੈਦਾ ਹੋ ਰਹੇ ਹਨ ਕਿ ਸਾਰੀਆਂ ਪਾਰਟੀਆਂ ਦਹਿਸ਼ਤਗਰਦੀ ਵਿਰੁੱਧ ਉਠ ਖੜੀਆਂ ਹੋਈਆਂ ਹਨ ਅਤੇ ਜਾਗੀਰਦਾਰ-ਸਰਮਾਏਦਾਰ ਟੋਲਿਆਂ ਦਾ ਫਿਰਕੂ ਆਧਾਰ ਖੁਰਨਾ ਸ਼ੁਰੂ ਹੋ ਗਿਆ ਹੈ। ਪੰਜਾਬੀਆਂਨੂੰ ਦਹਿਸ਼ਤਗਰਦੀ ਤੋਂ ਨਿਯਾਤਅਮਰਿੰਦਰ ਸਿੰਘ ਵਰਗੇ ਰਜਵਾੜੇ,ਬਾਦਲ ਵਰਗੇ ਜਾਗੀਰਦਾਰ,ਰਵੀਇੰਦਰ ਸਿੰਘ ਵਰਗੇ ਅਕਾਲੀ ਸਫਾਂ ਵਿਚ ਛੁਪੇ ਕਾਂਗਰਸੀ ਨਹੀਂ ਦਿਵਾ ਸਕਦੇ। ਇਹ ਲੋਕ ਤਾਂ ਇਕ ਦਿਨ ਖੱਖੜੀਆਂ ਹੋ ਰਹੇ ਦਹਿਸ਼ਤਗਰਦ ਟੋਲਿਆਂ ਦੀ ਆਖਰੀ ਪਨਾਹ ਹਨ। ਪੰਜਾਬ ਦੇ ਲੋਕ ਦਹਿਸ਼ਤਗਰਦੀ ਤੋਂ ਮੁਕਤੀ ਤਾਂ ਹੀ ਪ੍ਰਾਪਤ ਕਰ ਸਕਣਗੇ ਜੇ ਸਮੁੱਚੇ ਪੰਜਾਬੀਆਂ ਵਿਚ ਏਕਤਾ ਪੈਦਾ ਕਰਕੇ ਕੇਂਦਰ ਸਰਕਾਰ ਵਿਚ ਭਾਰੂ ਫਿਰਕਾਪ੍ਰਸਤੀ ਅਨਸਰ ਨੂੰ ਪੰਜਾਬੀਆਂ ਨਾਲ ਇਨਸਾਫ ਕਰਨ ਲਈ ਮਜਬੂਰ ਕਰ ਸਕਣ ।

# ਪੰਜਾਬ ਦੇ ਸਮਾਜਿਕ ਵਿਗਾੜ ਦਾ ਆਰਥਿਕ ਆਧਾਰ

ਡਾ. ਨਿਰਮਲ ਸਿੰਘ ਆਜ਼ਾਦ

ਪੰਜਾਬ ਦੇ ਤਲਖ ਤੇ ਤਸ਼ੱਦਦ ਭਰੇ ਮਾਹੌਲ ਨੂੰ ਅਤੇ ਇਸ ਵਿਚਲੀ ਸਮਾਜਿਕ ਬੇਚੈਨੀ ਤੇ ਸਿਆਸੀ ਅਸਥਿਰਤਾ ਨੂੰ ਸਮਝਣ ਲਈ ਉਨ੍ਹਾਂ ਵਿਰੋਧਤਾਈਆਂ ਨੂੰ ਜਾਨਣਾ ਜ਼ਰੂਰੀ ਹੈ ਜੋ ਤਾਸੀਰ ਵਜੋਂ ਆਰਥਿਕ ਹਨ ਇਸ ਸਥਿਤੀ ਦੇ ਧਾਰਮਿਕ,ਸਭਿਆਚਾਰਕ,ਇਤਿਹਾਸਕ,ਸਮਾਜਿਕ ਅਤੇ ਸਿਆਸੀ ਕਾਰਨ ਵੀ ਹਨ। ਪਰ ਇਨ੍ਹਾਂ ਪੱਖਾਂ ਦੀ ਅਹਿਮੀਅਤ ਵੀ ਤਾਂ ਹੀ ਸਮਝੀ ਜਾ ਸਕਦੀ ਹੈ ਜੇਕਰ ਪਿਛਲੇ ਸਮੇਂ 'ਚ ਪੰਜਾਬੀ ਸਮਾਜ ਦੇ ਆਰਥਿਕ ਜੀਵਨ ਵਿਚ ਹੋਈਆਂ ਤਬਦੀਲੀਆਂ ਅਤੇ ਇਨ੍ਹਾਂ ਦੇ ਸਭਿਆਚਾਰਕ ਤੇ ਸਮਾਜਿਕ ਪ੍ਰਭਾਵਾਂ ਨੂੰ ਦੇਖਿਆ ਜਾਵੇ । ਜੋ ਵਿਰੋਧਤਾਈਆਂ ਸਮਾਜਿਕ ਉਸਾਰ ਦੀ ਪੱਧਰ 'ਤੇ ਹਨ ਉਨ੍ਹਾਂ ਦਾ ਆਧਾਰ,ਉਨ੍ਹਾਂ ਲਈ ਜ਼ਮੀਨ ਆਰਥਿਕ ਵਿਕਾਸ ਨੇ,ਇਸਦੇ ਪੈਦਾਵਾਰੀ ਵੇਗ ਅਤੇ ਅਮਲ ਨੇ ਹੀ ਤਿਆਰ ਕੀਤੀ ਹੈ। ਸੋ,ਇਹ ਸਮਝਣਾ ਚਾਹੀਦਾ ਹੈ ਕਿ ਪੰਜਾਬ ਦੇ ਆਰਥਿਕ ਵਿਕਾਸ ਦੇ ਸਾਰੇ ਦੌਰ ਵਿਚ ਵਿਗਾੜ ਕਿਥੇ,ਕਿਵੇਂ ਅਤੇ ਕਿਉਂ ਪਿਆ ? ਇਸਤੋਂ ਉਪਜੀ ਸਮਾਜਿਕ ਮਾਨਸਿਕਤਾ ਕਿਵੇਂ ਤਿੜਕੀ ਅਤੇ ਟੁੱਟੀ ਫੁੱਟੀ ਹੈ ?

## ਵਿਕਾਸ ਦਾ ਸੰਦਰਭ

ਪੰਜਾਬ ਦੇ ਆਰਥਿਕ ਵਿਕਾਸ ਦਾ ਲੇਖਾ-ਜੋਖਾ ਭਾਰਤ ਦੀ ਆਰਥਿਕਤਾ ਦੇ ਸੰਦਰਭ ਵਿਚ ਹੀ ਕੀਤਾ ਜਾਣਾ ਚਾਹੀਦਾ ਹੈ। ਭਾਰਤ ਇਕ ਬਹੁ-ਕੌਮੀ ਦੇਸ਼ ਹੈ । ਇਹ ਵੱਧ ਜਾਂ ਘੱਟ ਵਿਕਸਤ ਕੌਮਾਂ ਦਾ ਇਕ ਸੰਘ ਹੀ ਹੈ । ਭਾਰਤੀ ਸਰਮਾਏਦਾਰੀ ਭਾਰਤ ਦੀਆਂ ਅਨੇਕਾਂ ਕੌਮੀਅਤਾਂ ਵਿਚੋਂ ਕਿਸੇ ਇਕ ਦੀ ਸਮੁੱਚੀ ਸਰਮਾਏਦਾਰੀ ਐਸੋਸ਼ੀਏਸ਼ਨ ਹੈ। ਇਹ ਵੱਡੀ ਅਜ਼ਾਰੇਦਾਰ ਸਰਮਾਏਦਾਰ ਅਸਲ ਵਿਚ ਸੁਪਰ-ਨੈਸ਼ਨਲ ਸਰਮਾਏਦਾਰੀ ਹੈ ਇਸਨੇ ਆਪਣੀ ਆਰਥਿਕ-ਸਮਾਜਿਕ ਯੋਜਨਾਬੰਦੀ ਅਤੇ ਕੰਟਰੋਲ ਦੀ ਨੀਤੀ ਰਾਹੀਂ ਉਨ੍ਹਾਂ ਪ੍ਰਾਂਤਾਂ ਜਿਥੇ ਕੌਮੀ ਸਰਮਾਏਦਾਰੀ ਦੇ ਉਭਰਨ ਦਾ ਅੰਦੇਸ਼ਾ ਸੀ ਉਪਰ ਬਸਤੀਵਾਦੀ ਪੈਂਤੜੇ ਦਾ ਕੰਟਰੋਲ ਕਾਇਮ ਕੀਤਾ ਹੋਇਆ ਹੈ । ਇਸ ਲਈ ਕੇਂਦਰੀ ਹਕੂਮਤ ਨੇ ਪਬਲਿਕ ਖੇਤਰ,ਸਰਮਾਏ ਅਤੇ ਵਿਕਾਸ ਨੀਤੀਆਂ ਉਪਰ ਕੇਂਦਰੀ ਕੰਟਰੋਲ ਨੂੰ ਇਕ ਹਥਿਆਰ ਵਜੋਂ ਵਰਤਿਆ ਹੈ । ਕੇਂਦਰੀ ਸਰਮਾਏਦਾਰੀ ਦੇ ਪ੍ਰਾਂਤਿਕ/ਸਥਾਨਿਕ ਸਰਮਾਏਦਾਰੀਆਂ ਨਾਲ ਸੰਬੰਧ ਲੁੱਟ-ਖਸੁੱਟ ਵਿਚ ਸਾਂਝ ਭਿਆਲੀ ਦੇ ਵੀ ਹਨ ਅਤੇ ਇਸ ਮਸਲੇ 'ਤੇ ਟਕਰਾਅ ਦੇ ਵੀ ਹਨ ।

## ਸੱਨਅਤੀ ਆਰਥਿਕਤਾ

ਪੰਜਾਬ ਦਾ ਸੱਨਅਤੀ ਅਰਥਚਾਰਾ ਅਤੇ ਇਸ ਦਾ ਪੈਦਾਵਾਰੀ ਢਾਂਚਾ ਵਿਕਾਸ ਦੀ ਬਿਲਕੁਲ ਮੁਢਲੀ ਪੱਧਰ 'ਤੇ ਹੈ। ਜ਼ਿਆਦਾ ਸੱਨਅਤੀ ਇਕਾਈਆਂ ਆਕਾਰ ਵਿਚ ਅਤੇ ਰੁਜ਼ਗਾਰ ਪੱਖੋਂ ਬਹੁਤ ਹੀ ਛੋਟੇ ਪੱਧਰ ਦੀਆਂ ਹਨ । ਬਹੁਤੀਆਂ ਸੱਨਅਤੀ ਇਕਾਈਆਂ ਗੈਰ-ਰਜਿਸਟਰਡ ਹਨ। ਇਨ੍ਹਾਂ ਵਿਚ 1971-81 ਦੌਰਾਨ ਪੰਜਾਬ ਦੀ ਕੁੱਲ ਸੱਨਅਤੀ ਲੇਬਰ ਦਾ 60 ਫੀ ਸਦੀ ਹਿਸਾ ਲੱਗਿਆ ਹੋਇਆ ਸੀ ਅਤੇ ਸੱਨਅਤੀ ਪੈਦਾਵਾਰ ਦਾ 45 ਫੀਸਦੀ ਹਿਸਾ ਪੈਦਾ ਕੀਤਾ ਜਾਂਦਾ ਸੀ। ਪਿਛਲੇ ਦਹਾਕੇ 'ਚ ਕੁੱਲ ਮਜ਼ਦੂਰਾਂ ਦੀ ਗਿਣਤੀ ਅਤੇ ਅਨੁਪਾਤ ਪੱਖੋਂ ਰਤਾ ਕੁ ਵੱਡੇ ਆਕਾਰ ਦੀਆਂ ਸੱਨਅਤੀ ਇਕਾਈਆਂ 'ਚ ਵਾਧਾ ਹੋਇਆ ਹੈ। ਪਰ ਫਿਰ ਵੀ ਛੋਟੇ ਆਕਾਰ ਦੀਆਂ ਇਕਾਈਆਂ ਦੀ ਅਹਿਮੀਅਤ ਪੰਜਾਬ ਦੇ ਸੱਨਅਤੀ ਅਰਥਚਾਰੇ 'ਚ ਬਣੀ ਰਹੀ ਹੈ ।

ਖੇਤੀ-ਅਰਥਚਾਰੇ ਦੇ ਵਿਕਾਸ ਕਰ ਕੇ ਪੰਜਾਬ ਦੇ ਲੋਕਾਂ ਦੀ ਵਧੀ ਖਰੀਦ ਸ਼ਕਤੀ ਨੇ ਇਥੇ ਸਨਅਤੀ ਵਿਕਾਸ 'ਚ ਵਾਧਾ ਨਹੀਂ ਕੀਤਾ। ਇਕ ਪਾਸੇ ਤਾਂ ਪੰਜਾਬ ਦੇ ਲੋਕਾਂ ਦੀ ਖਰੀਦ—ਸ਼ਕਤੀ ਦਾ ਜ਼ਿਆਦਾ ਹਿਸਾ ਪੰਜਾਬੋਂ ਬਾਹਰ ਪੈਦਾ ਹੁੰਦੀਆਂ ਸਨੱਅਤੀ ਜਿਣਸਾਂ 'ਤੇ ਖਰਚ ਹੋ ਰਿਹਾ ਹੈ,ਦੂਜੇ ਪਾਸੇ ਪੰਜਾਬ ਵਿਚ ਅਜਿਹੇ ਸਨੱਅਤੀ ਅਦਾਰੇ ਵੀ ਹਨ ਜੋ ਪੰਜਾਬ ਦੀ ਅੰਦਰੂਨੀ ਮੰਗ ਨੂੰ ਪੂਰਾ ਨਹੀਂ ਕਰਦੇ। ਰਸਾਇਣਕ ਖਾਦਾਂ ਦੀ ਖਪਤ ਸਵਾ ਲੱਖ ਟਨ ਦੀ ਹੈ ਪਰ ਇਨ੍ਹਾਂ ਦਾ ਹਿਸਾ ਪੰਜਾਬ ਤੋਂ ਬਾਹਰੋਂ ਹੀ ਖਰੀਦਣਾ ਪੈਂਦਾ ਹੈ। ਇਵੇਂ ਹੀ ਪੰਜਾਬ 'ਚ ਵਰਤੇ ਜਾਂਦੇ ਇਕ ਲੱਖ ਤੀਹ ਹਜ਼ਾਰ ਟਰੈਕਟਰਾਂ ਵਿਚੋਂ ਬਹੁਤੇ ਬਾਹਰੋਂ ਹੀ ਖਰੀਦੇ ਗਏ ਹਨ । ਤੀਜੇ ਅਜਿਹੇ ਅਦਾਰੇ ਵੀ ਹਨ (ਜਿਵੇਂ ਕਿ ਹੌਜ਼ਰੀ,ਸੂਤੀ ਕੱਪੜਾ,ਖੇਡਾਂ ਦਾ ਸਾਮਾਨ ਆਦਿ ਦੇ)ਜੋ ਆਪਣੀ ਪੈਦਾਵਾਰ ਦਾ ਜ਼ਿਆਦਾ ਹਿਸਾ ਪੰਜਾਬੋਂ ਬਾਹਰ ਹੀ ਵੇਚਦੇ ਹਨ । ਚੌਥੇ,ਪੰਜਾਬ ਦੀਆਂ ਕੁੱਲ ਅਹਿਮ ਸਨੱਅਤਾਂ (ਜਿਵੇਂ ਕਿ ਊਨੀ ਕੱਪੜੇ,ਵੂਲਨ ਟੈਕਸਟਾਈਲਜ਼,ਹੌਜ਼ਰੀ,ਸਟੀਲ ਰੀ-ਰੋਲਿੰਗ,ਸਾਈਕਲ,ਸਿਲਾਈ ਮਸ਼ੀਨ,ਖੇਤੀ-ਸੰਦ,ਲਾਈਟ ਇੰਜਨੀਅਰਿੰਗ ਆਦਿ) ਪੰਜਾਬ ਤੋਂ ਬਾਹਰੋਂ ਖਰੀਦ ਕੱਚੇ ਮਾਲ 'ਤੇ ਹੀ ਨਿਰਭਰ ਕਰਦੀਆਂ ਹਨ । ਪੰਜਵੇਂ,ਪੰਜਾਬ 'ਚ ਹੀ ਪੈਦਾ ਹੁੰਦੇ ਕੱਚੇ ਮਾਲ ਨੂੰ ਵਰਤਦੀਆਂ ਸਨੱਅਤਾਂ ਦੀ ਘਾਟ ਹੈ । ਕੁਝ ਕੁ ਹੀ ਅਜਿਹੀਆਂ ਇਕਾਈਆਂ ਹਨ ਜਿਵੇਂ ਕਿ ਗੰਨੇ,ਕਪਾਹ ਵੇਲਣ,ਝੋਨਾ ਛੜਨ ਆਦਿ ਦੀਆਂ। ਛੇਵੇਂ,ਦਰਮਿਆਨੀ ਤੇ ਵੱਡੀ ਪੱਧਰ ਦੇ ਸਨਅਤੀ ਅਦਾਰਿਆਂ ਵਿਚ ਕਾਫੀ ਵੱਡੀ ਗਿਣਤੀ ਵਿਚ ਗੈਰ-ਪੰਜਾਬੀ ਲੇਬਰ ਨੂੰ ਲਗਾਇਆ ਗਿਆ ਹੈ ।

ਪੰਜਾਬ ਵਿਚੋਂ ਬੈਂਕਾਂ ਨੇ,ਜਿਸ ਸਫਲਤਾ ਨਾਲ ਧਨ ਇਕੱਠਾ ਕੀਤਾ ਉਸ ਹੱਦ ਤੱਕ ਕਰਜ਼ੇ ਨਹੀਂ ਦਿੱਤੇ। ਜਮ੍ਹਾਂ ਕਰਾਏ ਧਨ ਅਤੇ ਦਿੱਤੇ ਕਰਜ਼ੇ ਦੀ ਅਨੁਪਾਤ ਪੰਜਾਬ ਵਿਚ ਹੋਰਨਾਂ ਪ੍ਰਾਂਤਾਂ ਦੇ ਮੁਕਾਬਲੇ 'ਚ ਬਹੁਤ ਘੱਟ ਹੈ । ਇਹ ਅਨੁਪਾਤ ਪੰਜਾਬ 'ਚ ਸਿਰਫ 40 ਫੀਸਦੀ ਤਕ ਹੀ ਹੈ। ਜਦੋਂ ਕਿ ਹਰਿਆਣੇ 'ਚ 62 ਅਤੇ ਸਮੁੱਚੇ ਭਾਰਤ 'ਚ 70 ਫੀਸਦੀ। ਇਵੇਂ ਪੰਜਾਬ 'ਚੋਂ ਇਕੱਠਾ ਕੀਤਾ ਬੈਂਕ ਸਰਮਾਇਆ ਭਾਰੀ ਮਾਤਰਾ ਵਿਚ ਪੰਜਾਬੋਂ ਬਾਹਰ ਦੇ ਆਰਥਿਕ ਕੰਮਾਂ 'ਚ ਲਗਦਾ ਰਿਹਾ ਹੈ। ਸਨਅਤੀ ਵਿਕਾਸ ਲਈ ਕੇਂਦਰੀ ਹਕੂਮਤ ਦੁਆਰਾ ਪ੍ਰਾਂਤਾਂ ਨੂੰ ਦਿੱਤੀ ਰਕਮ ਦੇ ਖੇਤਰ ਵਿਚ ਵੀ ਪੰਜਾਬ ਨੂੰ ਇਸਦਾ ਯੋਗ ਹਿਸਾ ਨਹੀਂ ਮਿਲਿਆ । ਅਜਿਹੀ ਕੁੱਲ ਰਕਮ 'ਚੋਂ ਪੰਜਾਬ ਨੂੰ ਮਿਲਿਆ ਹਿਸਾ 1975 ਤੱਕ ਇਕ ਫੀਸਦੀ ਸੀ ਅਤੇ ਹੁਣ ਵੀ ਦੋ ਫੀਸਦੀ ਤੱਕ ਹੀ ਹੈ। ਪੰਜਾਬ 'ਚ ਕੇਂਦਰ ਵਲੋਂ ਦਿੱਤੇ ਹਥਲੇ ਪ੍ਰੋਜੈਕਟਾਂ ਦੀ ਗਿਣਤੀ ਵੀ ਨਿਗੂਣੀ ਹੈ,ਦੋ ਦਰਜਨ ਤੋਂ ਵੀ ਘੱਟ ਜਦੋਂ ਕਿ ਮਹਾਂਰਾਸ਼ਟਰਾ 'ਚ ਇਹ ਦੋ ਸੌ ਦੇ ਲੱਗਭੱਗ ਅਤੇ ਯੂ.ਪੀ.ਤੇ ਬੰਗਾਲ ਵਿਚ ਸੌ-ਸੌ ਤੋਂ ਵੀ ਜ਼ਿਆਦਾ ਹੈ । ਕੇਂਦਰ ਵਲੋਂ ਪਬਲਿਕ ਖੇਤਰ ਦੀਆਂ ਬਹੁਤ ਘੱਟ ਸਨਅਤਾਂ ਪੰਜਾਬ 'ਚ ਸਥਾਪਤ ਕੀਤੀਆਂ ਗਈਆਂ । ਪੰਜਾਬ 'ਚ ਪਬਲਿਕ ਖੇਤਰ ਦੀਆਂ ਸਨਅਤੀ ਇਕਾਈਆਂ ਦਾ ਆਕਾਰ ਵੀ ਛੋਟਾ ਹੈ ਅਤੇ ਇਨ੍ਹਾਂ ਦਾ ਕੁੱਲ ਸਨਅਤੀ ਰੁਜ਼ਗਾਰ ਵਿਚ ਹਿਸਾ ਵੀ ਨਾਮਾਤਰ ਹੀ ਹੈ । ਇਸ ਪ੍ਰਾਂਤ ਦੀ ਕੁੱਲ ਸਨਅਤੀ ਲੇਬਰ ਦਾ ਸਿਰਫ 11 ਫੀਸਦੀ ਭਾਗ ਹੀ ਪਬਲਿਕ ਖੇਤਰ ਵਿਚ ਲੱਗਾ ਹੈ ਜਦੋਂ ਕਿ ਭਾਰਤ ਵਿਚ ਇਹ ਭਾਗ 25 ਫੀਸਦੀ ਦੇ ਲੱਗਭੱਗ ਹੈ।

ਪੰਜਾਬ ਦੀ ਵਿਕਸਤ ਖੇਤੀ ਅਤੇ ਪਛੜੇ ਸਨਅਤੀਕਰਨ ਵਾਲੀ ਲੰਗੜੀ ਆਰਥਿਕਤਾ ਨੂੰ ਵੀ ਹੁਣ ਕਾਇਮ ਰੱਖਣਾ ਮੁਸ਼ਕਲ ਹੈ। 'ਹਰੇ ਇਨਕਲਾਬ'ਦੀ ਖੇਤੀ ਦੀ ਜੁਗਤ ਨਾਲ ਜੋ ਵਾਧਾ ਖੇਤੀ ਦੀ ਪੈਦਾਵਾਰ ਤੇ ਆਮਦਨ ਵਿਚ ਹੋਇਆ ਉਹ ਹੁਣ ਘੱਟ ਰਿਹਾ ਹੈ । ਖੇਤੀ ਦੀਆਂ ਜਿਣਸਾਂ ਦੀਆਂ ਕੀਮਤਾਂ,ਖੇਤੀ 'ਚ ਵਰਤੇ ਜਾਂਦੇ ਪਰ ਸਨਅਤਾਂ ਰਾਹੀਂ ਬਣਦੇ ਸੰਦ-ਸਾਧਨਾਂ ਦੇ ਮੁਕਾਬਲੇ 'ਚ ਘੱਟ ਤੇਜ਼ੀ ਨਾਲ ਵਧਦੀਆਂ ਹਨ। ਖੇਤੀ ਦੀ ਅਹਿਮ ਜਿਣਸ ਅਨਾਜ ਦੀ ਮੰਗ ਇਕ ਹੱਦ ਤੋਂ ਬਾਅਦ ਘੱਟ ਜਾਂਦੀ ਹੈ। ਕੁਝ ਕੁ ਹਾਲਤਾਂ (ਜਿਵੇਂ ਕਿ ਤੇਲ ਦੇ ਅਥਾਹ ਭੰਡਾਰ,ਸੀਮਤ ਖਣਿਜ ਪਦਾਰਥਾਂ ਦੀ ਬਹੁਤਾਤ,ਖੁੱਲ੍ਹੀਆਂ ਜ਼ਮੀਨਾਂ ਆਦਿ) ਨੂੰ ਛੱਡ ਕੇ ਬਾਕੀ 'ਚ ਜੀਅ ਪ੍ਰਤੀ ਆਮਦਨ 'ਚ ਲੰਮੇ ਸਮੇਂ ਤੱਕ ਵਾਧਾ ਆਰਥਿਕਤਾ ਦੇ ਸਨਅਤੀ ਵਿਕਾਸ ਰਾਹੀਂ ਹੀ ਸੰਭਵ ਹੋ ਸਕਦਾ ਹੈ। ਤੇਜ਼ੀ ਨਾਲ ਹੋਇਆ ਸਨਅਤੀ ਵਿਕਾਸ ਕਿਸੇ ਵੀ ਖੇਤੀ ਪ੍ਰਧਾਨ ਸਮਾਜ ਦਾ ਪੂਰਾ ਹੁਲੀਆ ਹੀ ਬਦਲ ਕੇ ਰੱਖ ਦੇਣ ਦੀ ਸਮਰਥਾ ਰੱਖਦਾ ਹੈ। ਪੰਜਾਬ ਵਿਚ ਵਿਸ਼ਾਲ ਪੱਧਰ ਦੇ ਸਨਅਤੀਕਰਨ ਦੀ ਇਸ ਲਈ ਵੀ ਜ਼ਰੂਰਤ ਹੈ ਤਾਂ ਜੋ ਇਸਦੇ ਖੇਤ ਅਤੇ ਖੁੰਢ ਸਭਿਆਚਾਰ ਦਾ ਆਧੁਨਿਕ ਸਨਅਤੀ ਸਭਿਆਚਾਰ ਵਿਚ ਪਰੀਵਰਤਨ ਹੋ ਸਕੇ । ਉਂਝ ਵੀ ਭਰਵੇਂ ਸਨਅਤੀ ਵਿਕਾਸ ਲਈ ਲੋੜੀਂਦੀਆਂ ਜ਼ਰੂਰੀ ਸ਼ਰਤਾਂ ਪੰਜਾਬ ਵਿਚ ਪੂਰੀਆਂ ਹੁੰਦੀਆਂ ਹਨ। ਘਾਟ ਤਾਂ ਸਿਰਫ ਮੌਜੂਦਾ ਆਰਥਿਕ ਵਿਕਾਸ ਦੇ ਵਿਗਾੜ ਨੂੰ ਸਮਝਣ ਦੀ ਅਤੇ ਪੰਜਾਬ ਦੀਆਂ ਆਰਥਿਕ-ਸਮਾਜਕ ਪ੍ਰਸਥਿਤੀਆਂ ਦੇ ਅਨੁਕੂਲ ਸਨਅਤੀ ਵਿਕਾਸ ਦੇ ਸਹੀ ਸੰਕਲਪ ਨੂੰ ਉਭਾਰਨ ਦੀ ਹੈ ।

## ਖੇਤੀ ਆਰਥਿਕਤਾ

ਪੰਜਾਬ ਮਾਲਕ-ਕਿਸਾਨਾਂ ਦੀ ਧਰਤੀ ਤੇ ਕਿਉਂਕਿ ਇਥੇ 87 ਫੀਸਦੀ ਜ਼ਮੀਨ ਇਵੇਂ ਵਾਹੀ ਜਾਂਦੀ ਹੈ ਇਸੇ ਲਈ ਸਿੱਧੀ ਮੁਜ਼ਾਰਗਿਰੀ ਦੇ ਸੰਬੰਧਾਂ ਦੀ ਪਕੜ ਘੱਟ ਹੈ। ਪਰ ਜ਼ਮੀਨ ਦੀ ਮਾਲਕੀ,ਵਾਹੀ ਜਾਂਦੀ ਜ਼ਮੀਨ 'ਤੇ ਕਬਜ਼ੇ;ਖੇਤੀ ਦੇ ਸੰਦ-ਸਾਧਨਾਂ ਅਤੇ ਸਰਮਾਏ ਦੀ ਵੰਡ ਬਹੁਤ

ਬਾਕੀ ਪੰਨਾ 6 ਉਤੇ

Immigration and Citizenship Matters
JAMES SUE & COMPANY
Immigration Advocates

- Filing a successful application for immigrant & business Visas
- Family Re-Unification
- Indian Adoptions
- Making a Refu ee Claim
- Inquiries & De ortation
- Immigration Appeal Board matters
- Assisted relative applications for brother, sister, uncles, Aunts, nephews and Nieces — Married or single regardless of age.
- Hindi, Punjabi spoken

Evening Office : 433-4685

If you need help and require updated information — Contact :

BABU JIM NARAIN of James, Sue & Company who has 18 years of experience on Immigration and Citizenship matters with top Immigration Lawyers.

5024 Victoria Drive, Vancouver, B.C. V5P 3T8

ਸਪੈਸ਼ਲ ਅਨਾਊਂਸਮੈਂਟ

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers)ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੈਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ !

Tel: Off.
324-9441

## ਮਰੂਨੀ ਦੀ ਲੋਕਪ੍ਰਿਯਤਾ ਹੋਰ ਘਟੀ



ਮਾਂਟਰੀਅਲ:—ਆਂਗਸ ਰੀਡ ਐਸੋਸੀਏਸ਼ਨ ਵਲੋਂ ਕਰਵਾਏ ਇਕ ਤਾਜ਼ਾ ਚੋਣ ਸਰਵੇ ਅਨੁਸਾਰ ਪ੍ਰਧਾਨ ਮੰਤਰੀ ਮਰੂਨੀ ਦੀ ਲੋਕਪ੍ਰਿਯਤਾ ਹੋਰ ਘੱਟ ਗਈ ਹੈ ਅਤੇ ਉਹਦੀ ਟੋਰੀ ਪਾਰਟੀ ਤੀਜੇ ਨੰਬਰ 'ਤੇ ਹੈ।

ਇਸ ਚੋਣ ਸਰਵੇ 'ਤੋਂ ਇਹ ਵੀ ਇਸ਼ਾਰਾ ਮਿਲਦਾ ਹੈ ਕਿ ਐਨ.ਡੀ.ਪੀ.ਕਿਊਬਿਕ 'ਚ ਲਿਬਰਲਾਂ ਦੇ ਬਰਾਬਰ ਲੋਕਪ੍ਰਿਯ ਹੈ।

28 ਫਰਵਰੀ ਤੋਂ 4 ਮਾਰਚ ਤਕ 1666 ਬਾਲਗ ਵਿਅਕਤੀਆਂ 'ਤੇ ਕੀਤੇ ਇਸ ਸਰਵੇ ਅਨੁਸਾਰ 66 ਫੀਸਦੀ ਵਿਅਕਤੀਆਂ ਨੇ ਪ੍ਰਵਾਨ .ਮੰਤਰੀ ਦੇ ਤੌਰ 'ਤੇ ਮਰੂਨੀ ਦੀ ਯੋਗਤਾ ਨੂੰ ਰੱਦ ਕਰ ਦਿੱਤਾ ਹੈ। ਇਸੇ ਐਸੋਸੀਏਸ਼ਨ ਵਲੋਂ ਫਰਵਰੀ ਦੇ ਸ਼ੁਰੂ ਵਿਚ ਵੀ ਇਕ ਸਰਵੇ ਕੀਤਾ ਗਿਆ ਸੀ। ਇਸ ਵਾਰੀ ਮਰੂਨੀ ਦੀ ਲੋਕਪ੍ਰਿਯਤਾ ਹੋਰ 6 ਫੀਸਦੀ ਘਟੀ ਹੈ।

ਸਿਰਫ 24 ਫੀਸਦੀ ਵਿਅਕਤੀਆਂ ਨੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਉਸਦੇ ਰੋਲ ਨੂੰ ਠੀਕ ਦੱਸਿਆ ਹੈ। 10 ਫੀਸਦੀ ਨੇ ਕੋਈ ਪੱਕੀ ਗੱਲ ਨਹੀਂ ਕਹੀ। ਮੈਨੀਟੋਬਾ ਅਤੇ ਸਸਕੈਚਵਨ 'ਚ 79 ਫੀਸਦੀ ਵਿਅਕਤੀਆਂ ਨੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਮਰੂਨੀ ਨੂੰ ਰੱਦ ਕਰ ਦਿੱਤਾ ਹੈ। ਦੂਜੇ ਨੰਬਰ 'ਤੇ ਅਨਅੀਰੀਓ ਆਉਂਦਾ ਹੈ ਜਿਥੇ ਇਹ 20,70 ਫੀਸਦੀ ਹੈ।

ਸਰਵੇ ਅਨੁਸਾਰ ਲਿਬਰਲਾਂ ਦੀ ਲੋਕਪ੍ਰਿਯਤਾ ਸਭ ਤੋਂ ਵੱਧ ਹੈ। 42 ਫੀਸਦੀ ਵੋਟਰ ਪੱਕੀ ਤੌਰ 'ਤੇ ਇਸ ਪਾਰਟੀ ਦੇ ਹੱਕ ਵਿਚ ਹਨ। ਐਨ.ਡੀ.ਪੀ.ਪ੍ਰਤੀ ਇਹ ਦਰ 33 ਫੀਸਦੀ ਹੈ ਅਤੇ ਇਹ ਪਾਰਟੀ ਦੂਜੇ ਨੰਬਰ 'ਤੇ ਆਉਂਦੀ ਹੈ। ਟੋਰੀ ਸਭ ਤੋਂ ਪਿਛੇ 23 ਫੀਸਦੀ ਤੱਕ ਰਹਿ ਜਾਂਦੇ ਹਨ।

ਇਸ ਤਰ੍ਹਾਂ ਦਾ ਚੋਣ ਸਰਵੇ 2.5 ਫੀਸਦੀ ਦੇ ਹੇਰ ਫੇਰ ਨਾਲ ਬਿਲਕੁਲ ਠੀਕ ਸਮਝਿਆ ਜਾਂਦਾ ਹੈ।

## ਲਾਟਰੀ ਦੀ ਅੱਧੀ ਰਕਮ ਲੈਣ ਲਈ ਦਾਅਵਾ

ਵਿਕਟੋਰੀਆ:—ਪਿਛਲੇ ਹਫਤੇ ਦੀ ਲੋਟੋ 6-49 ਦੀ ਜੇਤੂ ਔਰਤ ਦੇ ਖਿਲਾਫ ਇਕ ਹੋਰ ਔਰਤ ਨੇ ਇਨਾਮ ਦਾ ਅੱਧਾ ਹਿਸਾ ਲੈਣ ਲਈ ਦਾਅਵਾ ਦਾਇਰ ਕੀਤਾ ਹੈ। ਪਿਛਲੇ ਹਫਤੇ 1.6 ਮਿਲੀਅਨ ਡਾਲਰ ਦਾ ਇਹ ਇਨਾਮ ਵਿਕਟੋਰੀਆ ਦੀ ਵਿਲਮਾ ਕਰੌਥਰਜ ਨੂੰ ਨਿਕਲਿਆ ਸੀ। ਵਿਲਮਾ ਹਾਈਵੇਜ਼ ਮਨਿਸਟਰੀ 'ਚ ਕੰਮ ਕਰਦੀ ਹੈ।

ਉਸਦੇ ਨਾਲ ਹੀ ਕੰਮ ਕਰਦੀ ਰਹੀ ਉਸਦੀ ਸਾਥੀ ਔਰਤ ਹੈਲਨ ਕੈਂਪਬਲ ਨੇ ਇਹ ਮੁਕੱਦਮਾ ਦਾਇਰ ਕੀਤਾ ਹੈ। ਹੈਲਨ ਨੇ ਦਾਅਵਾ ਕੀਤਾ ਹੈ ਕਿ ਉਸ ਅਤੇ ਵਿਲਮਾ ਦੇ ਵਿਚਕਾਰ ਇਹ ਸਮਝੌਤਾ ਹੋਇਆ ਸੀ ਕਿ ਜੇ ਇਨਾਮ ਨਿਕਲ ਆਵੇ ਤਾਂ ਉਹ ਅੱਧੋ ਅੱਧ ਕਰਨਗੀਆਂ।

ਹੈਲਨ ਨੇ ਆਪਣੀ ਰਿਟ ਵਿਚ ਕਿਹਾ ਹੈ ਕਿ ਉਹ ਅਤੇ ਕਰੌਥਰਜ ਪਿਛਲੇ 5 ਸਾਲਾਂ ਤੋਂ ਦੋ ਟਿਕਟਾਂ ਖਰੀਦ ਦੀਆਂ ਆ ਰਹੀਆਂ ਹਨ। ਹਰ ਵਾਰੀ ਉਹ ਹੀ ਨੰਬਰ ਲਏ ਜਾਂਦੇ ਸਨ। ਹੈਲਨ 8,16,27,35,42 ਅਤੇ 45 ਨੰਬਰ ਖਰੀਦਦੀ ਸੀ ਅਤੇ ਕਰੌਥਰਜ 6,17,24,26,31 ਅਤੇ 32 ਨੰਬਰ ਖਰੀਦਦੀ ਸੀ। ਪਿਛਲੇ ਹਫਤੇ ਕਰੌਥਰਜ ਵਾਲੀ ਟਿਕਟ ਦਾ ਇਨਾਮ ਨਿਕਲ ਆਇਆ ਵਾਅਦੇ ਮੁਤਾਬਕ ਕਰੌਥਰਜ ਨੇ ਅੱਧੀ ਰਕਮ ਨੂੰ ਦੇਦ ਤੋਂ ਇਨਕਾਰ ਕਰ ਦਿੱਤਾ।

ਜੱਜ ਡਰੇਕ ਨੇ ਕਰੌਥਰਜ ਨੂੰ ਹੁਕਮ ਦਿੱਤਾ ਹੈ ਕਿ ਉਹ ਜਿੱਤੀ ਰਕਮ ਦਾ ਅੱਧ ਹੈਲਨ ਨੂੰ ਦੇਵੇ। ਇਹ $826,903.50 ਬਣਦੀ ਹੈ।

## ਸਰਕਾਰ ਪੈਟਰੋ ਕੈਨੇਡਾ ਨੂੰ ਵੇਚਣ ਦੇ ਹੱਕ 'ਚ

ਕੈਲਗਰੀ:—ਮਰੂਨੀ ਸਰਕਾਰ ਸਰਕਾਰੀ ਖੇਤਰ ਦੀ ਤੇਲ ਕੰਪਨੀ ਪੇਟਰੋ-ਕੈਨੇਡਾ ਨੂੰ ਵੇਚਣ ਵਾਸਤੇ ਤਿਆਰ ਹੈ।

ਵਿੱਤ ਮੰਤਰੀ ਮਾਈਕਲ ਵਿਲਸਨ ਨੇ ਕੈਲਗਰੀ 'ਚ ਕਿਹਾ ਕਿ ਸਰਕਾਰ ਅਨੁਸਾਰ ਪੇਟਰ-ਕੈਨੇਡਾ ਦਾ ਪਬਲਿਕ ਪਾਲਿਸੀ 'ਚ ਕੋਈ ਰੋਲ ਨਹੀਂ। ਇਹਦੇ 'ਚ ਕੋਈਹਰਜ਼ ਨਹੀਂ ਜੇ ਇਸ ਕੰਪਨੀ ਨੂੰ ਪ੍ਰਾਈਵੇਟ ਖੇਤਰ ਕੋਲ ਵੇਚ ਦਿੱਤਾ ਜਾਵੇ।

ਉਧਰ ਬੀ.ਸੀ.ਦੀ ਟੋਰੀ ਸਰਕਾਰ ਵੀ ਕਈ ਮਹੱਤਵਪੂਰਨ ਸਰਕਾਰੀ ਕੰਪਨੀਆਂ ਨੂੰ ਵੇਚਣ ਦਾ ਵਿਚਾਰ ਰੱਖਦੀ ਹੈ। ਜਿਨ੍ਹਾਂ ਵਿਚ ਆਈ.ਸੀ.ਬੀ.ਸੀ.ਅਤੇ ਬੀ.ਸੀ.ਫੈਰੀ ਆਦਿ ਵੀ ਸ਼ਾਮਲ ਹਨ।

## ਅਖੌਤੀ ਅਜ਼ਾਦੀ ਦੀ ਧਰਤੀ

ਵਾਸ਼ਿੰਗਟਨ:—ਅਖੌਤੀ ਅਜ਼ਾਦੀ ਦੀ ਧਰਤੀ ਅਮਰੀਕਾ ਲੁੱਟਮਾਰ,ਡਾਕਿਆਂ ਅਤੇ ਬਲਾਤਕਾਰਾਂ ਦੀ ਧਰਤੀ ਵੀ ਹੈ।

ਅਮਰੀਕਾ ਦੇ ਜਸਟਿਸ ਡਿਪਾਰਟਮੈਂਟ ਵਲੋਂ ਜਾਰੀ ਇਕ ਸਰਵੇ ਅਨੁਸਾਰ ਬਹੁਤ ਸਾਰੇ ਬੱਚਿਆਂ ਨੂੰ ਕਈ ਤਰ੍ਹਾਂ ਦੇ ਤਸ਼ੱਦਦ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਉਦਾਹਰਣ ਵਜੋਂ ਇਕ 12 ਸਾਲਾ ਬੱਚੇ ਨੂੰ ਇਹੋ ਜਿਹੇ ਤਸ਼ੱਦਦ ਦਾ ਸ਼ਿਕਾਰ ਹੋਣ ਦਾ 80 ਪ੍ਰਤੀਸ਼ਤ ਡਰ ਕਾਇਮ ਰਹਿੰਦਾ ਹੈ। 12 ਸਾਲਾਂ ਉਮਰ ਦੇ ਗਰੁੱਪ ਵਿਚੋਂ 10 'ਚੋਂ ਤਿੰਨ ਬੱਚੇ ਚੋਰੀਆਂ ਦਾ ਸ਼ਿਕਾਰ ਹੁੰਦੇ ਹਨ। 12 'ਚੋਂ ਘੱਟੋ ਘੱਟ ਇਕ ਫੀਮੇਲ ਨੂੰ ਬਲਾਤਕਾਰ ਦਾ ਸ਼ਿਕਾਰ ਹੋਣਾ ਪੈਂਦਾ ਹੈ। ਕਾਲੀਆਂ ਔਰਤਾਂ 'ਚ ਇਹ ਗਿਣਤੀ ਹੋਰ ਵੀ ਜ਼ਿਆਦਾ ਹੈ। ਸਰਵੇ ਅਨੁਸਾਰ 9 ਵਿਚੋਂ 1 ਕਾਲੀ ਔਰਤ ਨਾਲ ਬਲਾਤਕਾਰ ਕੀਤਾ ਜਾਂਦਾ ਹੈ ਇਸ ਸਰਵੇ ਲਈ 1973 ਤੋਂ ਲੈ ਕੇ 1982 ਦੇ ਸਾਲਾਂ ਦੇ ਤੱਥਾਂ ਦਾ ਅਧਿਐਨ ਕੀਤਾ ਗਿਆ ਹੈ।

## ਸਿੰਘ ਸਭਾ,ਵਿਨੀਪੈਗ ਦੀ ਚੋਣ ਸਰਬ ਸੰਮਤੀ ਨਾਲ

ਗੁਰਦੁਆਰਾ ਸਿੰਘ ਸਭਾ ਵਿਨੀਪੈਂਗ ਦੀ ਚੋਣ ਇਸ ਵਾਰ ਸਰਬ ਸੰਮਤੀ ਨਾਲ ਹੋਈ ਹੈ। ਇਹ ਚੋਣ 7 ਫਰਵਰੀ ਨੂੰ ਹੋਈ। ਪ੍ਰਬੰਧਕੀ ਕਮੇਟੀ ਹੇਠ ਲਿਖੇ ਅਨੁਸਾਰ ਹੈ:

ਪ੍ਰਧਾਨ————————ਇੰਦਰਜੀਤ ਸਿੰਘ ਕਲੇਰ
ਉਪ ਪ੍ਰਧਾਨ———ਅਜੀਤ ਸਿੰਘ ਰਮਗੋਤਰਾ
ਸੈਕਟਰੀ———————ਕੁਲਵੰਤ ਸਿੰਘ ਢਾਲਾ
ਜਾਇੰਟ ਸੈਕਟਰੀ——ਸਤਵੰਤ ਸਿੰਘ ਅਟਵਾਲ
ਖਜ਼ਾਨਚੀ————————ਜੇ.ਪੀ.ਸਿੰਘ
ਸਹਾਇਕ ਖਜ਼ਾਨਚੀ—ਸੇਵਾ ਸਿੰਘ ਸਨਨ
ਡਾਇਰੈਕਟਰ——————ਸੁਰਿੰਦਰ ਸਿੰਘ ਸਿੱਧੂ
ਡਾਇਰੈਕਟਰ——————ਸੁਰਜੀਤ ਸਿੰਘ ਰੱਕੜ
ਡਾਇਰੈਕਟਰ——————ਬੀਰਮ ਸਿੰਘ ਸੰਧੂ
ਡਾਇਰੈਕਟਰ——————ਹਰਭਜਨ ਸਿੰਘ ਗੋਸਲ
ਡਾਇਰੈਕਟਰ——————ਰਾਜਿੰਦਰ ਸਿੰਘ ਧਾਲੀਵਾਲ


Makanji
JEWELLERS LTD.

# Largest 22Kt Gold Jewellery

Manufacturers and Retailers
In North America
Vancouver ■ Tornoto

## Custom Made 22 Kt Gold Jewellery

6644 Main St., Vancouver, B.C. V5X 3H3
(604) 324-7646
Tornoto (416) 469-0505
Free 1-800-663-MASA (B.C. & Alberta)
Vancouver Gold Line (604) 324-6696
1448 Gerrard St., East, Toronto, Ontario, CANADA M4L 1Z8

ਪੰਨਾ 4 ਦੀ ਬਾਕੀ

ਅਣਸਾਵੀਂ ਹੈ। ਇਸੇ ਕਰ ਕੇ ਕਿਸਾਨੀਂ ਵਿਚ ਆਰਥਿਕ ਵਖਰੇਵੇਂ ਤੇ ਪਾੜੇ ਹਨ। ਪੰਜਾਬ ਦੇ ਪਿੰਡਾਂ ਵਿਚ ਔਸਤਨ 30 ਫੀਸਦੀ ਬੇਜ਼ਮੀਨੇ ਖੇਤ-ਕਾਮੇ ਹਨ,40 ਫੀਸਦੀ 5 ਏਕੜ ਤੋਂ ਘੱਟ ਜ਼ਮੀਨ ਦੇ ਮਾਲਕ ਛੋਟੇ ਕਿਸਾਨ,25 ਫੀਸਦੀ 5 ਏਕੜ ਤੋਂ 20-25 ਏਕੜ ਤੱਕ ਦੀ ਮਾਲਕੀ 25 ਏਕੜ ਤੋਂ ਉਪਰ ਹੈ।

ਇਸ ਪ੍ਰਾਂਤ ਵਿਚ ਪੁਰਾਣੀ ਕਾਸ਼ਤਕਾਰੀ ਦੀ ਥਾਂ ਨਵੇਂ ਸਰਮਾਏਦਾਰੀ ਪੈਦਾਵਾਰ ਦੇ ਰਿਸ਼ਤਿਆਂ ਨੇ ਲੈ ਲਈ ਹੈ। ਕਿਸਾਨੀ ਦਾ ਪੇਂਡੂ ਸਮਾਜਿਕ ਢਾਂਚਾ ਜਮਾਤੀ ਲੀਹਾਂ ਤੇ ਵੰਡਿਆ ਹੋਇਆ ਹੈ। ਇਸ ਵਿਚ ਕਿਸਾਨ ਸਰਮਾਏਦਾਰੀ ਦੀ ਆਰਥਿਕ,ਸਮਾਜਿਕ ਤੇ ਸਿਆਸੀ ਤਾਕਤ ਵਿਚ ਵਾਧਾ ਹੋਇਆ ਹੈ। ਛੋਟੀ ਕਿਸਾਨੀ ਦੀ ਆਰਥਿਕ ਵਿਵਸਥਾ ਮੁਕਾਬਲਤਨ ਨਿਘਰ ਰਹੀ ਹੈ। ਪਰ ਫਿਰ ਵੀ ਪੰਜਾਬ ਦੇ ਪੇਂਡੂ-ਗਰੀਬ ਭਿਖਾਰੀਪੁਣੇ ਦੀ ਹਾਲਤ ਵਿਚ ਨਹੀਂ ਹਨ। ਖਾਸ ਕਰ ਛੋਟੇ ਕਿਸਾਨ ਆਪਣੀ ਜ਼ਮੀਨ-ਜਾਇਦਾਦ ਆਦਿ ਨੂੰ ਵੇਚ ਨਹੀਂ ਰਹੇ। ਉਹ ਛੋਟੇ ਮੋਟੇ ਮੁਜ਼ਾਰੇ ਦੀ ਪੱਧਰ ਤੇ ਜੀਵੀ ਜਾ ਰਹੇ ਹਨ ਅਤੇ ਖੇਤੀ ਤੇ ਪਿੰਡਾਂ ਨੂੰ ਨਹੀਂ ਛੱਡ ਰਹੇ। ਵੈਸੇ ਵੀ ਉਨ੍ਹਾਂ ਪਾਸ ਕੋਈ ਲਾਹੇਵੰਦ ਆਰਥਿਕ ਬਦਲ ਨਹੀਂ ਹੈ।

ਪੰਜਾਬ ਦੀ 170 ਲੱਖ 'ਚੋਂ 72 ਫੀਸਦੀ ਵਸੋਂ ਪਿੰਡਾਂ ਵਿਚ ਰਹਿ ਰਹੀ ਹੈ ਅਤੇ ਪ੍ਰਾਂਤ ਦੀ ਸਾਰੀ ਆਮਦਨ ਦਾ 48 ਫੀਸਦੀ ਹਿੱਸਾ ਮੁੱਢਲੇ ਖੇਤਰ (ਖੇਤੀ ਆਦਿ) 'ਚ ਹੀ ਪੈਦਾ ਹੋ ਰਿਹਾ ਹੈ। ਇਸ ਲਈ ਕੁੱਲ ਆਮਦਨ,ਸਰਕਾਰ ਦੀ ਆਮਦਨ,ਸਮੁੱਚੀ ਪੈਦਾਵਾਰ ਅਤੇ ਵਸੋਂ ਦੀ ਸਥਿਤੀ ਪੱਖੋਂ ਪੇਂਡੂ ਆਰਥਿਕਤਾ ਖੇਤਰਾਂ ਵਿਚ ਭਾਰੂ ਹੈ। ਪੰਜਾਬੀ ਸਮਾਜ ਦੀ ਨੁਹਾਰ ਪਹਿਲਾਂ ਪੇਂਡੂ-ਸਮਾਜ ਵਿਚ,ਇਸਦੇ ਪੈਦਾਵਾਰ ਦੇ ਸਾਧਨਾਂ ਤੇ ਸਬੰਧਾਂ ਵਿਚ ਅਤੇ ਇਨ੍ਹਾਂ ਰਾਹੀਂ ਹੋ ਰਹੀ ਲੁੱਟ-ਖਸੁੱਟ,ਸਮਾਜਿਕ ਜਬਰ ਅਤੇ ਸਿਆਸੀ ਜੋੜ-ਤੋੜ ਰਾਹੀਂ ਹੀ ਉਭਰਦੀ ਹੈ।

ਇਸ ਪ੍ਰਾਂਤ ਦੇ ਲੋਕਲ ਖੇਤ ਮਜ਼ਦੂਰ ਦੋ ਤਬਕਿਆਂ ਦੇ ਹਨ,ਹਿੰਦੂ—ਹਰੀਜਨ ਅਤੇਮਜ਼ਬੀਸਿੱਖ। ਇਨ੍ਹਾਂ ਵਿਚ ਆਰਥਿਕ ਮੁ-ਫਾਦਾਂ ਦੀ ਸਾਂਝ ਹੈ ਪਰ ਸਮਾਜਿਕ ਅਤੇ ਸਭਿਆਚਾਰਕ ਪੱਧ 'ਤੇ ਪਾੜਾ ਹੈ। ਇਸਤੋਂ ਇਲਾਵਾ ਇਨ੍ਹਾਂ ਸਾਰੇ ਪੰਜਾਬੀ ਖੇਤ-ਮਜ਼ਦੂਰਾਂ ਅਤੇ ਬਾਹਰਲੇ ਸੂਬਿਆਂ ਤੋਂ ਆ ਕੇ ਕੰਮ ਕਰਦੇ ਆਵਾਸੀ ਖੇਤ-ਮਜ਼ਦੂਰਾਂ ਵਿਚ ਸਭਿਆਚਾਰਕ ਅਤੇ ਦੋਹਾਂ ਪੱਖਾਂ ਤੋਂ ਹੀ ਵਖਰੇਵੇਂ ਤੇ ਵਿਰੋਧ ਹਨ। ਇਵੇਂ ਸਮੁੱਚੇ ਤੌਰ 'ਤੇ ਪੰਜਾਬ ਦੀ ਖੇਤ-ਮਜ਼ਦੂਰ ਜਮਾਤ ਹਿਕਮੁੱਠ ਨਹੀਂ ਅਤੇ ਇਸ ਆਰਥਿਕ ਸਭਿਆਚਾਰਕ ਪਾੜੇ ਕਰ ਕੇ ਇਸ ਜਮਾਤ ਦੀ ਜੱਥੇਬੰਦਕ ਤਾਕਤ ਵੀ ਨਹੀਂ ਬਣ ਸਕੀ।

ਵੱਡੀ ਕਿਸਾਨੀ ਨਾਲ ਛੋਟੀ ਕਿਸਾਨੀ,ਜੋ ਬਹੁਗਿਣਤੀ ਵਿਚ ਹੈ ਦੇ ਮੁਫਾਦਾਂ ਦੀ ਜ਼ਮੀਨ ਤੇ ਹੋਰ ਸੰਸਥਾਈ ਸਹੂਲਤਾਂ ਦੇ ਮਸਲੇ ਤੇ ਆਰਥਿਕ ਖਹਿ ਹੈ। ਪਰ ਕਿਉਂਕਿ ਪੰਜਾਬ ਦੀ ਸਾਰੀ ਕਿਸਾਨੀ ਮੁੱਖ ਤੌਰ 'ਤੇ ਜੱਟ-ਸਿੱਖ ਭਾਈਚਾਰੇ ਦੀ ਹੈ,ਇਸ ਲਈ ਛੋਟੀ,ਦਰਮਿਆਨੀ ਅਤੇ ਵੱਡੀ ਕਿਸਾਨੀ 'ਚ ਸਮਾਜਿਕ ਤਾਲਮੇਲ ਹੈ ਅਤੇ ਸਭਿਆਚਾਰਕ ਸਾਂਝ ਹੈ। ਖੇਤੀ ਜਿਣਸਾਂ ਅਤੇ ਖੇਤੀ 'ਚ ਵਰਤੀਂਦੀਆਂ ਸਨਅਤੀ ਜਿਣਸਾਂ ਦੀਆਂ ਕੀਮਤਾਂ ਦ ਸਾਂਝੇ ਮਸਲਿਆਂ ਕਰਕੇ ਵੀ ਕਿਸਾਨੀ ਦੇ ਆਰਥਿਕ ਮੁਫਾਦਾਂ ਦਾ ਪਾੜਾ ਪ੍ਰਤੱਖ ਰੂਪ ਵਿਚ ਸਾਹਮਣੇ ਨਹੀਂ ਆਉਂਦਾ। ਸੋ,ਆਰਥਿਕ ਵਖਰੇਵੇਂ ਅਤੇ ਜਮਾਤੀ ਟੁੱਟ-ਭੱਜ ਦੇ ਬਾਵਜੂਦ ਵੀ ਪੰਜਾਬ ਦੀ ਕਿਸਾਨੀ ਦੇ ਸਭ ਵਰਗਾਂ ਵਿਚ ਸਮਾਜਿਕ ਸਭਿਆਚਾਰਕ ਸਾਂਝ ਕਾਇਮ ਹੈ। ਸਰਮਾਏਦਾਰ ਕਿਸਾਨੀ ਵਕਤ ਵਕਤ 'ਤੇ ਇਸ ਸਾਂਝ ਨੂੰ ਆਪਣੇ ਸਿਆਸੀ ਮੰਤਵਾਂ ਲਈ ਵਰਤਣ ਵਿਚ ਕਾਮਯਾਬ ਰਹੀ ਹੈ।

ਬੇਸ਼ੱਕ ਸਮੁਚੀ ਕਿਸਾਨੀ ਤੇ ਖਾਸ ਕਰ ਗਰੀਬ ਕਿਸਾਨੀ ਦੀ ਆਰਥਿਕ ਪੱਧਰ ਉਪਰ ਆੜ੍ਹਤੀਏ ਅਤੇ ਸ਼ਾਹੂਕਾਰ (ਜ਼ਿਆਦਾਤਰ ਹਿੰਦੂ)ਨਾਲ ਖਹਿ ਹੈ,ਪਰ ਇਹ ਖਹਿ ਤੇ ਵਿਰੋਧਤਾਈ ਫੈਸਲਾਕੁਨ ਨਹੀਂ। ਹਿੰਦੂ ਅਤੇ ਸਿੱਖ ਤਬਕਿਆਂ ਨਾਲ ਸੰਬੰਧਤ ਸ਼ਹਿਰੀ ਵਪਾਰੀਆਂ ਅਤੇ ਦੁਕਾਨਦਾਰਾਂ ਦੀ ਆਪਸੀ ਖਹਿ ਵੀ ਬਹੁਤੀ ਅਹਿਮੀਅਤ ਨਹੀਂ ਰੱਖਦੀ।

ਸੋ,ਇਕ ਪਾਸੇ ਤਾਂ ਪੰਜਾਬ ਦੇ ਪੇਂਡੂ-ਸਮਾਜ 'ਚ ਗੰਭੀਰ ਤਲਖੀਆਂ ਹਨ ਅਤੇ ਦੂਜੇ ਪਾਸੇ ਇਨ੍ਹਾਂ ਦਾ ਜੱਥੇਬੰਦਕ ਜਮਾਤੀ ਸੰਗਠਨ ਨਹੀਂ ਹੋ ਸਕਿਆ।ਇਸੇ ਕਰ ਕੇ ਕਿਸਾਨ ਸਰਮਾਏਦਾਰੀ,ਸਿੱਧੇ ਹੀ ਜਾਂ ਧਰਮ ਦੇ ਨਾਂ 'ਤੇ ਆਪਣਾ ਇਕ ਜਮਾਤੀ ਫਰੰਟ ਬਣਾਉਣ ਅਤੇ ਦੂਜੀਆਂ ਪੇਂਡੂ ਜਮਾਤਾਂ ਦੀ ਏਕਤਾ ਨੂੰ ਕਮਜ਼ੋਰ ਕਰਨ ਵਿਚ ਕਾਮਯਾਬ ਹੋਈ ਹੈ।

## ਅਹਿਮ ਮਸਲਾ

ਖੇਤੀ ਅਤੇ ਸਨਅਤੀ ਜਿਣਸਾਂ ਦੀਆਂ ਕੀਮਤਾਂ ਮਿਥਣ ਦੇ ਮਸਲੇ 'ਤੇ ਪੰਜਾਬ ਦੀ ਸਮੁੱਚੀ ਕਿਸਾਨੀ ਕੇਂਦਰੀ ਸਰਮਾਏਦਾਰੀ ਤੇ ਹਕੂਮਤ ਨਾਲ ਟੱਕਰ ਹੈ। ਇਸ ਵਿਰੋਧ ਨੂੰ ਵਰਤ ਕੇ ਪੰਜਾਬ ਦੀ ਕਿਸਾਨ ਸਰਮਾਏਦਾਰੀ ਨੇ ਕਿਸਾਨੀ ਦਾ ਜਮਾਤੀ ਲੀਹਾਂ ਤੋਂ ਲਾਂਭੇ ਜ਼ਾਤੀ ਪੱਧਰ ਦਾ ਸਿਆਸੀ ਫਰੰਟ ਉਭਾਰਿਆ ਹੈ। ਇਸ ਜਮਾਤ ਦੀ ਸ਼ਰੀਕ ਜਮਾਤ,ਸਨਅਤੀ ਸਰਮਾਏਦਾਰੀ ਦੀ ਪੰਜਾਬ ਵਿਚ ਲੱਗਭੱਗ ਅਣਹੋਂਦ ਕਰ ਕੇ ਹੀ ਅਜਿਹਾ ਹੋ ਸਕਿਆ ਹੈ। ਪਿੰਡਾਂ ਵਿਚ ਹੀ ਕਿਸਾਨ ਸਰਮਾਏਦਾਰੀ ਦੀ ਸਰਦਾਰੀ ਨੂੰ ਵੰਗਾਰਨ ਵਾਲੀ ਖੇਤ-ਮਜ਼ਦੂਰ ਜਮਾਤ ਆਪਸ ਵਿਚ ਪਾਟੀ ਤੇ ਵੰਡੀ ਹੋਈ ਹੈ। ਸਨਅਤੀ ਮਜ਼ਦੂਰ ਜਮਾਤ ਦੀ ਪੰਜਾਬ ਵਿਚ ਗਿਣਤੀ (ਇਹ ਸਾਰੀ ਵਸੋਂ ਦਾ ਸਿਰਫ 1.25 ਫੀਸਦੀ ਹੀ ਹੈ ਅਤੇ ਸਿਆਸੀ-ਸਮਾਜਕ ਪ੍ਰਭਾਵ ਵੀ ਬਹੁਤ ਘੱਟ ਹੈ।

ਅਜਿਹੀ ਹਾਲਤ ਵਿਚ ਸਰਮਾਏਦਾਰ ਸਿੱਖ ਕਿਸਾਨੀ ਦੀ ਕੇਂਦਰੀ ਹਕੂਮਤ ਅਤੇ ਸਰਮਾਏਦਾਰੀ ਨਾਲ ਟੱਕਰ ਦਾ ਜਮਾਤੀ ਪੈਂਤੜਾ ਸਾਧਾਰਨ ਤੇ ਸਿੱਧੀ ਪੱਧਰ ਦਾ ਨਹੀਂ ਬਣਿਆ। ਇਕ ਪਾਸੇ ਤਾਂ ਇਸਨੂੰ ਇਲਾਕਾਈ ਦੇ ਫਿਰਕੂ ਜਨੂੰਨ ਦਾ ਰੰਗ ਚੜ੍ਹਿਆ ਹੈ ਅਤੇ ਦੂਜੇ ਪਾਸੇ ਇਸਨੇ ਸ਼ਾਹੀ-ਤਸ਼ੱਦਦ 'ਤੇ ਆਧਾਰਤ ਏਕਤਾ ਅਤੇ ਅਖੰਡਤਾ ਦੇ ਫਾਸ਼ਿਸ਼ਟ ਰੁਝਾਨ ਨੂੰ ਜਨਮ ਦਿੱਤਾ ਹੈ। ਇਸ ਸਾਰੇ ਲੋਕ ਵਿਰੋਧੀ ਟਕਰਾਅ ਵਿਚ ਕਈ ਆਰਥਿਕ ਸਾਧਨਾਂ ਤੋਂ ਥੁੜ੍ਹੇ,ਕਈ ਵਿਦੇਸ਼ਾਂ ਤੋਂ ਮੁੜੇ,ਕਈ ਅੱਧ-ਉਮਰੇ ਰਿਟਾਇਰਡ ਫੌਜੀ ਅਤੇ ਹੋਰ ਪੜ੍ਹੇ-ਅੱਧ ਪੜ੍ਹੇ ਨੌਜਵਾਨਾਂ ਨੂੰ ਬਾਲਣ ਬਣਾ ਕੇ ਝੋਕਿਆ ਜਾ ਰਿਹਾ ਹੈ।

ਹੋਰ ਕਾਰਨਾਂ ਤੋਂ ਇਲਾਵਾ ਇਹ ਸਭ ਤਾਂ ਹੀ ਹੋਇਆ ਕਿਉਂਕਿ ਪੰਜਾਬ ਦਾ ਆਰਥਿਕ ਵਿਕਾਸ ਕੇਂਦਰ ਦੀ ਬਸਤੀਵਾਦੀ ਨੀਤੀ ਅਤੇ ਭਾਰਤ ਦੇ ਸਰਮਾਏਦਾਰ ਵਿਕਾਸ ਅਣਸਾਵੇਂਪਨ ਕਰ ਕੇ ਇਕਸਾਰ ਅਤੇ ਲੋਕ-ਪੱਖੀ ਨਹੀਂ ਹੋ ਸਕਿਆ। ਇਸ ਪੈਂਤੜੇ ਤੋਂ ਹੀ ਹੋ ਰਿਹਾ ਹੋਰ ਵਿਕਾਸ ਜ਼ਿਆਦਾ ਤਲਖੀਆਂ ਨੂੰ ਹੀ ਜਨਮ ਦੇਵੇਗਾ। ਪੰਜਾਬ ਦੇ ਲੰਗੜੇ ਆਰਥਿਕ ਵਿਕਾਸ ਕਰ ਕੇ ਹੀ ਨੌਜਵਾਨਾਂ ਨੂੰ ਸਮਾਜਕ ਬਹਾਲੀ ਅਤੇ ਆਰਥਿਕ ਪੱਖੋਂ ਲਾਹੇਵੰਦ ਰੁਜ਼ਗਾਰ ਨਹੀਂ ਮਿਲੇ। ਪੰਜਾਬ ਵਿਚ ਫੈਲੀ ਬੇਚੈਨੀ ਅਤੇ ਬਦਅਮਨੀ ਦਾ ਇਹ ਵੀ ਇਕ ਕਾਰਨ ਬਣ ਗਿਆ ਹੈ।

ਅਨੇਕਾਂ ਸਮਾਜਕ ਅਤੇ ਆਰਥਿਕ ਤਲਖੀਆਂ 'ਚੋਂ ਉਪਜੀ ਪੰਜਾਬ ਦੀ ਹਾਲਤ ਨੂੰ ਸ਼ਾਂਤ ਅਤੇ ਸਾਵਾਂ ਕਰਨ ਦਾ ਕੋਈ ਫੌਰੀ ਰਸਤਾ ਨਹੀਂ ਹੈ। ਪਰ ਲੰਮੇਂ ਸਮੇਂ 'ਚ ਕਿਸੇ ਹੱਦ ਤੱਕ ਹੱਲ ਸੰਭਵ ਹੋ ਸਕਦਾ ਹੈ ਜੇਕਰ ਵਿਕਾਸ ਦੇ ਪੈਂਤੜੇ ਨੂੰ ਬਦਲਿਆ ਜਾਵੇ ਅਤੇ ਪੰਜਾਬ ਦੇ ਤੇਜ਼ ਸਨਅਤੀਕਰਨ ਰਾਹੀਂ ਇਕ ਨਵੀਂ ਸਮਾਜਿਕ ਬਣਤਰ ਹੋਂਦ ਵਿਚ ਆਵੇ ਅਸਲ ਵਿਚ ਸੁਆਲਾਂ ਦਾ ਸੁਆਲ ਇਹ ਹੈ ਕਿ ਕੀ ਵਿਕਾਸ ਦੇ ਮੌਜੂਦਾ ਪੈਂਤੜੇ ਨੂੰ ਬਦਲਿਆ ਜਾਏਗਾ ਜਾਂ ਬਦਲਿਆ ਜਾ ਸਕੇਗਾ ?


## ਫਾਰਮ ਵਰਕਰਾਂ ਦੀ ਲੋੜ ਹੈ

ਫੋਰਟ ਲੈਂਗਲੀ 'ਚ ਸਥਿਤ ਫਾਰਮ'ਚ ਕੰਮ ਸ਼ੁਰੂ ਹੈ। ਘਰੋਂ ਚੱਕਣ ਅਤੇ ਛੱਡਣ ਦਾ ਪੂਰਾ ਪ੍ਰਬੰਧ ਹੈ। ਕੀਤੇ ਕੰਮ ਦੀ ਵਧੀਆ ਤਨਖਾਹ ਅਤੇ ਸਟੈਂਪਾਂ ਦਿੱਤੀਆਂ ਜਾਣਗੀਆਂ। ਅੱਜ ਹੀ ਕੰਮ ਸ਼ੁਰੂ ਕਰਨ ਲਈ ਫੋਨ ਕਰੋ:

ਜਸਮਿੰਦਰ ਸਿੰਘ ਘੁਮਾਣ
591-9459
ਜਾਂ
ਜੋਗਿੰਦਰ ਸਿੰਘ ਗਿੱਲ (ਕੌਂਕੇ)
590-1438


## ਹਬੀਬ ਜਾਲਿਬ ਤੇ ਲਗੀ ਪਾਬੰਦੀ ਖਤਮ

ਲਾਹੌਰ:—ਪਾਕਿਸਤਾਨ ਦੇ ਉਰਦੂ ਦੇ ਇਨਕਲਾਬੀ ਸ਼ਾਇਰ ਹਬੀਬ ਜਾਲਿਬ ਉਤੋਂ ਸਰਕਾਰ ਨੇ ਬਦੇਸ਼ ਜਾਣ ਦੀ ਲਾਈ ਪਾਬੰਦੀ ਖਤਮ ਕਰ ਦਿੱਤੀ ਹੈ। ਹਾਈਕੋਰਟ ਦੇ ਜਸਟਿਸ ਏ.ਐਸ.ਸਲਾਮ.ਨੇ ਜਾਲਿਬ ਵਲੋਂ ਪਾਬੰਦੀ ਵਿਰੁੱਧ ਦਾਇਰ ਕੀਤੀ ਰਿੱਟ ਦਰਖਾਸਤ ਖਾਰਜ ਕਰ ਦਿੱਤੀ ਹੈ ਕਿਉਂਕਿ ਡਿਪਟੀ ਅਟਾਰਨੀ ਜਨਰਲ ਮਲਕ ਅਬਦੁੱਲ ਕਿਊਮ ਨੇ ਕਹਿ ਦਿਤਾ ਸੀ ਕਿ ਸਰਕਾਰ ਨੇ ਜਾਲਿਬ ਦੇ ਬਦੇਸ਼ ਜਾਣ ਤੇ ਪਾਬੰਦੀ ਖਤਮ ਕਰ ਦਿੱਤੀ ਹੈ। ਹੁਣ ਉਹ ਕਿਤੇ ਵੀ ਜਾ ਸਕਦੇ ਹਨ।

## ਵੈਨਕੂਵਰ ਸੱਥ ਵਲੋਂ ਪੰਜਾਬੀ ਨਾਟਕਾਂ ਦੀ ਸ਼ਾਨਦਾਰ ਪੇਸ਼ਕਸ਼

700 ਦਰਸ਼ਕ 8 ਮਾਰਚ ਨੂੰ ਵੈਨਕੂਵਰ ਟੈਕਨੀਕਲ ਸਕੂਲ ਵਿਚ "ਹਵੇਲੀਆਂ ਤੇ ਪਾਰਕਾਂ" ਤੇ "ਕਿਹਦਾ ਵਿਆਹ" ਦੇਖ ਕੇ ਅਸ਼ ਅਸ਼ ਕਰ ਉਠੇ।

ਪੂਰੀ ਰਿਪੋਰਟ ਤਸਵੀਰਾਂ ਸਮੇਤ ਅਗਲੇ ਅੰਕ ਵਿਚ


## MERIDIAN INSURANCE

*Life & Accident sickness*

**LOCATION 1**

3268 COAST MERIDIAN RD.,
PORT COQUITLAM, B.C. V3B 3N4
3268 ਕੋਸਟ ਮੇਰੀਡੀਅਨ ਰੋਡ ਪੋਰਟ ਕੁਕਿਟਲਮ
Ph. 941-8544

**LOCATION 2**

F.W. INSURANCE AGENCIES LTD.
Unit 115-8980 - No. 3 Road, RICHMOND, B.C.
(ਜੋ ਕਿ ਫਰਾਂਸਿਸ ਸਟਰੀਟ ਤੇ ਨੰਬਰ 3 ਰੋਡ ਦੇ ਕੋਨੇ ਤੇ ਹੈ) V6Y 2E8
ਸੰਤਬੀਰ ਸਿੰਘ ਮਿਨਹਾਸ
Ph. 272-0700

Autoplan
FOR ALLSTATE LOW RATES PLUS AUTOPLAN FINANCE
— AVAILABLE ON APPROVED CREDIT
ਘਰਾਂ ਦੀ ਵਾਜਬ ਕੀਮਤਾਂ ਤੇ ਇਨਸ਼ੋਰੈਂਸ ਕਰਾਉਣ ਲਈ

Santbir Minhas Res. 271-1248 ICBC, house, tenant, commercial



CALL US FIRST

IATA APPROVED OFFICE

## Express Internationl Travel (1986) Ltd. ATAC

ਸਪੈਸ਼ਲ ਸੀਟ ਸੇਲ ਕਿਰਾਏ : 321-8777

ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਦੇ ਹਰ ਕੋਨੇ ਵਿਚ

ਸਪੈਸ਼ਲ ਸਰਵਿਸ

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

5787 Victoria Drive, VANCOUVER, B.C. V5P 3W5


AJIT KANG

# ਦਿੱਲੀ ਦੰਗਿਆਂ ਦੀ ਰਿਪੋਰਟ ਵਿਰੁੱਧ ਪ੍ਰੋਟੈਸਟ

ਆਲ ਇੰਡੀਆ ਸਿੱਖ ਕਾਨਫਰੰਸ ਦੇ ਸੱਦੇ ਤੇ,ਇਸ ਸੋਮਵਾਰ ਨੂੰ 1984 ਦੇ ਦੰਗਾ ਪੀੜਤਾਂ ਨੇ,ਰੰਗਨਾਥ ਮਿਸ਼ਰਾ ਕਮਿਸ਼ਨ ਦੀ ਹੁਣੇ ਹੁਣੇ ਰੀਲੀਜ਼ ਕੀਤੀ ਗਈ ਰਿਪੋਰਟ ਦੀ ਨਿੰਦਾ ਕਰਦਿਆਂ ਨਵੀਂ ਦਿੱਲੀ ਦੇ ਬੋਟ ਕਲੱਬ ਬਾਹਰ ਧਰਨਾ ਦਿੱਤਾ। ਮਗਰੋਂ ਕਮਿਸ਼ਨ ਦੀ ਰਿਪੋਰਟ ਦਾ ਵਿਰੋਧ ਕਰਦਿਆਂ ਹੋਇਆਂ ਦੰਗਾ ਪੀੜਤਾਂ ਨੇ ਰਿਪੋਰਟ ਦੀਆਂ ਕਾਪੀਆਂ ਨੂੰ ਅੱਗ ਲਾਈ। ਲੜੀਵਾਰ ਭੁੱਖ ਹੜਤਾਲ ਵੀ ਸ਼ੁਰੂ ਕੀਤੀ ਗਈ ਹੈ। 1984 ਵਿੱਚ ਇੰਦਰਾ ਗਾਂਧੀ ਦੇ ਕਤਲ ਬਾਅਦ ਬਹੁਤ ਸਾਰੇ ਨਿਰਦੋਸ਼ ਸਿੱਖਾਂ ਨੂੰ ਦਿੱਲੀ ਵਿੱਚ ਤੇ ਕਈ ਹੋਰ ਸ਼ਹਿਰਾਂ ਵਿਚ ਬੜੀ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ। ਲਾਗਲੀ ਫੋਟੋ ਧਰਨੇ ਦੀ ਹੈ।




# ਪੰਜਾਬ ਸਟੂਡੈਂਟਸ ਯੂਨੀਅਨ ਵਲੋਂ ਪ੍ਰਚਾਰ ਮੁਹਿੰਮ

ਬਰਨਾਲਾ:—ਪੰਜਾਬ ਸਟੂਡੈਂਟਸ ਯੂਨੀਅਨ (ਏ.ਆਈ.ਆਰ.ਐਸ.ਐਫ.)ਆਪਣੀ ਰਾਜਸੀ ਪਹੁੰਚ ਵਾਲੇ ਦਸਤਾਵੇਜ਼ 'ਬੁਨਿਆਦੀ ਸੇਧ'ਦੇ ਵਿਚਾਰਾਂ ਕਿ ਕੇਂਦਰੀ ਸਰਕਾਰ ਆਪਣੇ ਰਾਜਸੀ ਹਿੱਤਾਂ ਲਈ,ਬਹੁਗਿਣਤੀ ਵਸੋਂ ਨੂੰ ਘੱਟ ਗਿਣਤੀਆਂ ਵਿਰੁੱਧ ਉਕਸਾ ਰਹੀ ਹੈ,ਬਾਰੇ ਪ੍ਰਚਾਰ ਮੁਹਿੰਮ ਚਲਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬੀਂ ਮ ਤੇ ਸਿੱਖ ਧਾਰਮਿਕ ਘੱਟ ਗਿਣਤੀ ਨਾਲ ਧੱਕਾ ਤੇ ਵਿਤਕਰਾ ਕੀਤਾ ਜਾ ਰਿਹਾ ਹੈ। ਯੂਨੀਅਨ ਦੇ ਜ਼ੋਨ ਕਮੇਟੀ ਮੈਂਬਰ ਸ੍ਰੀ ਗੁਰਮੀਤ ਸਿੰਘ ਨੇ ਦੱਸਿਆ ਕਿ ਪ੍ਰਚਾਰ ਮੁਹਿੰਮ ਦੇ ਸੰਬੰਧ ਵਿੱਚ 28 ਫਰਵਰੀ ਨੂੰ ਸ਼ਹੀਦ ਊਧਮ ਸਿੰਘ ਕਾਲਜ,ਸੁਨਾਮ ਵਿਚ ਕਾਨਫਰੰਸ ਕੀਤੀ ਗਈ ਜਿਸ ਵਿਚ ਪ੍ਰੋ.ਅਜਮੇਰ ਸਿੰਘ ਔਲਖ ਦਾ ਪੰਜਾਬ ਦੀ ਸਮੱਸਿਆ ਬਾਰੇ ਨਾਟਕ 'ਭੱਜੀਆਂ ਬਾਹਾਂ'ਪੇਸ਼ ਕੀਤਾ ਗਿਆ।

- ਖੁਸ਼ੀ ਕੋਈ ਕਿਸਮਤ ਨਹੀਂ, ਇਕ ਜਾਂਚ ਹੈ।
- ਖੁਸ਼ੀ ਹੋਰ ਕੁਝ ਵੀ ਨਹੀਂ-ਕੋਈ ਵਰ ਨਹੀਂ, ਕੋਈ ਪ੍ਰਾਪਤੀ ਨਹੀਂ, ਕੋਈ ਕਬਜ਼ਾ ਨਹੀਂ, ਕੋਈ ਲਿਆਕਤ ਨਹੀਂ-ਸਿਰਫ ਨਿੱਤ ਕੁਝ ਨੇਪਰੇ ਚਾੜ੍ਹਦੇ ਰਹਿਣ ਦੀ ਤਸੱਲੀ ਹੈ।

# ਬੇਦੋਸ਼ੇ ਵਿਅਕਤੀਆਂ ਦੇ ਕਤਲਾਂ ਵਿਰੁਧ ਹੁਕਮਨਾਮਾ ਜਾਰੀ ਹੋਵੇ

ਨਵੀਂ ਦਿੱਲੀ:—ਸ਼੍ਰੋਮਣੀ ਗੁਰਦੁਆਰਾ ਸੇਵਾਦਾਰ ਕਮੇਟੀ ਦੇ ਨਵੇਂ ਚੁਣੇ ਗਏ ਪ੍ਰਧਾਨ ਸ੍ਰ.ਦਿਆਲ ਸਿੰਘ ਨੇ ਸਿੰਘ ਸਾਹਿਬਾਨ ਤੋਂ ਮੰਗ ਕੀਤੀ ਹੈ ਕਿ ਨਿਰਦੋਸ਼ ਲੋਕਾਂ ਦੀ ਹੱਤਿਆ ਵਿਚ ਸ਼ਾਮਿਲ ਸਿੱਖਾਂ ਦੇ ਵਿਰੁਧ ਹੁਕਮਨਾਮਾ ਜਾਰੀ ਕੀਤਾ ਜਾਵੇ,ਸਿਰਫ ਇਹੋ ਹੀ ਨਹੀਂ ਸਗੋਂ ਪੰਜਾਬ ਦੇ ਪਵਿੱਤਰ ਗੁਰਦੁਆਰਿਆਂ ਨੂੰ ਰਾਜਨੀਤੀ ਤੋਂ ਦੂਰ ਹੀ ਰੱਖਿਆ ਜਾਵੇ।

ਸ਼੍ਰੋਮਣੀ ਗੁਰਦੁਆਰਾ ਸੇਵਾਦਾਰ ਕਮੇਟੀ ਦੀ ਦਿੱਲੀ ਇਕਾਈ ਦੇ ਮੁੱਖੀ ਰਾਜਾ ਸਿੰਘ ਸੇਠੀ ਨੇ ਇਹ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਵੱਖ ਵੱਖ ਅਕਾਲੀ ਗੁਟਾਂ ਵਲੋਂ ਗੁਰਦੁਆਰਿਆਂ ਦੀ ਸਿਆਸੀ ਵਰਤੋਂ ਕਰਨ ਤੇ ਬੈਠਕ ਵਿੱਚ ਚਿੰਤਾ ਦਾ ਪ੍ਰਗਟਾਵਾ ਵੀ ਕੀਤਾ ਗਿਆ।

ਜਥੇਦਾਰ ਗੋਪਾਲ ਸਿੰਘ ਖਾਲਸਾ ਜਨਰਲ ਸਕੱਤਰ ਸ਼ਡਿਊਲਡ ਕਾਸਟ ਵਿੰਗ ਜ.ਅਮਰੀਕ ਸਿੰਘ ਰਣਗੜ੍ਹ ਨੇ ਸਿੰਘ ਸਾਹਿਬ ਸ੍ਰ.ਦਰਸ਼ਨ ਸਿੰਘ ਨੂੰ ਬੇਨਤੀ ਕੀਤੀ ਕਿ ਉਹ ਸਿਆਸਤ ਤੋਂ ਪਰੇ ਰਹਿ ਕੇ ਧਰਮ ਦੀ ਸੇਵਾ ਕਰਨ।

# ਮੁਜ਼ਾਹਦੀਨਾਂ ਨੂੰ ਹੋਰ ਫੌਜੀ ਸਹਾਇਤਾ

ਜਨੇਵਾ:—ਜਨੇਵਾ 'ਚ ਹੋ ਰਹੀ ਪਾਕਿਸਤਾਨੀ ਅਤੇ ਅਫਗਾਨਿਸਤਾਨੀ ਅਧਿਕਾਰੀਆਂ ਵਿਚਕਾਰ ਗੱਲਬਾਤ ਕਾਫੀ ਅਗਾਂਹ ਵਧਣ ਦੀ ਖਬਰ ਮਿਲੀ ਹੈ।

ਅਫਗਾਨਿਸਤਾਨ 'ਚੋਂ ਸੋਵੀਅਤ ਫੌਜਾਂ ਵਾਪਸ ਭੇਜਣ ਅਤੇ ਪਾਕਿਸਤਾਨ 'ਚ ਬੈਠੇ ਮੁਜ਼ਾਹਦੀਨਾਂ ਨੂੰ ਵਾਪਸ ਆਪਣੇ ਦੇਸ਼ ਭੇਜਣ ਦੇ ਮਸਲੇ ਨੂੰ ਲੈ ਕੇ ਦੋਹਾਂ ਦੇਸ਼ਾਂ ਵਿਚਕਾਰ ਗੱਲਬਾਤ ਹੋ ਰਹੀ ਹੈ। ਦੋਹਾਂ ਧਿਰਾਂ ਨੇ ਗੱਲਬਾਤ ਅੱਗੇ ਵਧਣ ਦਾ ਦਾਅਵਾ ਕੀਤਾ ਹੈ ਪਰ ਅਫਗਾਨਿਸਤਾਨ ਨੇ ਇਕ ਲੱਖ 15 ਹਜ਼ਾਰ ਸੋਵੀਅਤ ਫੌਜ ਦਾ ਕੋਈ ਵੇਰਵਾਂ ਨਹੀਂ ਦਿੱਤਾ ਜੋ ਅਫਗਾਨਿਸਤਾਨ 'ਚ ਬੈਠੀ ਦੇਸ਼ ਦੇ ਇਨਕਲਾਬ ਦੀ ਰਾਖੀ ਕਰ ਰਿਹਾ ਹੈ।

ਇਸੇ ਦੌਰਾਨ ਅਮਰੀਕਾ ਨੇ ਅਫਗਾਨ ਸਰਕਾਰ ਵਿਰੋਧੀ ਮੁਜ਼ਾਹਦੀਨਾਂ ਨੂੰ ਹੋਰ ਹਥਿਆਰ ਦੇਣ ਦਾ ਫੈਸਲਾ ਕੀਤਾ ਹੈ। ਸੀ.ਆਈ.ਏ.ਨੇ ਸੋਵੀਅਤ ਜ਼ਹਾਜ਼ਾਂ ਨੂੰ ਡੇਗਣ ਲਈ ਸਰਕਾਰ ਤੋਂ ਹੋਰ ਹਥਿਆਰਾਂ ਦੀ ਮੰਗ ਕੀਤੀ ਸੀ ਜਿਸਦੀ ਮੰਜ਼ੂਰੀ ਸਰਕਾਰ ਨੇ ਦੇ ਦਿੱਤੀ ਹੈ।

**Rokko Sarees & Fabrics**
**6201-6205 Fraser St., Vancouver, B.C. V5W 3A2**
**Tel: (604) 327-3033**

**ਰੋਕੋ ਸਾੜ੍ਹੀਜ਼ ਹ.ਫ਼ਤੇ ਦੇ ਸੱਤੇ ਦਿਨ**
**ਖੁਲ੍ਹਾ ਰਹਿੰਦਾ ਹੈ**

**ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ**
**ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ**


ROKKO SAREES

**ਰੋਕੋ ਸਾੜ੍ਹੀਜ਼ ਐਂਡ ਫੈਬਰਿਕਸ**

IMPORTERS • MANUFACTURERS REPRESENTATIVES • EXPORTERS

# ਸਿਆਸੀ ਵਿਅੰਗ



ਗੁਰਨਾਮ ਸਿੰਘ ਤੀਰ

## ਸਿੰਘ ਸਾਹਿਬ ਦੀ ਪੇਸ਼ਕਸ਼

ਸ੍ਰੀ ਅਕਾਲ ਤਖਤ ਸਾਹਬਿ ਦੇ ਐਕਟਿੰਗ ਜਥੇਦਾਰ ਪ੍ਰੋ.ਦਰਸ਼ਨ ਸਿੰਘ ਨੇ ਕੇਂਦਰ ਸਰਕਾਰ ਅਤੇ ਖਾੜਕੂ ਜਥੇਬੰਦੀਆਂ ਸਮੇਤ ਵੱਖ ਵੱਖ ਸਿੱਖ ਸੰਸਥਾਵਾਂ ਵਿੱਚ ਗੱਲਬਾਤ ਸ਼ੁਰੂ ਕਰਨ ਲਈ ਸਾਲਸੀ ਦੀ ਪੇਸ਼ਕਸ਼ ਕੀਤੀ ਹੈ।

ਜੇ ਇਸ ਖਬਰ ਦੀ ਤਰਦੀਦ ਆ ਗਈ ਤਾਂ ਇਸ ਨੂੰ ਹੋਲੇ-ਮੁਹੱਲੇ ਦਾ ਤੋਹਫਾ ਸਮਝਣਾ ਚਾਹੀਦਾ ਹੈ। ਪ੍ਰੋ.ਦਰਸ਼ਨ ਸਿੰਘ ਨੇ ਇਹ ਗੱਲ ਮੁੜ ਦੁਹਾਈ ਹੈ ਕਿ ਸਮਾਜ ਵਿਰੋਧੀ ਤੱਤਾਂ,ਲੁਟੇਰਿਆਂ ਤੇ ਅਪਰਾਧੀਆਂ ਦੇ ਕੁੱਝ ਟੋਲੇ ਮਾਹੌਲ ਵਿਗਾੜਨ ਲਈ ਸਿਰਤੋੜ ਯਤਨ ਕਰ ਰਹੇ ਹਨ। ਪਰ ਉਨ੍ਹਾਂ ਦੀਆਂ ਕਾਰਵਾਈਆਂ ਦੀ ਬਦਨਾਮੀ ਸਿੱਖ ਸੰਸਥਾਵਾਂ ਨੂੰ ਉਠਾਉਣੀ ਪੈਂਦੀ ਹੈ।

ਸ.ਪ੍ਰਕਾਸ਼ ਸਿੰਘ ਬਾਦਲ ਨੇ ਵੀ ਕੁੱਝ ਮਹੀਨੇ ਪਹਿਲਾਂ ਭਾਰਤ ਸਰਕਾਰ ਨੂੰ ਸੁਝਾਓ ਦਿੱਤਾ ਸੀ ਕਿ ਜੁਝਾਰੂ ਜੱਥੇਬੰਦੀਆਂ ਨਾਲ ਸਿੱਧੀ ਗੱਲਬਾਤ ਕਰੋ। ਭਾਰਤ ਸਰਕਾਰ ਲਈ ਜੁਝਾਰੂ ਜਥੇਬੰਦੀਆਂ ਦੇ ਹੈਡਕਵਾਟਰ ਲੱਭਣੇ ਤੇ ਟੈਲੀਫੋਨ 'ਤੇ ਗੱਲਾਂ ਕਰਨੀਆਂ ਔਖੀ ਸਮੱਸਿਆ ਸੀ। ਪਰ ਹੁਣ ਪ੍ਰੋ.ਦਰਸ਼ਨ ਸਿੰਘ ਨੇ ਇਸ ਸਮੱਸਿਆ ਨੂੰ ਸੌਖਿਆਂ ਕਰ ਦਿੱਤਾ ਹੈ।

ਭਾਰਤ ਸਰਕਾਰ,ਪੰਜਾਬ ਨੂੰ ਅਮਨ ਚੈਨ ਤਾਂ ਨਹੀਂ ਬਖਸ਼ ਸਕੀ ਪਰ ਜੇ ਖਾੜਕੂ ਜਥੇਬੰਦੀਆਂ ਨਾਲ ਗੱਲਬਾਤ ਕਰਨ ਪਿੱਛੋਂ ਇਸ ਸੂਬੇ ਦੇ ਲੋਕ ਸੁੱਖ ਦੀ ਨੀਂਦ ਸੌਂ ਸਕਣ ਤਦ ਇਸ ਪੇਸ਼ਕਸ਼ ਨੂੰ ਜ਼ਰੂਰ ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਪ੍ਰੋ.ਦਰਸ਼ਲ ਸਿੰਘ ਹੁਰਾਂ ਨੇ ਆਪਣੇ ਲਈ ਬੜਾਂ ਸਥਾਨ ਪੈਦਾ ਕੀਤਾ ਹੈ। ਭਾਵੇਂ ਕੁੱਝ ਲੋਕ ਉਨ੍ਹਾਂ ਨੂੰ ਬਾਦਲ-ਟੌਹੜਾ ਪੱਖੀ ਕਹੀ ਜਾਣ ਪਰ ਉਹ ਬਹੁਤ ਹੱਦ ਤੱਕ ਸਰਬ ਸਾਂਝੇ ਲੀਡਰ ਹਨ।

ਉਨ੍ਹਾਂ ਨਾਲ ਇਸ ਗੱਲ ਦਾ ਵੀ ਵਿਚਾਰ ਕੀਤਾ ਜਾ ਸਕਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਪਰੰਪਰਾ ਕੀ ਹੋਣੀ ਚਾਹੀਦੀ ਹੈ ਅਤੇ ਇਸ ਦਾ ਰਾਜਨੀਤੀ ਨਾਲ ਕਿਸ ਤਰ੍ਹਾਂ ਦਾ ਸਬੰਧ ਬਣਦਾ ਹੈ। ਅਜਿਹੀ ਸਥਿਤੀ ਵਿੱਚ ਸ਼ਾਇਦ ਬਰਨਾਲਾ ਸਰਕਾਰ ਨੂੰ ਵੀ ਕੋਈ ਕਿੰਤੂ ਕਰਨ ਦਾ ਮੌਕਾ ਨਾ ਮਿਲੇ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਪ੍ਰੋ.ਦਰਸ਼ਨ ਸਿੰਘ ਹੁਰਾਂ ਦੀ ਸੇਵਾ ਤੋਂ ਕਿਸ ਤਰ੍ਹਾਂ ਦਾ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ। ਜੇ ਸਰਕਾਰ ਨੇ ਇਹ ਮੌਕਾ ਵੀ ਗੁਆ ਦਿੱਤਾ ਤਦ ਹੋ ਸਕਦਾ ਹੈ ਕਿ ਸਥਿਤੀ ਹੋਰ ਵਿਗੜ ਜਾਏ। ਇਸ ਗੱਲ ਦਾ ਤਾਂ ਸਰਕਾਰ ਨੂੰ ਵੀ ਗਿਆਨ ਹੋ ਗਿਆ ਹੋਵੇਗਾ ਕਿ ਜਿਸ ਪੁਲੀਸ ਅਤੇ ਫੌਜ ਉੱਤੇ ਉਹ ਮਾਣ ਕਰਦੀ ਹੈ,ਉਹ ਪੰਜਾਬ ਵਿਚੋਂ ਅਤਿਵਾਦ ਖਤਮ ਕਰਨ ਵਿਚ ਸਫਲ ਨਹੀਂ ਹੋ ਸਕੀ ਅਤੇ ਇਸ ਮਾਮਲੇ ਨੂੰ ਲਮਕਾਏ ਜਾਣਾ ਕਿਸੇ ਪੱਖੋਂ ਵੀ ਸਿਆਣਪ ਨਹੀਂ ਸਮਝੀ ਜਾਵੇਗੀ।

## ਏਧਰ ਵਜ਼ੀਰੀ ਓਧਰ ਅੱਖਾਂ

ਇੱਕ ਅਜ਼ਾਦ ਵਿਧਾਇਕ ਨੇ ਸ.ਸੁਰਜੀਤ ਸਿੰਘ ਬਰਨਾਲਾ ਦੀ ਬੇਵੱਸੀ 'ਤੇ ਅਵਾਜਾ ਕੱਸਦਿਆਂ ਕਿਹਾ,"ਮੈਨੂੰ ਤਾਂ ਸ.ਬਰਨਾਲਾ ਦੀ ਮਜ਼ਬੂਰੀ 'ਤੇ ਤਰਸ ਆਉਂਦਾ ਹੈ। ਦੋ-ਤਿੰਨ ਅਜਿਹੇ ਬੰਦਿਆਂ ਨੂੰ ਵਜ਼ੀਰ ਬਣਾਇਆ ਹੋਇਆ ਹੈ ਜਿਹੜੇ ਇੱਕ ਪਾਸੇ ਲੋਕਾਂ ਦੀ ਛਿੱਲ ਲਾਹੁੰਦੇ ਹਨ,ਦੂਜੇ ਪਾਸੇ ਬਰਨਾਲਾ ਸਾਹਿਬ ਦੇ ਸਿਰ ਵਿੱਚ ਮੋਰੀਆਂ ਕਰਦੇ ਹਨ। ਉਨ੍ਹਾਂ ਨੇ ਇਨ੍ਹਾਂ ਨੂੰ ਪਾਰਟੀ ਵਿਚੋਂ ਤਾਂ ਕੀ ਕੱਢਣਾ ਸੀ ਸਗੋਂ ਵਜ਼ੀਰੀਆਂ ਤੋਂ ਸੇਵਾ ਮੁਕਤ ਵੀ ਨਹੀਂ ਕੀਤਾ।

ਇਕ ਵਜ਼ੀਰ ਨੇ ਕਿਹਾ ਹੈ ਕਿ ਮੈਂ ਵਜ਼ੀਰ ਰਹਾਂਗਾ ਪਰ ਬਰਨਾਲਾ ਸਾਹਿਬ ਦੇ ਮੱਥੇ ਨਹੀਂ ਲੱਗਾਂਗਾ। ਕਿਉਂਕਿ ਉਹ ਹੁਣ ਸਿੰਘ ਸਾਹਿਬਾਨ ਦੇ ਹੁਕਮਨਾਮੇ ਪਿੱਛੋਂ ਸਿੱਖ ਨਹੀਂ ਗਿਣੇ ਜਾ ਸਕਦੇ। ਕੋਈ ਭਲਾ ਇਸ ਵਜ਼ੀਰ ਤੋਂ ਪੁੱਛਣ ਵਾਲ ਹੋਵੇ ਜੇ ਤੁਸੀਂ ਵਜ਼ੀਰ ਰਹੋਗੇ ਤਾਂ ਸ.ਬਰਨਾਲਾ ਦੇ ਕਦੇ ਨਾ ਕਦੇ ਤਾਂ ਮੱਥੇ ਲੱਗਣਾ ਹੀ ਪਵੇਗਾ। ਮੱਥੇ ਲਗਣ ਨਾਲੋਂ ਵਜ਼ੀਰੀ ਤਿਆਗ ਕਰ ਦੇਣਾ ਵਧੇਰੇ ਸ਼ੋਭਾ ਦਿੰਦਾ ਹੈ। ਇੱਕ ਹੋਜ ਵਜ਼ੀਰ ਨੇ ਸਾਰਾ ਪੰਜਾਬ ਲੁੱਟ ਖਾਧਾ ਹੈ। ਸੀ.ਬੀ.ਆਈ.ਵੀ ਉਸਦੀ ਰਿਸ਼ਵਤਖੋਰੀ ਤੋਂ ਪ੍ਰੇਸ਼ਾਨ ਹੈ। ਪਰ ਸ.ਬਰਨਾਲਾ ਉਸਨੂੰ ਸਭ ਤੋਂ ਇਮਾਨਦਾਰ ਵਜ਼ੀਰ ਸਮਝਦੇ ਹਨ।

ਜੇ ਇਸ ਤਰ੍ਹਾਂ ਵਜ਼ੀਰਾਂ ਦੀਆਂ ਵਾਗਾਂ ਖੁੱਲ੍ਹੀਆਂ ਰਹਿਣ,ਲੁੱਟ ਖਸੁੱਟ ਕਰਦੇ ਰਹਿਣ,ਕਿਸੇ ਡਸਿਪਲਨ ਦੀ ਪਰਵਾਹ ਵਾ ਨਾ ਕਰਨ ਤੇ ਸਿੱਖ ਜਨਤਾ ਦੀਆਂ ਅੱਖਾਂ ਵਿਚ ਵੀ ਘੱਟਾ ਪਾਉਣ ਤਾਂ ਅਜਿਹੇ ਵਜ਼ੀਰਾਂ ਨੂੰ ਰੱਖ ਕੇ ਸ.ਬਰਨਾਲਾ ਨੇ ਕਿਹੜੀ ਖੱਟੀ ਖੱਟਣੀ ਹੈ ? ਦਰਅਸਲ ਸ.ਬਰਨਾਲਾ ਦੀ ਮਜ਼ਬੂਰੀ ਇਹ ਹੈ ਕਿ ਉਹ ਲੋੜ ਤੋਂ ਵੱਧ ਸਾਊ ਹਨ। ਕਿਸੇ ਨੂੰ ਵੀ ਮਾੜਾ ਨਹੀਂ ਸਮਝਦੇ। ਇਸ ਲਈ ਕਿਸੇ ਵਿਰੁੱਧ ਐਕਸ਼ਨ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜੇ ਇਨ੍ਹਾਂ ਨੂੰ "ਐਕਸ਼ਨ"ਲਫਜ਼ ਦੇ ਅਰਥ ਆਉਂਦੇ ਹੁੰਦੇ ਤਾਂ ਅੱਜ ਇਸ ਸੰਕਟ ਵਿਚ ਨਾ ਫਸਦੇ ਜਿਸ ਵਿਚੋਂ ਹੁਣ ਨਿਕਲਣਾ ਔਖਾ ਹੋ ਗਿਆ ਹੈ।

## ਜਿਨ ਘਰ ਮੇਮਾਂ ਵੱਸੀਆਂ

ਉਘੇ ਲੀਡਰ ਸ੍ਰੀ ਗੁੰਡੂ ਰਾਓ ਨੇ ਕਿਹਾ ਹੈ ਕਿ ਭਾਰਤ ਦੇ ਕਈ ਮੰਨੇ ਪ੍ਰਮੰਨੇ ਲੀਡਰਾਂ ਆਪਣੇ ਘਰਾਂ ਵਿਚ ਵਿਦੇਸ਼ੀ ਪਤਨੀਆਂ ਰੱਖੀਆਂ ਹੋਈਆਂ ਹਨ। ਅਜਿਹੀ ਹਾਲਤ ਵਿਚ ਦੇਸ਼ ਦੀ ਆਜ਼ਾਦੀ,ਏਕਤਾ ਤੇ ਅਖੰਡਤਾ ਕਿਵੇਂ ਸੁਰੱਖਿਅਤ ਹੋ ਸਕਦੀ ਹੈ ?

ਗੁੰਡੂ ਰਾਓ ਕਈਆਂ ਗੱਲਾਂ ਵਿਚ ਤਾਂ ਠੀਕ ਹੀ ਜਾਪਦੇ ਹਨ। ਪਰ ਪਤਨੀਆਂ ਨੂੰ ਛੱਡੋ। ਇਕੱਲੀ ਸ੍ਰੀ ਰਾਜੀਵ ਗਾਂਧੀ ਦੀ ਪਤਨੀ ਦਾ ਹੀ ਰੋਲ ਵੇਖ ਲਿਆ ਜਾਵੇ। ਭਾਰਤ ਦਾ ਪਿਛਲੇ ਦੋ ਸਾਲਾਂ ਵਿੱਚ ਸ੍ਰੀਮਤੀ ਸੋਨੀਆਂ ਦੇ ਪੇਕਿਆਂ ਦੇ ਦੇਸ਼ ਇਟਲੀ ਨਾਲ ਜਿੰਨਾ ਲੈਣ-ਦੇਣ ਹੋਇਆ ਹੈ ਓਨਾ ਤਾਂ ਰਾਜੀਵ ਗਾਂਧੀ ਦੇ ਸਿਆਸੀ ਗੁਰੂ ਸੋਵੀਅਤ ਦੇਸ਼ ਨਾਲ ਵੀ ਨਹੀਂ ਹੋਇਆ। ਹੁੰਦਾ ਇਸ ਤਰ੍ਹਾਂ ਹੈ ਕਿ ਪਤੀ ਜਿਉਂ ਜਿਉਂ ਸਰੀਰਕ ਤੌਰ ਉੱਤੇ ਕਮਜ਼ੋਰ ਪੈਂਦੇ ਜਾਂਦੇ ਹਨ,ਤਿਉਂ ਤਿਉਂ ਪਤਨੀਆਂ ਦੀ ਚੜ੍ਹ ਮਚਦੀ ਹੈ। ਵਿਦੇਸ਼ੀ ਪਤਨੀਆਂ ਕਿਸੇ ਖਾਸ ਸਥਿਤੀ ਕਾਰਨ ਦੂਜੇ ਦੇਸ਼ ਗਈਆਂ ਹੁੰਦੀਆਂ ਹਨ। ਉਨ੍ਹਾਂ ਨੂੰ ਵਾਹ ਲੱਗਦਿਆਂ ਪਰਾਇਆ ਦੇਸ਼ ਆਪਣੇ ਦੇਸ਼ ਵਾਂਗ ਨਹੀਂ ਲਗਦਾ ਨਵੇਂ ਦੇਸ਼ ਨੂੰ ਉਹ ਪਰਾਇਆ ਹੀ ਸਮਝਦੀਆਂ ਹਨ।

ਮੋਗਾ ਤਹਿਸੀਲ ਦੇ ਇਕ ਪਿੰਡ ਦੇ ਜੱਟ ਨੇ ਦੂਰ ਦੀਆਂ ਪਤਨੀਆਂ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਜੇਕਰ ਪਤਨੀ ਨੇੜੇ ਤੋਂ ਨੇੜੇ ਦੇ ਪਿੰਡ ਦੀ ਹੋਣੀ ਚਾਹੀਦੀ ਹੈ। ਮੇਰੀ ਪਤਨੀ ਤੀਜੇ ਜ਼ਿਲੇ 'ਚੋਂ ਆਈ ਹੈ। ਉਸਨੇ ਮੇਰੇ ਕੋਲੋਂ 3 ਜੁਆਕ ਲਾਹੁਣੇ ਸਨ,ਉਹ ਲਾਹ ਬੈਠੀ ਹੈ। ਹੁਣ ਮੈਨੂੰ ਟਿੱਚ ਸਮਝਦੀ ਹੈ।

ਇਸ ਜੱਟ ਦੀ ਸੋਚਣੀ ਅਨੁਸਾਰ ਜੇ ਤੀਜੇ ਜ਼ਿਲੇ ਦੀ ਪਤਨੀ ਦਾ ਇਸ ਤਰ੍ਹਾਂ ਦਾ ਵਿਹਾਰ ਸਮਝਿਆ ਜਾਂਦਾ ਹੈ ਤਾਂ ਤੀਜੇ ਦੇਸ਼ ਵਿਚੋਂ ਆਈ ਪਤਨੀ ਕਿੰਲੀ ਕੁ ਨੇੜਤਾ ਰੱਖਦੀ ਹੋਵੇਗੀ। ਸ੍ਰੀ ਗੁੰਡੂ ਰਾਓ ਨੂੰ ਭਾਰਤ ਦੇ ਸਮੂਹ ਸਿਆਸਤਦਾਨਾਂ ਦੇ ਨਾਵਾਂ ਦੀ ਲਿਸਟ ਛਾਪ ਦੇਣੀ ਚਾਹੀਦੀ ਹੈ ਜਿਨ੍ਹਾਂ ਕੋਲ ਵਿਦੇਸ਼ੀ ਪਤਨੀਆਂ ਹਨ ਤਾਂ ਕਿ ਆਜ਼ਾਦੀ ਦੀ ਰੱਖਿਆ ਦੇ ਮਾਮਲੇ 'ਤੇ ਪੂਰੀ ਗੰਭੀਰਤਾ ਨਾਲ ਵਿਚਾਰ ਕੀਤਾ ਜਾ ਸਕੇ।

## ਸੁਰਜੀਤ ਸਿੰਘ ਪੁਰਾ

ਸਵਰਗੀ ਹਾਕੀ ਕਪਤਾਨ ਸ.ਸੁਰਜੀਤ ਸਿੰਘ ਦੇ ਪਿੰਡ ਦੀ ਪੰਚਾਇਤ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਪਿੰਡ ਦਾ ਨਾਂ ਸੁਰਜੀਤ ਸਿੰਘ ਪੁਰਾ,ਸੁਰਜੀਤ ਸਿੰਘ ਵਾਲਾ ਜਾਂ "ਸੁਰਜੀਤ ਨਗਰ"ਰੱਖਿਆ ਜਾਵੇ। ਇਸ ਤਰ੍ਹਾਂ ਕਰਨ ਨਾਲ ਹਾਕੀ ਦੇ ਇਸ ਮਹਾਨ ਖਿਡਾਰੀ ਦੀ ਯਾਦ ਕਾਇਮ ਰਹਿ ਸਕੇਗੀ।

ਪਿੰਡ ਵਾਲਿਆਂ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਕਿਸੇ ਪਿੰਡ ਦਾ ਨਾਂ ਬਦਲਣਾ ਕਿੰਨਾ ਔਖਾ ਕੰਮ ਹੈ। ਭਾਰਤ ਸਰਕਾਰ ਦੀ ਪ੍ਰਵਾਨਗੀ ਬਿਨਾਂ ਪਿੰਡ ਦਾ ਨਾਂ ਨਹੀਂ ਬਦਲਿਆ ਜਾ ਸਕਦਾ। ਭਾਰਤ ਦੇ ਸੰਵਿਧਾਨ ਅਨੁਸਾਰ ਸੂਬਿਆਂ ਨੂੰ ਅਜੇ ਤੱਕ ਏਨੇ ਅਧਿਕਾਰ ਪ੍ਰਾਪਤ ਨਹੀਂ ਹਨ ਕਿ ਉਹ ਕਿਸੇ ਪਿੰਡ ਦਾ ਨਾਂ ਬਦਲ ਸਕਣ।

ਸ.ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਸਮੇਂ ਮੁਕਤਸਰ ਤਹਿਸੀਲ ਦੇ ਇੱਕ ਪਿੰਡ ਕੁੱਤਿਆਂਵਾਲੀ ਦੀ ਪੰਚਇਤ ਨੇ ਇਸੇ ਤਰ੍ਹਾਂ ਦਾ ਮਤਾ ਪਾਸ ਕਰ ਕੇ ਭੇਜਿਆ ਸੀ ਕਿ ਸਾਡੇ ਪਿੰਡ ਦਾ ਨਾਂ "ਹੰਸਾਂਵਾਲੀ"ਰੱਖਿਆ ਜਾਵੇ ਉਹ ਮਤਾ ਅਜੇ ਤਕ ਲਟਕਦਾ ਪਿਆ ਹੈ। ਭਾਰਤ ਸਰਕਾਰ ਨੂੰ ਇਸ ਮਤੇ ਦੀ ਪੁਸ਼ਟੀ ਕਰ ਕੇ ਬੇਨਤੀ ਕੀਤੀ ਗਈ ਹੈ ਕਿ "ਕੁੱਤਿਆਂ ਵਾਲੀ"ਦਾ ਨਾਂ ਬਦਲਣਾ ਬਹੁਤ ਜ਼ਰੂਰੀ ਹੈ। ਭਾਵੇਂ ਕੁੱਤਿਆਂ ਦੀ ਵਫਾਦਾਰੀ ਉੱਤੇ ਕਿਸੇ ਨੂੰ ਸ਼ੱਕ ਨਹੀਂ ਪਰ ਪਿੰਡ ਦਾ ਨਾਂ "ਕੁੱਤਿਆਂਵਾਲੀ"ਲਿਖੀ ਜਾਣਾ ਪਿੰਡ ਦੇ ਸਾਊ ਬੰਦਿਆਂ ਦਾ ਅਪਮਾਨ ਹੈ।

ਆਨੰਦਪੁਰ ਸਾਹਿਬ ਦਾ ਮਤਾ ਉਸ ਮਜ਼ਬੂਰੀ ਦਾ ਇੱਕ ਮੂੰਹ ਬੋਲਦਾ ਜਓਬ ਹੈ ਜੋ ਭਾਰਤ ਸਰਕਾਰ ਨੇ ਸੂਬਾਈ ਸਰਕਾਰਾਂ 'ਤੇ ਲਾਗੂ ਕੀਤੀਆਂ ਹੋਈਆਂ ਹਨ। ਸੂਬਿਆਂ ਨੂੰ ਹੋਰ ਕੁੱਝ ਮਿਲੇ ਨਾ ਮਿਲੇ ਏਨਾ ਅਧਿਕਾਰ ਤਾਂ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਪਿੰਡਾਂ ਦੇ ਨਾਂ ਬਦਲ ਸਕਣ।

ਜਿਥੋਂ ਤੱਕ ਪੰਜਾਬ ਦੇ ਪਿੰਡਾਂ ਦਾ ਸਬੰਧ ਹੈ ਏਥੇ ਲਈਤਾਂ ਉਨ੍ਹਾਂ ਦੇ ਗਜ਼ ਹੀ ਵੱਖਰੇ ਹਨ ਉਹ ਤਾਂ ਇਹ ਚਾਹੁੰਦੇ ਹੋਣਗੇ ਕਿ ਜੇ ਪੰਜਾਬ ਦਾ ਨਾਂ ਵੀ ਕੁਚੱਜਾ ਹੁੰਦਾ ਤਾਂ ਇਹ ਵੀ ਬਦਲਿਆ ਜਾਂਦਾ।


INCOME TAX from $15
ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



MANGAT AGENCIES
No. 2-7171 King George HWY
SURREY, B.C.

C.S. Mangat
(Ex. Bank Manager)

594-5711 594-2254



An Advance DRIVING SCHOOL

4677 Main St. & 30th, Vancouver, B.C. V5V 3R6

We'll help you in getting Learner's Licence

BABU BANSAL Ph. 872-7375

ਐਨ ਐਡਵਾਂਸ ਡਰਾਈਵਿੰਗ ਸਕੂਲ

4677 ਮੇਨ ਸਟਰੀਟ, ਵੈਨਕੂਵਰ, ਬੀ. ਸੀ.

ਜੇ ਤੁਸੀਂ ਕਾਰ ਜਾਂ ਟੈਕਸੀ ਦਾ ਲਾਈਸੈਂਸ ਲੈਣਾ ਚਾਹੁੰਦੇ ਹੋ ਜਾਂ ਇਸ ਕਿਤਾਬ ਬਾਰੇ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਫੋਨ ਕਰੋ :



ਬਾਬੂ ਬਾਂਸਲ

ਫ਼ੋਨ : 872-7375

# ਚੰਡੀਗੜ੍ਹ ਦੇ ਬੈਂਕਾਂ ਦੀ ਸੁਰੱਖਿਆ ਲਈ ਮੁੜ ਵਿਚਾਰ

ਚੰਡੀਗੜ੍ਹ:—ਲੁਧਿਆਣੇ 'ਚੋਂ ਨੈਸ਼ਨਲ ਬੈਂਕ 'ਚੋਂ ਦਹਿਸ਼ਤਗਰਦਾਂ ਵਲੋਂ 5 ਕਰੋੜ 70 ਲੱਖ ਰੁਪਏ ਲੁੱਟਣ ਮਗਰੋਂ ਚੰਡੀਗੜ੍ਹ ਸਥਿਤ ਬੈਂਕਾਂ ਦੀ ਸੁਰੱਖਿਆ ਦੇ ਪ੍ਰਬੰਧਾਂ 'ਤੇ ਮੁੜ ਵਿਚਾਰ ਸ਼ੁਰੂ ਕਰ ਦਿੱਤੀ ਗਈ ਹੈ।

ਚੰਡੀਗੜ੍ਹ ਵਿਚ ਪਿਛਲੇ ਤਿੰਨ ਸਾਲ ਦੇ ਸਮੇਂ 'ਚ ਅੱਧੀ ਦਰਜਨ ਬੈਂਕ ਡਕੈਤੀਆਂ ਮਾਰੀਆਂ ਗਈਆਂ ਇਨ੍ਹਾਂ ਵਿਚੋਂ ਬਹੁਤੀਆਂ ਘਟਨਾਵਾਂ ਪੰਜਾਬ ਤੇ ਹਰਿਆਣਾ ਦੀਆਂ ਸਰਹੱਦਾਂ ਨਾਲ ਲਗਦੇ ਸੈਕਟਰਾਂ ਵਿਚ ਵਾਪਰੀਆਂ ਸਨ। ਇਸ ਉਪਰੰਤ ਸਥਾਨਕ ਪੁਲੀਸ ਨੇ ਬੈਂਕ ਨੂੰ ਸੁਰੱਖਿਆ ਦੇਣ ਤੇ ਡਕੈਤੀ ਸਮੇਂ ਤੁਰੰਤ ਉੜਨ ਦਸਤੇ ਦੀ ਸਹਾਇਤਾ ਦੇਣ ਲਈ ਮੁੱਖ ਬੈਂਕ ਬਰਾਂਚਾਂ ਨੂੰ ਪੁਲੀਸ ਕੰਟਰੋਲ ਰੂਮ ਨਾਲ ਜੋੜ ਦਿੱਤਾ ਗਿਆ ਸੀ। ਇਸ ਤਰ੍ਹਾਂ ਨਾਲ ਬੈਂਕ 'ਚ ਡਕੈਤੀ ਸਮੇਂ ਕੰਟਰੋਲ ਰੂਮ ਨੂੰ ਤੁਰੰਤ ਇਤਲਾਹ ਮਿਲ ਜਾਂਦੀ ਸੀ।

ਲੁਧਿਆਣੇ ਦੀ ਡਕੈਤੀ ਉਪਰੰਤ ਚੰਡੀਗੜ੍ਹ ਸਥਿਤ ਸੈਕਟਰ 17 'ਚ ਕੌਮੀਕਰਨ ਕੀਤੇ ਅਤੇ ਹੋਰ ਬੈਂਕਾਂ ਦੇ ਰੀਜਨਲ ਦਫਤਰ ਹੋਣ ਕਰਕੇ,ਇਨ੍ਹਾਂ ਬੈਂਕਾਂ ਦੀਆਂ ਚੈਸਟਾਂ ਜਿਨ੍ਹਾਂ ਵਿਚ ਅਰਬਾਂ ਰੁਪਏ ਦੀ ਨਕਦੀ ਹਰ ਸਮੇਂ ਰਹਿੰਦੀ ਹੈ ਦੀ ਸੁਰੱਖਿਆ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ। ਸੁਰੱਖਿਆ ਦੇ ਪ੍ਰਬੰਧਾਂ ਦਾ ਜਾਇਜ਼ਾ ਚੰਡੀਗੜ੍ਹ ਪੁਲੀਸ ਦੇ ਉਚ-ਅਧਿਕਾਰੀਆਂ ਵਲੋਂ ਬੈਂਕਾਂ ਦੇ ਉਚ ਅਧਿਕਾਰੀਆਂ ਦੇ ਸਹਿਯੋਗ ਨਾਲ ਲਿਆ ਜਾ ਰਿਹਾ ਹੈ।

ਦਹਿਸ਼ਤਗਰਦਾਂ ਨੇ ਜਿਸ ਵਿਉਂਤ ਨਾਲ ਲੁਧਿਆਣੇ 'ਚ ਪੰਜਾਬ ਨੈਸ਼ਨਲ ਬੈਂਕ 'ਚ ਵੱਡੀ ਗਿਣਤੀ 'ਚ ਰੁਪਿਆ ਲੁੱਟਿਆ ਹੈ ਉਸਤੋਂ ਪੁਲੀਸ ਤੇ ਬੈਂਕ ਅਧਿਕਾਰੀ ਵੀ ਹੈਰਾਨ ਰਹਿ ਗਏ ਹਨ। ਇਹ ਪਹਿਲਾ ਮੌਕਾ ਹੈ ਕਿ ਉਤਰ ਜ਼ੋਨ ਵਿਚ ਮਾਰੇ ਗਏ ਬੈਂਕ ਡਾਕੇ ਦੀ ਜਾਂਚ ਕੇਂਦਰੀ ਜਾਂਚ ਬਿਊਰੋ ਵਲੋਂ ਕੀਤੀ ਜਾ ਰਹੀ ਹੈ।

ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰੀ ਜਾਂਚ ਬਿਊਰੋ ਦੀ ਰਿਪੋਰਟ ਦੇ ਆਧਾਰ 'ਤੇ ਹੀ ਬੈਂਕਾਂ ਦੀ ਹੋਰ ਸੁਰੱਖਿਆ ਦੇ ਪ੍ਰਬੰਧ ਕੀਤੇ ਜਾਣਗੇ।

ਇਥੇ ਇਹ ਗੱਲ ਵਰਨਣਯੋਗ ਹੈ ਪਿਛਲੇ ਤਿੰਨ ਸਾਲਾਂ ਵਿਚ ਚੰਡੀਗੜ੍ਹ,ਪੰਜਾਬ ਤੇ ਦਿੱਲੀ ਵਿਚ ਵਿਸ਼ੇਸ਼ ਵਿਅਕਤੀਆਂ ਦੇ ਕਈ ਕਤਲਾਂ ਦੀ ਜਾਂਚ ਕੇਂਦਰੀ ਜਾਂਚ ਬਿਊਰੋ ਨੂੰ ਸੌਂਪੀ ਗਈ ਸੀ ਪਰੰਤੂ ਉਨ੍ਹਾਂ ਵਿਚੋਂ ਬਹੁਤੇ ਕੇਸਾਂ ਵਿਚ ਸੀ.ਬੀ.ਆਈ. ਵੀ ਅਸਲੀ ਮੁਜ਼ਰਮਾਂ ਦਾ ਪਤਾ ਲਗਾਉਣ ਵਿਚ ਸਫਲ ਨਹੀਂ ਹੋ ਸਕੀ। ਕਈ ਕੇਸਾਂ ਦੀ ਜਾਂਚ ਪਿਛਲੇ ਦੋ ਸਾਲਾਂ ਤੋਂ ਚਲੀ ਆ ਰਹੀ ਹੈ,ਪਰੰਤੂ ਸੀ.ਬੀ.ਆਈ. ਅਜੇ ਤੱਕ ਕਿਸੇ ਨਤੀਜੇ 'ਤੇ ਨਹੀਂ ਪਹੁੰਚ ਸਕੀ।

# ਪ੍ਰੋ.ਪੂਰਨ ਸਿੰਘ ਯਾਦਗਾਰੀ ਕਮੇਟੀ ਨੂੰ ਸਹਿਯੋਗ ਦੀ ਪੇਸ਼ਕਸ਼

ਨਵੀਂ ਦਿੱਲੀ:—ਸਿੱਖਿਆ ਤੇ ਸਭਿਆਚਾਰਕ ਬਾਰੇ ਕੇਂਦਰੀ ਰਾਜ ਮੰਤਰੀ ਸ੍ਰੀਮਤੀ ਕ੍ਰਿਸ਼ਨਾ ਸ਼ਾਹੀ ਨੇ ਐਲਾਨ ਕੀਤਾ ਹੈ ਕਿ ਫਿਰਕੂ ਸਦਭਾਵਨਾ,ਰਾਸ਼ਟਰੀ ਏਕਤਾ ਤੇ ਪੰਜਾਬੀ ਸਭਿਆਚਾਰ ਦੇ ਪ੍ਰਚਾਰ ਲਈ ਪ੍ਰੋ.ਪੂਰਨ ਸਿੰਘ ਯਾਦਗਾਰੀ ਕਮੇਟੀ ਜਿਹੜਾ ਵੀ ਪ੍ਰਾਜੈਕਟ ਸ਼ੁਰੂ ਕਰੇਗੀ ਮਨੁੱਖੀ ਸਰੋਤ ਤੇ ਵਿਕਾਸ ਮੰਤਰਾਲੇ ਵਲੋਂ ਪੂਰਾ ਪੂਰਾ ਸਹਿਯੋਗ ਦਿੱਤਾ ਜਾਵੇਗਾ।

ਉਹ ਪ੍ਰੋ.ਪੂਰਨ ਸਿੰਘ ਦੇ 106ਵੇਂ ਜਨਮ ਦਿਨ 'ਤੇ ਆਯੋਜਿਤ ਸਮਾਗਮ ਦੇ ਮੁੱਖ ਮਹਿਮਾਨ ਸਨ। ਉਨ੍ਹਾਂ ਦਾ ਸੰਦੇਸ਼ ਸ੍ਰੀ ਮਨਮੋਹਨ ਸਿੰਘ ਵਲੋਂ ਪੜ੍ਹ ਕੇ ਸੁਣਾਇਆ ਗਿਆ। ਮੰਤਰਾਲੇ ਵਲੋਂ 25 ਹਜ਼ਾਰ ਰੁਪਏ ਦੀ ਐਡਹਾਕ ਗਰਾਂਟ ਦਾ ਐਲਾਨ ਵੀ ਕੀਤਾ ਗਿਆ।

ਜੰਗਲਾਤ ਖੋਜ ਸੰਸਥਾ ਡੇਹਰਾਦੂਨ ਦੇ ਡਾ.ਕੇ.ਐਸ.ਆਇਰ ਨੇ ਜੰਗਲਾਤ ਦੇ ਖੇਤਰ ਵਿਚ ਪ੍ਰੋ.ਪੂਰਨ ਸਿੰਘ ਦੇ ਯੋਗਦਾਨ ਬਾਰੇ ਰੋਸ਼ਨੀ ਪਾਈ।ਸ੍ਰੀਮਤੀ ਪ੍ਰਭਜੋਤ ਕੌਰ ਨੇ ਪ੍ਰੋ.ਪੂਰਨ ਸਿੰਘ ਦੀਆਂ ਕੁੱਝ ਕਵਿਤਾਵਾਂ ਸੁਣਾਈਆਂ ਜਦ ਕਿ ਪਟਿਆਲਾ ਦੇ ਪ੍ਰੋ.ਗੁਰਚਰਨ ਸਿੰਘ ਨੇ ਕਿਹਾ ਕਿ

# ਅਦਾਲਤਾਂ ਸਿਆਸੀ ਲੀਡਰਾਂ ਦੇ ਗੂਠੇ ਥੱਲੇ

ਭਾਰਤ ਦੀਆਂ ਅਦਾਲਤਾਂ ਇੱਕ ਹਾਸੋ ਹੀਣੀ ਖੇਡ ਬਣ ਗਈਆਂ ਹਨ। ਮਿਸ਼ਰਾ ਰਿਪੋਰਟ ਤੋਂ ਇਹ ਸਾਫ ਜ਼ਾਹਿਰ ਹੁੰਦਾ ਹੈ ਕਿ ਇਹ ਸਿਆਸੀ ਦਬਾ ਥੱਲੇ ਲਿਖੀ ਗਈ ਹੈ। ਸਿਵਲ ਲਿਬਰਟੀ ਤੇ ਜਮਹੂਰੀ ਸੰਸਥਾਵਾਂ,ਜਿਨ੍ਹਾਂ "Who are Guilty"ਦੋਸ਼ੀ ਕੌਣ ਹੈ ਦੀ ਰਿਪੋਰਟ ਛਾਪੀ ਸੀ,ਨੇ ਚੰਗੀ ਤਰ੍ਹਾਂ ਦੋਸ਼ੀਆਂ ਵਾਰੇ ਖੋਜ ਕੀਤੀ ਸੀ ਤੇ ਉਨ੍ਹਾਂ ਵੱਲ ਸਿੱਧਾ ਇਸ਼ਾਰਾ ਕੀਤਾ ਹੈ ਤੇ ਐਡਰੇਸ ਵੀ ਦਿੱਤੇ ਹਨ। ਉਨ੍ਹਾਂ ਵਿੱਚ 3000 ਸਿੱਖਾਂ ਦਾ ਕਤਲੇਆਮ ਕਰਨ ਵਾਲੇ,ਅੱਜ ਕਾਂਗਰਸ (ਆਈ) ਹੁਕਮਰਾਨ ਸਰਕਾਰ ਦੇ ਕੈਬਨਿਟ ਵਿੱਚ ਮੰਤਰੀ ਹਨ। ਇਨ੍ਹਾਂ ਵੱਡੀਆਂ ਤੋਪਾਂ ਨੂੰ ਬਚਾਉਣ ਲਈ ਮਿਸ਼ਰਾ ਰਿਪੋਰਟ ਤਰੋੜ ਮਰੋੜ ਕੇ ਛਾਪੀ ਗਈ ਹੈ। ਇਸ ਰਿਪੋਰਟ ਤੋਂ ਸਾਫ ਪਤਾ ਲੱਗਦਾ ਹੈ ਕਿ ਕਾਂਗਰਸ ਸਰਕਾਰ ਦੇ ਉਚ ਦਰਜੇ ਦੇ ਮੰਤਰੀ ਭੀ ਭਰਿਸ਼ਟਾਂਚਾਰ ਨਾਲ ਲਿਬੜੇ ਹੋਏ ਹਨ। ਭਾਰਤ ਵਿੱਚ ਅੱਜ ਇਨਸਾਫ ਦੀ ਆਸ ਤਾਂ ਮੁੱਕ ਹੀ ਚੁੱਕੀ ਹੈ—ਖਾਸ ਕਰਕੇ ਸਿੱਖਾਂ ਨਾਲ। ਅਸੀਂ ਭਾਰਤ ਸਰਕਾਰ ਦਾ ਇਸ ਘੱਲੂਘਾਰੇ ਤੇ ਪਰਦਾ ਪਾਉਣ ਦੀਆਂ ਕੋਸ਼ਿਸ਼ਾਂ ਦੀ ਨਿਖੇਧੀ ਕਰਦੇ ਹਾਂ। ਅਸੀਂ ਇਸਦਾ ਉਨ੍ਹਾਂ ਹੀ ਵਿਰੋਧ ਕਰਦੇ ਹਾਂ ਜਿਨ੍ਹਾਂ ਕਿ ਅਸੀਂ ਹੋਲੋਕਾਸਟ ਨੂੰ ਇਨਕਾਰ ਕਰਨ ਵਾਲੇ ਨਸਲਵਾਦੀਆਂ ਦਾ ਕਰਦੇ ਹਾਂ।

ਪੁਲਸ ਅਤੇ 19 ਅਧਿਕਾਰੀਆਂ ਨੂੰ ਅਪਰਾਧੀ ਕਰਾਰ ਦੇ ਕੇ,ਸਰਕਾਰ ਸਿਖ ਲੋਕਾਂ ਦੇ ਮਨਾਂ ਵਿੱਚ ਠੰਡ ਨਹੀਂ ਪਾ ਸਕੇਗੀ,ਸਗੋਂ ਇਸ ਨਾਲ ਗੁੱਸੇ ਦੀ ਅੱਗ ਭੜਕੇਗੀ। ਭਾਰਤ ਵਿੱਚ ਸਿੱਖਾਂ ਦਾ ਓਹੀ ਹਾਲ ਹੈ ਜੋ ਕਿਊਬਿਕ ਵਿੱਚ ਵਸਦੇ ਕੈਨੇਡਾ ਦੇ ਫਰਾਂਸੀਸੀ ਲੋਕਾਂ ਦਾ ਸੀ। ਫਰਕ ਸਿਰਫ ਏਨਾ ਹੈ ਕਿ ਜਿਥੇ ਲੀਡਰਸ਼ਿਪ ਇੱਕ ਸਿਆਣੇ ਬੰਦੇ ਦੇ ਹੱਥ ਸੀ ਜਿਸਨੇ ਫਰਾਂਸੀ ਜ਼ਬਾਨ ਅੰਗਰੇਜ਼ੀ ਦੇ ਬਰਾਬਰ ਬਣਾ ਦਿੱਤੀ ਤੇ ਫੈਡਰਲ ਸਰਕਾਰ ਵਿੱਚ ਫਰਾਂਸੀ ਲੋਕਾਂ ਦੀ ਗਿਣਤੀ ਭੀ ਵਧਾ ਦਿੱਤੀ। ਪਰ ਪੰਜਾਬ ਵਿੱਚ ਲੀਡਰਸ਼ਿਪ ਖੁਦਗਰਜ਼ ਲੋਕਾਂ ਦੇ ਹੱਥ ਵਿੱਚ ਹੈ ਜਿਨ੍ਹਾਂ ਨੂੰ ਕੁਰਸੀ ਤੋਂ ਵਗੈਰ ਹੋਰ ਕੁੱਝ ਨਹੀਂ ਦਿੱਸਦਾ। ਕੁਰਸੀ ਲੈਂਦਿਆਂ ਲੈਂਦਿਆਂ ਉਨ੍ਹਾਂ ਪੰਜਾਬ ਦੀ ਪੰਜਾਬੜੀ ਬਣਾ ਦਿੱਤੀ। ਅੱਜ ਇਨ੍ਹਾਂ ਗੱਲਾਂ ਨੂੰ ਯਾਦ ਕਰਕੇ ਸ਼ਾਹ ਮੁਹੰਮਦ ਚੇਤੇ ਆਉਂਦਾ ਹੈ ਜਿਸਨੇ ਲਿਖਿਆ ਸੀ:—

ਸ਼ਾਹ ਮੁਹੰਮਦਾ ਇੱਕ ਸਰਕਾਰ ਵਾਂਝੋ
ਫੌਜਾਂ ਜਿੱਤਕੇ ਅੰਤ ਨੂੰ ਹਾਰੀਆਂ ਨੇ।

ਅੱਜ ਭਾਰਤ ਵਿੱਚ ਸਚਾਈ ਸਦਾਚਾਰ ਤੇ ਅਸੂਲਾਂ ਦਾ ਦਿਵਾਲਾ ਨਿੱਕਲ ਚੁੱਕਿਆ ਹੈ ਤੇ ਰਿਸ਼ਵਤਖੋਰੀ ਦਾ ਜ਼ੋਰ ਹੈ। ਇਉਂ ਜਾਪਦਾ ਹੈ ਕਿ ਕਲਜੁੱਗ ਸਿਖਰ ਦੀ ਟੀਸੀ ਤੇ ਪਹੁੰਚ ਚੁੱਕਿਆ ਹੈ। ਸਿਆਸੀ ਦਬਾਓ ਥੱਲੇ ਸਚਾਈ ਨੂੰ ਕੂੜ ਨਾਲ ਦਬਾਇਆ ਜਾਂਦਾ ਹੈ। ਇਹੋ ਜਿਹੀ ਹਕੂਮਤ ਅਤੇ ਹੁਕਮਰਾਨ ਬਹੁਤ ਚਿਰ ਮਨ ਆਈਆਂ ਨਹੀਂ ਕਰ ਸਕਣਗੇ। ਸੱਚ ਵਕਤੀ ਤੌਰ ਤੇ ਦਬਾਇਆ ਜਾ ਸਕਦਾ ਹੈ। ਸੱਚ ਉਘੜ ਕੇ ਆਵੇਗਾ ਜਿਵੇਂ ਨੇਰੇ ਵਿਚੋਂ ਸੂਰਜ ਦੀ ਲਾਲੀ ਆਉਂਦੀ ਹੈ। ਇਸ ਦਿਵਾਲੀਏ ਤੇ ਅਖਾਉਤੀ ਜਮਹੂਰੀਅਤ ਦੀ ਅੰਤ ਨੇੜੇ ਹੀ ਹੈ।

ਵਲੋਂ
ਚਰਨ ਪਾਲ ਗਿੱਲ
ਪਰਧਾਨ,ਪਿਕਸ ਸੋਸਾਇਟੀ

ਨੋਟ:—ਇਹ ਟੀਕਾ ਟਿੱਪਣੀ "ਸਮੇਂ ਦੀ ਆਵਾਜ਼"ਰੇਡੀਓ ਪਰੋਗਰਾਮ ਤੇ ਕੀਤੀ ਗਈ ਸੀ।

# ਖਾਲਸਾ ਐਲੀਮੈਂਟਰੀ ਸਕੂਲ ਵੈਨਕੂਵਰ ਵਿਖੇ,ਪ੍ਰੋਫੈਸਰ ਗੁਰਮੁਖ ਸਿੰਘ,ਗਿਆਨੀ ਦਿਤ ਸਿੰਘ ਯਾਦਗਾਰੀ ਧਾਰਮਿਕ ਮੁਕਾਬਲੇ

ਆਪ ਸਮੂਹ ਸੰਗਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ,ਕਿ 4 ਅਪਰੈਲ ਦਿਨ ਸਨਿਚਰਵਾਰ ਨੂੰ ਪੰਥ ਦੀਆਂ ਇਨ੍ਹਾਂ ਦੋ ਮਹਾਨ ਹਸਤੀਆਂ ਦੀ ਯਾਦ ਵਿਜ ਧਾਰਮਿਕ ਮੁਕਾਬਲੇ ਹੋ ਰਹੇ ਹਨ। ਇਹ ਮੁਕਾਬਲੇ"ਸਤਿਨਾਮੁ ਐਜੂਕੇਸ਼ਨਲ ਸੁਸਾਇਟੀ ਵੈਨਕੂਵਰ ਵਲੋਂ ਹੋ ਰਹੇ ਹਨ,ਅਤੇ ਇਨ੍ਹਾਂ ਵਲੋਂ ਚਲ ਰਹੇ ਖਾਲਸਾ ਐਲੀਮੈਂਟਰੀ ਸਕੂਲ (6010 ਫਰੇਜਰ ਸਟਰੀਟ,ਵੈਨਕੂਵਰ) ਵਿਚ 4 ਅਪਰੈਲ ਨੂੰ ਸਵੇਰ ਦੇ 10 ਵਜੇ ਮੁਕਾਬਲੇ ਸ਼ੁਰੂ ਹੋ ਕੇ ਸ਼ਾਮ ਦੇ 6 ਵਜੇ ਤੀਕ ਸਮਾਪਤ ਹੋ ਜਾਣਗੇ। 5 ਅਪਰੈਲ ਨੂੰ ਸ਼ਾਮ ਦੇ 3 ਵਜੇ ਵਿਜੇਤਾ ਰਹਿਣ ਵਾਲਿਆਂ ਨੂੰ ਅਤੇ ਹਿੱਸਾ ਲੈਣ ਵਾਲਿਆਂ ਨੂੰ ਇਨਾਮਾਂ ਨਾਲ ਸਨਮਾਨਿਤ ਕੀਤਾ ਜਾਵੇਗਾ।

ਹਿੱਸਾ ਲੈਣ ਲਈ ਉਮਰਾਂ ਅਨੁਸਾਰ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ।

—— —— —— —— —— ——

ਪਹਿਲਾ ਗਰੁੱਪ 6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ—ਦੂਜਾ ਗਰੁੱਪ 6-8 ਸਾਲ,—ਤੀਜਾ ਗਰੁੱਪ 8-10 ਸਾਲ,ਚੌਥਾ 10-12 ਸਾਲ,ਪੰਜਵਾਂ 12-14 ਸਾਲ,ਛੇਵਾਂ 14-18 ਸਾਲ ਤੱਕ।

ਤੀਜੇ ਗਰੁੱਪ ਤੋਂ ਲੈ ਕੇ ਛੇਵੇਂ ਗਰੁੱਪ ਤੱਕ ਕੀਰਤਨ,ਕਵਿਤਾ,ਭਾਸ਼ਣ ਪ੍ਰਤੀਯੋਗਤਾ,ਗੁਰਬਾਣੀ ਤੇ ਸਿੱਖ ਇਤਿਹਾਸ ਦੇ ਚਾਰ ਖੇਤਰ ਮਿਥੇ ਗਏ ਹਨ। ਗੁਰਬਾਣੀ ਤੇ ਇਤਿਹਾਸ ਦਾ ਸੁਮੇਲ ਹੈ,ਪਰ ਦੋਨੋਂ 50-50 ਨੰਬਰ ਦੇ ਮਜ਼ਮੂਨ ਹਨ।

ਤੀਜੇ ਗਰੱਪ ਤੋਂ ਲੈ ਕੇ ਵੱਡੇ ਗਰੁੱਪ ਤਕ ਕੀਰਤਨ ਵਿਚ ਪਹਿਲਾ ਸ਼ਬਦ ਰਾਗ ਵਿਚ ਗਾਇਨ ਕਰਨਾ ਜ਼ਰੂਰੀ ਹੈ। ਕਵਿਤਾ ਪੇਪਰ ਦੀ ਸਹਾਇਤਾ ਨਾਲ ਪੜ੍ਹੀ ਜਾ ਸਕਦੀ ਹੈ,ਪਰ ਭਾਸ਼ਣ ਪ੍ਰਤੀਯੋਗਤਾ ਵਿਚ ਭਾਸ਼ਣ ਕੰਠ ਹੋਣਾ ਜ਼ਰੂਰੀ ਹੈ। ਭਾਸ਼ਣ ਘੱਟ ਤੋਂ ਘੱਟ ਦੋ ਮਿੰਟ ਦਾ ਹੋਣਾ ਜ਼ਰੂਰੀ ਹੈ। ਅਤੇ ਵੱਧ ਤੋਂ ਵੱਧ ਪੰਜ ਮਿੰਟ 'ਚ ਸਮਾਪਤ ਹੋਣਾ ਚਾਹੀਦਾ ਹੈ। ਸ਼ਬਦ ਗਾਇਨ ਲਈ ਸਮਾਂ ਘੱਟ ਤੋਂ ਘੱਟ ਦੋ ਮਿੰਟ ਅਤੇ ਵੱਧ ਤੋਂ ਵੱਧ 8 ਮਿੰਟ ਤਕ ਸਮਾਪਤ ਹੋਣਾ ਚਾਹੀਦਾ ਹੈ। ਕੀਰਤਨ ਵਿਚ ਅਲਾਪ,ਸ਼ੁਧ ਉਚਾਰਣ,ਰਾਗ ਦੀਆਂ ਤਾਨਾਂ ਅਨੁਸਾਰ ਨੰਬਰਾਂ ਦੀ ਵੰਡ ਹੋਵੇਗੀ।

ਮੁਕਾਬਲੇ ਵਿਚ ਸ਼ਾਮਲ ਹੋਣ ਵਾਲਾ ਵਿਦਿਆਰਥੀ ਪੰਜਾਬੀ ਪਹਿਰਾਵੇ ਵਿਚ ਹੋਣਾ ਜ਼ਰੂਰੀ ਹੈ,ਰੰਗ ਕੋਈ ਵੀ ਹੋ ਸਕਦਾ ਹੈ।

ਕੋਈ ਭੜਕੀਲਾ ਪਹਿਰਾਵਾ ਨਹੀਂ ਹੋਣਾ ਚਾਹੀਦਾ।

ਭਾਸ਼ਣ ਅੰਗਰੇਜ਼ੀ ਵਿਚ ਦਿਤਾ ਜਾ ਸਕਦਾ ਹੈ।

ਹੋਰ ਜਾਣਕਾਰੀ ਜਾਂ ਸਿਲੇਬਸ ਵਾਰੇ ਵਿਸਥਾਰ ਪੂਰਬਕ ਪਤਾ ਕਰਨਾ ਹੋਵੇ,ਤਾਂ ਫੋਨ ਕਰੋ ਪੂਰਨ ਸਿੰਘ ਗਿੱਲ 324-2741 ਸਰਦਾਰਨੀ ਦਵਿੰਦਰ ਕੌਰ 321-1226

ਗੁਰੂ ਪੰਥ ਦੇ ਦਾਸ,
ਸਤਿਨਾਮ ਐਜੂਕੇਸ਼ਨਲ ਸੁਸਾਇਟੀ,ਵੈਨਕੂਵਰ।

ਫਾਰਮਜ਼ ਹੇਠ ਲਿਖੇ ਐਡਰਸ ਤੋਂ ਮਿਲ ਸਕਦੇ ਹਨ 6010 ਫਰੇਜਰ ਸਟਰੀਟ,ਵੈਨਕੂਵਰ ਦੇ ਸ਼ਾਮ ਵੇਲੇ ਪੰਜਾਬੀ ਸਕੂਲ।

ਸਮਾਂ:ਬੁੱਧਵਾਰ ਤੇ ਸ਼ੁੱਕਰਵਾਰ ਸ਼ਾਮ ਦੇ 6 ਤੋਂ 8 ਵਜੇ ਤੱਕ।
ਸਨਿਚਰਵਾਰ ਤੇ ਐਤਵਾਰ ਤਿੰਨ ਵਜੇ ਤੋਂ 6 ਵਜੇ ਤੱਕ।


RIVER SIDE AUTO MOTIVE LTD.

34374 VYE RD. ABBOTSFORD, B.C. V2S N42

ਐਬਟਸਫੋਰਡ ਵਿਖੇ ਹਰ ਪ੍ਰਕਾਰ ਦੀਆਂ ਕਾਰਾਂ ਦੀ ਸਸਤੀ ਤੇ ਤਸੱਲੀਬਖ਼ਸ਼ ਸਰਵਿਸ ਤੇ ਮੁਰੰਮਤ ਕਰਾਉਣ ਲਈ ਸਾਨੂੰ ਸੇਵਾ ਦਾ ਮੌਕਾ ਦਿਓ

ਕਾਰ ਦੀ ਆਟੋ ਜਾਂ ਮਕੈਨੀਕਲ ਰਿਪੇਅਰ, ਬਾਡੀ, ਵਿੰਡਸ਼ੀਲਡ ਤੇ ਟਿਊਨ ਅਪ ਕਰਾਉਣ ਲਈ ਹਰ ਪ੍ਰਕਾਰ ਦੀ ਗਰੰਟੀ ਦਿੱਤੀ ਜਾਂਦੀ ਹੈ।

All types of Auto Repairs, Body Work, Mechanical Repairs and Painting, Auto upholsitry and Windshields

ICBC claims accepted

RIVERSIDE

ਹੋਰ ਜਾਣਕਾਰੀ ਲਈ ਸੰਪਰਕ ਕਰੋ

(PAUL) Dhaliwal

Ph. Bus. (604) 852-1970 Res. 853-4257



B. (Paul) DHALIWAL

# ਵੈਨਕੂਵਰ ਵਿਚ ਬੇਸਮਿੰਟਾਂ ਦਾ ਮਸਲਾ

ਸੂਫੀ ਅਮਰਜੀਤ

29 ਜਨਵਰੀ 1987 ਨੂੰ ਵੈਨਕੂਵਰ ਮਿਊਂਸਪਲ ਕਮੇਟੀ ਦੀ ਘਰਾਂ ਬਾਰੇ ਕਮੇਟੀ ਨੇ ਘਰਾਂ ਦੀਆਂ ਬੇਸਮਿੰਟਾਂ ਬਾਰੇ ਜੋ ਨਵਾਂ ਕਾਨੂੰਨ 1 ਦੇ ਮੁਕਾਬਲੇ 5 ਦੀ ਬਹੁਸੰਮਤੀ ਨਾਲ ਪਾਸ ਕਰ ਦਿੱਤਾ ਹੈ,ਉਸਨੇ ਇਕ ਵੱਡੀ ਸੱਮਸਿਆ ਖੜ੍ਹੀ ਕਰ ਦਿੱਤੀ ਹੈ ।

ਇਸ ਨਵੇਂ ਕਾਨੂੰਨ ਅਨੁਸਾਰ ਘਰ ਕੇਵਲ ਇਕ ਪਰਵਾਰ ਦੇ ਰਹਿਣ ਲਈ ਹਨ । ਉਸਦੀ ਬੇਸਮਿੰਟ ਉਸ ਪਰਵਾਰ ਦੇ ਵਰਤਨ ਲਈ ਹੈ। ਪਰ ਨਵੇਂ ਕਾਨੂੰਨ ਨੇ ਇਸ ਵਿਚੋਂ ਜੋ ਹੋਰ ਖਾਸ ਤਬਦੀਲੀ ਕੀਤੀ ਹੈ,ਉਹ ਇਹ ਹੈ ਕਿ ਕਿਸੇ ਬੇਸਮਿੰਟ ਵਿੱਚ ਕਿਚਨ ਨਹੀਂ ਬਣ ਸਕਦੀ । ਭਾਵ ਬਿਜਲੀ ਦਾ ਚੁੱਲਾ ਨਹੀਂ ਲਾਇਆ ਜਾ ਸਕਦਾ,ਨਾ ਹੀ ਬੇਸਮਿੰਟ ਵਿੱਚ ਦਾਖਲੇ ਲਈ ਵੱਖਰਾ ਦਰਵਾਜ਼ਾ ਹੀ ਰੱਖਿਆ ਜਾ ਸਕਦਾ ਹੈ। ਪੁਰਾਣੇ ਘਰਾਂ ਵਿੱਚ ਭਾਵੇਂ ਵੱਖਰਾ ਦਰਵਾਜ਼ਾ ਅਤੇ ਦੂਜਾ ਕਿਚਨ ਬਣਾਇਆ ਜਾ ਸਕਦਾ ਸੀ,ਪਰ ਨਵੇਂ ਕਾਨੂੰਨ ਬਣਨ ਵਾਲੇ ਘਰਾਂ ਵਿੱਚ ਇਜ ਨਹੀਂ ਹੋਵੇਗਾ ।

ਇਸ ਕਾਨੂੰਨ ਅਨੁਸਾਰ ਜੋ ਕਿਰਾਏਦਾਰ ਬੇਸਮਿੰਟਾਂ ਵਿੱਚ ਰਹਿ ਰਹੇ ਹਨ,ਕਹਿਣ ਨੂੰ ਤਾਂ ਉਨ੍ਹਾਂ ਨੂੰ ਉਨੀ ਦੇਰ ਤੱਕ ਕੱਢਿਆ ਨਹੀਂ ਜਾਵੇਗਾ,ਜਿੰਨੀ ਦੇਰ ਕੋਈ ਸ਼ਿਕਾਇਤ ਨਹੀਂ ਕਰਦਾ । ਇਸਦਾ ਅਰਥ ਇਹ ਹੋਇਆ ਕਿ ਜੇਕਰ ਕੋਈ ਸ਼ਿਕਾਇਤ ਕਰ ਦੇਵੇਗਾ ਤਦ ਉਸ ਦਿਨ ਤੋਂ ਬੇਸਮਿੰਟ ਵਿਚੋਂ ਕਿਚਨ ਪੁੱਟ ਦਿੱਤਾ ਜਾਵੇਗਾ ।

ਇਸ ਤਰ੍ਹਾਂ ਜਿਥੇ ਘਰਾਂ ਵਾਲੇ ਉਨ੍ਹਾਂ ਲੋਕਾਂ ਲਈ ਮਾਰਗੇਜ਼ ਦੀਆਂ ਕਿਸ਼ਤਾਂ ਦੇਣੀਆਂ ਔਖੀਆਂ ਹੋ ਜਾਣਗੀਆਂ,ਜਿਹੜੇ ਘਰ ਲੈਣ ਤੋਂ ਮਗਰੋਂ ਕੰਮਾਂ ਉਪਰੋਂ ਵਿਹਲੇ ਹੋ ਗਏ ਹਨ ਜਾਂ ਜਿਹੜੇ ਘੱਟ ਤਨਖਾਹ ਉਪਰ ਕੰਮ ਕਰਦੇ ਹਨ । ਉਨ੍ਹਾਂ ਲਈ ਬੇਸਮਿੰਟ ਜਿਥੇ ਇਕ ਆਮਦਨ ਦਾ ਸਹਾਇਕ ਸਾਧਨ ਸੀ ਉਥੇ ਬੇਸਮਿੰਟ ਵਿੱਚ ਰਹਿਣ ਵਾਲੇ ਪਰਵਾਰ ਲਈ ਵੀ ਔਖਾ ਹੋ ਜਾਵੇਗਾ ਜੋ ਤਿੰਨ ਤੋਂ ਚਾਰ ਸੌ ਡਾਲਰ ਤੱਕ ਰਹਿ ਰਿਹਾ ਸੀ ਜਦੋਂ ਕਿ ਪੂਰੇ ਘਰ ਲਈ ਉਪਰ ਨੂੰ 6-7 ਸ਼ੋ ਡਾਲਰ ਤੋਂ ਘੱਟ ਘਰ ਕਿਰਾਏ ਉਪਰ ਨਹੀਂ ਮਿਲਣਾ । ਇਸ ਵੇਲੇ ਵੈਨਕੂਵਰ ਵਿੱਚ 20,000 ਬੇਸਮਿੰਟਾਂ ਵਿੱਚ ਘੱਟੋ ਘੱਟ 40,000 ਲੋਕ ਰਹਿੰਦੇ ਹਨ ।

ਭਾਵੇਂ ਕਿ ਕੁੱਝ ਲੋਕ ਅਜਿਹੇ ਵੀ ਹਨ ਜੋ ਕਿ ਕਈ ਘਰਾਂ ਦੇ ਮਾਲਕ ਹਨ ਜਾਂ ਇਕ ਤੋਂ ਵੱਧ ਘਰਾਂ ਦੇ ਮਾਲਕ ਹਨ,ਜੋ ਇਨ੍ਹਾਂ ਘਰਾਂ ਨੂੰ ਆਪਣੇ ਵਧੇਰੇ ਆਮਦਨ ਦਾ ਜ਼ਰੀਆ ਬਣਾ ਕੇ ਰਹਿ ਰਹੇ ਹਨ । ਉਨ੍ਹਾਂ ਨੂੰ ਆਪਣੀ ਆਮਦਨ ਦੇ ਖੁਰਨ ਦਾ ਡਰ ਹੈ ਪਰ ਵਧੇਰੇ ਕਰਕੇ ਜੋ ਕਿਰਾਏਦਾਰ ਬੇਸਮਿੰਟਾਂ ਵਿੱਚ ਰਹਿ ਰਹੇ ਹਨ,ਉਹ ਘੱਟ ਆਮਦਨ ਵਾਲੇ ਲੋਕ ਜਾਂ ਵਿਦਿਆਰਥੀ ਹਨ,ਜੋ ਇਸ ਕਾਨੂੰਨ ਦੇ ਵੱਡੇ ਸ਼ਿਕਾਰ ਹੋਣਗੇ ।

## ਨਵੇਂ ਕਾਨੂੰਨ ਦੀ ਕੀ ਲੋੜ ਹੈ

ਧਿਆਨ ਨਾਲ ਦੇਖਿਆਂ ਪਤਾ ਲੱਗਦਾ ਹੈ ਕਿ ਇਸ ਨਵੇਂ ਕਾਨੂੰਨ ਦੇ ਪਾਸ ਕਰਨ ਦੀ ਲੋੜ ਕੀ ਸੀ । ਇਸਦਾ ਮੂਲ ਕਾਰਨ ਘਰ ਬਣਾਉਣ ਵਾਲੀਆਂ ਕੰਪਨੀਆਂ (ਡੀਵੈਲਪਰਾਂ) ਦੇ ਬਣਾਏ ਘਰਾਂ ਨੂੰ ਵੇਚਣ ਵਿੱਚ ਤੇਜ਼ੀ ਲਿਆਉਣੀ,ਹੋਰ ਨਵੇਂ ਘਰਾਂ ਨੂੰ ਬਣਾਉਣ ਦੇ ਲਈ ਤੇਜ਼ੀ ਪੈਦਾ ਕਰਨੀ,ਅਪਾਰਟਮੈਂਟਾਂ ਮਾਲਕਾਂ ਨੂੰ ਮਨ ਆਏ ਕਿਰਾਏ ਵਸੂਲਣ ਲਈ,ਬੇਸਮਿੰਟਾਂ ਵਿਚੋਂ ਕੱਢੇ ਕਿਰਾਏਦਾਰਾਂ ਨੂੰ ਸ਼ਿਕਾਰ ਦੇ ਰੂਪ ਵਿੱਚ,ਉਨ੍ਹਾਂ ਦੇ ਰਹਿਮ ਗੋਚਰੇ ਕਰ ਛੱਡਣਾ ਹੈ ।

ਇਹ ਉਹ ਹੀ ਡੀਵੈਲਪਰ ਹਨ,ਜਿਨ੍ਹਾਂ ਦੇ ਹਿੱਤਾਂ ਲਈ ਐਨ.ਪੀ.ਏ.ਦੀ ਕਮੇਟੀ ਅਜਿਹੇ ਕਾਨੂੰਨ ਪਾਸ ਕਰ ਰਹੀ ਹੈ,ਜਿਨ੍ਹਾਂ ਨੂੰ ਲੱਖਾਂ ਵਿਚੋਂ ਐਨ.ਪੀ.ਏ.ਨੂੰ ਚੋਣਾਂ ਜਿੱਤਣ ਲਈ ਗੁਪਤਦਾਨ ਕੀਤਾ । ਹੁਣ ਉਨ੍ਹਾਂ ਉਹ ਰਕਮ ਲੋਕਾਂ ਦੇ ਸਿਰੋਂ ਹੀ ਪੂਰੀਆਂ ਕਰਨੀਆਂ ਹਨ ।

ਜਿੰਨਾ ਚਿਰ ਕੋਪ ਤੇ ਆਧਾਰਤ ਮਿਊਂਸਪਲ ਕਮੇਟੀ ਰਹੀ,ਉਨ੍ਹਾਂ ਚਿਰ ਕਿਸੇ ਨੇ ਬੇਸਮਿੰਟਾਂ ਵਾਲਿਆਂ ਨੇ ਛੇੜਿਆ ਤੱਕ ਨਹੀਂ ਭਾਵੇਂ ਕਿ ਉਦੋਂ ਵੀ ਘੱਟ ਗਿਣਤੀ ਵਿੱਚ ਹੁੰਦਿਆਂ ਐਨ.ਪੀ.ਏ.ਦੇ ਐਲਡਰਮੈਨ ਯਤਨ ਕਰਦੇ ਰਹੇ । ਕੋਪ ਦੇ ਵਲੋਂ ਹੈਰੀ ਰਿੱਕਨ ਅਤੇ ਹੋਰਨਾਂ ਉਮੀਦਵਾਰਾਂ ਵੈਨਕੂਵਰ ਦੇ ਲੋਕਾਂ ਨੂੰ ਡਿਵੈਲਪਰਾਂ ਦੇ ਮਿਊਂਸਪਲਟੀ ਉਪਰ ਕਬਜ਼ੇ ਦੇ,ਲੋਕਾਂ ਉਪਰ ਮਾਰੂ ਅਸਰਾਂ ਬਾਰੇ ਬਾਰੋ ਬਾਰ ਚਿਤਾਵਣੀਆਂ ਦਿੱਤੀਆਂ,ਜਿਸਦਾ ਚੋਣਾਂ ਸਮੇਂ ਗੰਭੀਰਤਾ ਨਾਲ ਨੋਟਿਸ ਨਾ ਲਿਆ ਗਿਆ । ਹੁਣ ਐਨ.ਪੀ.ਏ.ਦੇ ਸਪੋਟਰਾਂ ਨੂੰ ਵੀ ਪਛਤਾਉਣਾ ਪੈ ਰਿਹਾ ਹੈ ।

## ਸਾਡੀ ਕਮਿਊਨਿਟੀ ਉਪਰ ਅਸਰ

ਚੀਨੇ,ਪੁਰਤਗੇਜ਼ੀ ਅਤੇ ਇਟਾਲੀਅਨ ਵੀ ਸਾਡੀ ਕਮਿਊਨਿਟੀ ਵਾਂਗ ਹੀ ਆਮ ਕਰਕੇ ਇਕੱਠੇ ਪਰਵਾਰਾਂ ਵਿੱਚ ਰਹਿੰਦੇ ਹਨ,ਉਨ੍ਹਾਂ ਉਪਰ ਵੀ ਸਾਡੀ ਕਮਿਊਨਿਟੀ ਵਾਂਗ ਹੀ ਇਹ ਪ੍ਰਭਾਵ ਪਿਆ ਹੈ,ਉਨ੍ਹਾਂ ਨੂੰ ਤਾਂ ਬੇਸਮਿੰਟ ਵਿਚਲੇ ਦੂਜੇ ਕਿਚਨ ਦੀ ਹੋਰ ਵੀ ਲੋੜ ਹੈ ਕਿਉਂਕਿ ਉਹ ਵਾਈਨ ਆਦਿ ਬਣਾਉਂਦੇ ਹਨ ।

ਸਾਡੇ ਬਹੁਤੇ ਪ੍ਰਵਾਰ ਜੋ ਆਕਾਰ ਵਿੱਚ ਵੱਡੇ ਹਨ,ਭਾਰਤ ਵਾਂਗ ਹੀ ਇਕ ਘਰ ਵਿੱਚ ਰਹਿੰਦੇ ਹਨ । ਮਾਂ-ਬਾਪ-ਪੁੱਤਰ ਦੋ ਭਰਾ ਇਕੱਠੇ ਰਹਿੰਦੇ ਹਨ । ਉਹ ਦੋਵੇਂ ਕਿਚਨ ਵਰਤਦੇ ਹਨ । ਇਸ ਤਰ੍ਹਾਂ ਇਕੱਠੇ ਪਰਵਾਰਾਂ ਨੂੰ ਤੋੜਨ ਲਈ ਇਹ ਨਵਾਂ ਕਾਨੂੰਨ ਤੇਜ਼ਧਾਰ ਹਥਿਆਰ ਦੇ ਨਿਆਈਂ ਹੈ । ਭਾਵੇਂ ਕਿਸੇ ਨਾ ਕਿਸੇ ਸਮੇਂ ਤਾਂ ਪਰਵਾਰਾਂ ਨੇ ਵੱਖ ਹੋਣਾ ਹੀ ਹੁੰਦਾ ਹੈ,ਪਰ ਜਦੋਂ ਇਕੱਠੇ ਰਹਿੰਦਿਆਂ ਪਰਵਾਰਾਂ ਨੂੰ ਕਿਸੇ ਕਾਨੂੰਨ ਦੀ ਮੁਸੀਬਤ ਦੇ ਕਾਰਨ ਵੱਖ ਹੋਣਾ ਪਵੇ ਤਾਂ ਕਸ਼ਟ ਹੋਣਾ ਲਾਜ਼ਮੀ ਹੈ ।

ਸਾਡੀ ਕਮਿਊਨਿਟੀ ਇਕ ਨਵੇਕਲੀ ਨਸਲ ਦੀ ਹੋਣ ਕਾਰਨ,ਲੰਮੇਂ ਸਮੇਂ ਤੋਂ ਦਿੱਸਦੇ ਅਤੇ ਅਣਦਿਸਦੇ ਨਸਲਵਾਦ ਦਾ ਸ਼ਿਕਾਰ ਰਹੀ ਹੈ । ਹੁਣ ਜਦੋਂ ਵੀ ਬੇਰੁਜ਼ਗਾਰੀ ਦੀ ਦਰ ਆਕਾਸ਼ ਛੂੰਹਦੀ ਹੈ ਤਾਂ ਕੰਮਾਂ ਉਪਰ ਸਾਡੇ ਲੋਕਾਂ ਨੂੰ ਬੜੇ ਘੱਟ ਮੌਕੇ ਦਿੱਤੇ ਜਾਂਦੇ ਹਨ,ਘੱਟ ਤਨਖਾਹ ਵਾਲੇ ਕਲੀਨ-ਅੱਪ,ਭਾਂਡੇ ਧੋਣ,ਫਾਰਮਾਂ ਆਦਿ ਵਿੱਚ ਕੰਮ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ,ਅਜਿਹੀ ਦਿਸ਼ਾ ਵਿੱਚ ਉਨ੍ਹਾਂ ਦਾ ਰਹਿਣ ਸਹਿਣ ਨੀਵੀਂ ਪੱਧਰ ਦਾ ਵੀ ਹੋਣਾ ਕੁਦਰਤੀ ਹੈ ।

## ਇਸ ਮਸਲੇ ਦਾ ਇਲਾਜ

ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਿ ਐਨ.ਪੀ.ਏ.ਦੀ ਬਹੁਸੰਮਤੀ ਵਾਲੀ ਵੈਨਕੂਵਰ ਕੌਂਸ਼ਲ ਦਾ ਮੁੱਖ ਮਨੋਰਥ ਤਾਂ ਡੀਵੈਲਪਰਾਂ ਨੂੰ ਲਾਭ ਪਹੁੰਚਾਉਣ ਦਾ ਹੈ । ਉਨ੍ਹਾਂ ਇਹ ਵੀ ਖਿਆਲ ਕੀਤਾ ਕਿ ਉਨ੍ਹਾਂ ਦੇ ਹਿਸ ਕਾਨੂੰਨ ਨਾਲ ਉਨ੍ਹਾਂ ਦੇ ਆਪਣੇ ਸਾਧਾਰਨ ਸਪੋਟਰਾਂ ਉਪਰ ਵੀ ਮਾੜਾ ਅਸਰ ਪਵੇਗਾ । ਜਿਵੇਂ ਕਿ ਸਾਡੀ ਕਮਿਊਨਿਟੀ ਦੇ ਕੁੱਝ ਬੰਦੇ ਜਿਨ੍ਹਾਂ ਉਨ੍ਹਾਂ ਦੀ ਮੱਦਦ ਵੀ ਕੀਤੀ,ਜਦੋਂ ਬੇਸਮਿੰਟਾਂ ਦੇ ਮਸਲੇ ਉਪਰ ਪਬਲਿਕ ਸੁਣਵਾਈ ਸਮੇਂ ਬੋਲਣ ਲਈ ਸਮਾਂ ਮੰਗਿਆ ਤਾਂ ਉਨ੍ਹਾਂ ਨੂੰ ਸਮਾਂ ਦੇਣ ਤੋਂ ਇਨਕਾਰ ਕੀਤਾ ਗਿਆ,ਜਦੋਂ ਕੋਪ ਦੀ **ਐਲਡਰਮੈਨ ਲਿਬੀ-ਡੇਵੀਸ**ਨੇ ਕਿਹਾ ਕਿ ਇਹ ਨਸਲਵਾਦੀ ਪਹੁੰਚ ਹੈ,ਉਨ੍ਹਾਂ ਨੂੰ ਕਿਉਂ ਸਮਾਂ ਨਹੀਂ ਦਿੱਤਾ ਜਾ ਰਿਹਾ ਹੈ ? ਤਾਂ ਉਨ੍ਹਾਂ ਨੂੰ ਵਿਚਾਰ ਦੱਸਣ ਲਈ ਸਮਾਂ ਮਿਲਿਆ । ਇਥੋਂ ਇਹ ਜ਼ਾਹਰ ਹੋ ਜਾਂਦਾ ਹੈ ਕਿ ਕੋਪ ਦੇ ਨੁਮਾਇੰਦੇ ਹੀ ਆਪ ਲੋਕਾਂ ਦੀ ਨੁਮਾਇੰਦਗੀ ਕਰ ਸਕਦੇ ਹਨ । ਉਨ੍ਹਾਂ ਦੀਆਂ ਪਾਲਸੀਆਂ ਆਮ ਲੋਕਾਂ ਦੇ ਹਿੱਤਾਂ ਲਈ ਹਨ । ਸਮਾਜ ਵਿੱਚ ਜਿਹੜੇ ਲੋਕ ਆਮ ਲੋਕਾਂ ਦਾ ਲਹੂ ਪੀਣ ਵਾਲੇ ਹਨ,ਨਸਲੀ ਵਿਤਕਰਾ ਕਰਨ ਵਾਲੇ ਹਨ,ਯੂਨੀਅਨਾਂ ਤੋੜਨ ਵਾਲੇ ਹਨ ਜਾਂ ਜੰਗਬਾਜ਼ਾਂ ਦੇ ਨਾਲ ਸੁਰਾਂ ਕੱਢਦੇ ਹਨ,ਅਮਨ ਦੇ ਵਿਰੋਧੀ ਹਨ,ਉਨ੍ਹਾਂ ਦੇ ਵਿਰੁੱਧ ਕੋਪ ਸਦਾ ਹੀ ਖੜ੍ਹੀ ਹੋਈ ਹੈ

ਸਾਡੇ ਵਿਚਾਰ ਵਿੱਚ ਇਸ ਮਸਲੇ ਦਾ ਇਲਾਜ ਬੇਸਮਿੰਟਾਂ ਨੂੰ ਲੀਗਲ ਕਰਾਰ ਦਿੱਤਾ ਜਾਵੇ,ਪਰ ਉਹ ਹੈਲਥ ਅਤੇ ਸੇਫਟੀ ਦੀਆਂ ਲੋੜਾਂ

ਬਾਕੀ ਪੰਨਾ// ਉਤੇ

ਚਲੇ ਆਉ ! ਚਲੇ ਆਉ ! ਚਲੇ ਆਉ !



**R & K AUTO SALES**



444 Colusa Hwy. YUBA CITY — CAL.

**Phone (916) 674-8680**

ਯੂਬਾ ਸਿਟੀ ਵਿਚ ਸਭ ਥਾਵਾਂ ਨਾਲੋਂ ਸਸਤੀਆਂ ਕਾਰਾਂ ਅਸੀਂ ਵੇਚਦੇ ਹਾਂ

ਜਦੋਂ ਵੀ ਕਾਰ, ਪਿੱਕ ਅੱਪ, ਬਲੇਜਰ, 4 ਸੈਲੰਡਰ, 6 ਸੈਲੰਡਰ ਜਾਂ 8 ਸੈਲੰਡਰ, ਫ਼ੋਰ ਡੋਰ ਜਾਂ ਟੂ ਡੋਰ ਕਾਰਾਂ ਦੀ ਲੋੜ ਹੋਵੇ ਤਾਂ ਸਿੱਧੇ R & K Suto Sales ਨੂੰ ਚਲੇ ਆਉ ਤੇ ਆਪਣੇ ਪੈਸੇ ਦੀ ਬੱਚਤ ਕਰੋ

We Will Run, Peddle Skate or Jump to

**SAVE YOU MORE**

ਥੋੜ੍ਹੇ ਡਾਲਰ ਡਾਊਨ ਦੇ ਕੇ ਆਸਾਨ ਕਿਸ਼ਤਾਂ ਉਤੇ ਕਾਰਾਂ ਖ਼ੀਦਣ ਦਾ ਬਹੁਤ ਚੰਗਾ ਪ੍ਰਬਧ ਹੈ ।

ਨੌਜਵਾਨ ਦਿਲਾਂ ਦੀ ਧੜਕਣ ਸਪੋਰਟਸ ਕਾਰਾਂ ਸਦਾ ਹੀ ਸਾਡੇ ਸਟਾਕ ਵਿਚ ਹੁੰਦੀਆਂ ਹਨ

ਪੰਜਾਬੀ ਭਰਾ ਪੰਜਾਬੀ ਵਿਚ ਹੀ ਗੱਲ ਕਰ ਸਕਦੇ ਹੋ !

ਚਲੇ ਆਉ ! ਚਲੇ ਆਉ !

# 1987 ਅੰਤਰਰਾਸ਼ਟਰੀ ਨਾਰੀ ਦਿਵਸ ਦੀਆਂ

## International Women's Day




ਅੰਤਰਰਾਸ਼ਟਰੀ ਨਾਰੀ ਦਿਵਸ ਦੀਆਂ ਕਾਰਵਾਈਆਂ ਦੀ ਇਕ ਕੜੀ ਵਜੋਂ ਸਮਾਨਤਾ ਨੇ 28 ਫਰਵਰੀ,1987 ਨੂੰ ਦਿਨ ਦੇ ਇਕ ਵਜੇ ਤੋਂ -4 ਵਜੇ ਤੱਕ ਇਕ ਵਰਕਸ਼ਾਪ ਦਾ ਪ੍ਰਬੰਧ ਕੀਤਾ । ਵਰਕਸ਼ਾਪ ਦਾ ਵਿਸ਼ਾ ਸੀ:"ਤਸ਼ੱਦਦ ਦੀਆਂ ਸ਼ਿਕਾਰ ਔਰਤਾਂ ਦੀ ਕਿਸ ਤਰ੍ਹਾਂ ਸਹਾਇਤਾ ਕਰੀਏ ?"ਇਹ ਵਰਕਸ਼ਾਪ ਲਿਟਲ ਮਾਊਂਟੇਨ ਨੇਬਰ ਹੁੱਡ ਹਾਊਸ ਵਿੱਚ ਹੋਈ ਜਿਥੇ,ਸਮਾਨਤਾ ਨੇ ਕਈ ਤਰ੍ਹਾਂ ਦੀਆਂ ਪੁਸਤਕਾਂ,ਪੋਸਟਰਾਂ ਤੇ ਇਸ ਨਾਲ ਸਬੰਧ ਸੇਵਾਵਾਂ ਦੇ ਲੀਫਲੇਟ ਆਦਿ ਦੀ ਪ੍ਰਦਰਸ਼ਨੀ ਲਾਈ ਹੋਈ ਸੀ।

ਇਸ ਵਰਕਸ਼ਾਪ ਵਿੱਚ ਹੇਠਾਂ ਲਿਖੀਆਂ ਗੱਲਾਂ ਬਾਰੇ ਵਿਚਾਰ-ਵਟਾਂਦਰਾ ਹੋਇਆ ਅਤੇ ਲਿਖਤੀ ਪੇਪਰ ਵੰਡੇ ਗਏ:

* ਘਰਾਂ ਵਿੱਚ ਮੁੱਖ ਤੌਰ ਤੇ ਦੋ ਤਰ੍ਹਾਂ ਦਾ ਤਸ਼ੱਦਦ ਨਜ਼ਰ ਆਉਂਦਾ ਹੈ। ਸਰੀਰਕ ਤੌਰ ਤੇ ਔਰਤਾਂ ਤੇ ਬੱਚਿਆਂ ਦੀ ਮਾਰ ਕੁਟਾਈ,ਅਤੇ ਮਾਨਸਿਕ ਤੌਰ ਤੇ ਤੰਗ ਕਰਨਾ,ਗੰਦੀਆਂ ਗਾਲਾਂ ਕੱਢਣੀਆਂ,ਆਲੋਚਨਾ ਕਰਨੀ ਭੰਡੀ ਤੇ ਔਰਤ ਨੂੰ ਸਦਾ ਹੀ ਬੁਰੀ ਕਹਿਣਾ ਆਦਿ । ਜਿਸ ਨਾਲ ਔਰਤਾਂ ਤੇ ਬੱਚਿਆਂ ਵਿੱਚ ਇਥੋਂ ਤੱਕ ਘਟੀਆਪਨ ਭਰ ਜਾਂਦਾ ਹੈ ਕਿ ਉਹ ਕਈ ਵਾਰ ਖੁਦਕਸ਼ੀ ਕਰਨ ਬਾਰੇ ਸੋਚ ਲੈਂਦੀਆਂ ਹਨ ।

* ਔਰਤਾਂ ਔਰਤਾਂ ਦੀ ਕਿਵੇਂ ਸਹਾਇਤਾ ਕਰ ਸਕਦੀਆਂ ਹਨ-ਘਰ ਵਿੱਚ ਹੋਣ ਵਾਲੇ ਤਸ਼ੱਦਦ ਤੇ ਲੜਾਈ ਨੂੰ ਰੋਕਣ ਵਿੱਚ ਔਰਤਾਂ ਕਾਫੀ ਮੱਦਦ ਕਰ ਸਕਦੀਆਂ ਹਨ ਜਾਂ ਫਿਰ ਬਾਹਰੋਂ ਮੱਦਦ ਲੈ ਸਕਦੀਆਂ ਹਨ ।

* ਬਾਹਰੋਂ ਕਿਥੋਂ ਸਹਾਇਤਾ ਲੈ ਸਕਦੀਆਂ ਹਨ । ਸੇਵਾਵਾਂ ਦੀ ਲਿਸਟ ਵੰਡੀ ਗਈ ਅਤੇ ਡਾਕਟਰੀ ਸਹਾਇਤਾ,ਗੁਜ਼ਾਰੇ ਲਈ ਪੈਸੇ ਕਿਥੋਂ ਲੈਣੇ ਹਨ,ਲੀਗਲਏਡ,ਤੇ ਸਹਾਰਾ ਯਾਨੀ ਸ਼ੈਲਟਰ ਬਾਰੇ ਜਾਣਕਾਰੀ ਦਿੱਤੀ ਗਈ ।

* ਔਰਤਾਂ ਲਈ ਭਾਵਾਤਮਕ ਸਹਾਰਾ ਗਰੁੱਪਾਂ ਦੀ ਮਹੱਤਤਾ ਤੇ ਉਨ੍ਹਾਂ ਬਾਰੇ ਜਾਣਕਾਰੀ ਦਿੱਤੀ ਗਈ ।

ਇਹ ਵਰਕਸ਼ਾਪ ਵਿਦਿਅਕ ਤੇ ਜਾਣਕਾਰੀ ਦੇ ਵਿਸਥਾਰ ਦੇਣ ਵਿੱਚ ਬਹੁਤ ਸਫਲ ਰਹੀ। ਜੇ ਔਰਤਾਂ ਦੀਆਂ ਹੋਰ ਜੱਥੇਬੰਦੀਆਂ,ਸਮਾਜਕ ਭਲਾਈ ਸੇਵਾਵਾਂ ਜਾਂ ਵਲੰਟੀਅਰ ਗਰੁੱਪ ਹੋਰ ਜਾਣਕਾਰੀ ਲੈਣਾ ਚਾਹੁੰਦੇ ਹਨ ਤਾਂ ਸਮਾਨਤਾ ਨੂੰ ਫੋਨ ਕਰ ਸਕਦੇ ਹਨ । ਸਮਾਨਤਾ ਛੇਤੀ ਹੀ ਇੱਕ ਹੋਰ ਵਰਕਸ਼ਾਪ ਦਾ ਪ੍ਰਬੰਧ ਕਰ ਰਹੀ ਹੈ ਜਿਸਦਾ ਵਿਸ਼ਾ ਹੈ:

"ਭਾਰਤੀ ਔਰਤਾਂ ਅਤੇ ਟ੍ਰਾਂਜੀਸ਼ਨ ਘਰਾਂ ਦੀ ਸੇਵਾ ਤੋਂ ਲਾਭ ਹੈ"

ਔਰਤਾਂ ਦੇ ਅੰਤਰਰਾਸ਼ਟਰੀ ਦਿਵਸ ਦੀਆਂ ਕਾਰਵਾਈਆਂ ਦੀ ਇਕ ਕੜੀ ਵਜੋਂ ਸਮਾਨਤਾ ਦੇ ਕੁੱਝ ਮੈਂਬਰਾਂ ਨੇ 7 ਮਾਰਚ ਨੂੰ ਆਰਟਗੈਲਰੀ ਡਾਊਨਟਾਊਨ ਦੇ ਸਾਹਮਣੇ ਔਰਤਾਂ ਦੀ ਰੈਲੀ ਵਿੱਚ ਭਾਗ ਲਿਆ ਅਤੇ ਮਗਰੋਂ ਕੋ-ਆਪ ਰੇਡੀਓ ਤੇ ਅੰਤਰਰਾਸ਼ਟਰੀ ਨਾਰੀ ਦਿਵਸ ਬਾਰੇ ਜਾਣਕਾਰੀ ਦਿੱਤੀ-

ਅੱਜ ਦਾ ਦਿਹਾੜਾ ਦੁਨੀਆਂ ਭਰ ਵਿੱਚ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ । ਸਾਰੇ ਮੁਲਕਾਂ ਵਿੱਚ ਔਰਤਾਂ ਦੀਆਂ ਵੱਖ ਵੱਖ ਜਥੇਬੰਦੀਆਂ ਇਸ ਦਿਨ ਇਕੱਤਰ ਹੋ ਕੇ ਇਹ ਦਿਨ ਮਨਾਉਂਦੀਆਂ ਹਨ। ਇਸ ਦਿਨ ਵੈਨਕੂਵਰ ਡਾਊਨਟਾਊਨ ਵਿੱਚ ਔਰਤਾਂ ਦੀਆਂ ਵੱਖ ਵੱਖ ਜਥੇਬੰਦੀਆਂ ਆਪਣੇ ਆਪਣੇ ਝੰਡੇ,ਬੈਨਰ ਲੈ ਕੇ ਪਰੇਡ ਤੇ ਗਈਆਂ ਅਤੇ ਰੈਲੀ ਵਿੱਚ ਸ਼ਾਮਿਲ ਹੋਈਆਂ । ਹਰ ਪਾਸੇ ਔਰਤਾਂ ਹੀ ਔਰਤਾਂ ਸਨ । ਉਹ ਆਪਣੇ ਲਈ ਸਮਾਜਕ ਤੇ ਆਰਥਕ ਬਰਾਬਰੀ ਲਈ ਜੂਝ ਰਹੀਆਂ ਹਨ,ਹੱਕਾਂ ਲਈ ਲੜ ਰਹੀਆਂ ਹਨ,ਅਤੇ ਹੋਰਨਾਂ ਔਰਤਾਂ ਨੂੰ ਅਪੀਲ ਕਰ ਰਹੀਆਂ ਹਨ ਕਿ ਉਹ ਵੀ ਆਪਣਾ ਵਕਤ ਕੱਢ ਕੇ ਔਰਤਾਂ ਦੇ ਸੰਘਰਸ਼ ਵਿੱਚ ਹਿਸਾ ਪਾਉਣ। ਅਸੀਂ ਆਪਣੀਆਂ ਭੈਣਾਂ ਨੂੰ ਇਸ ਦਿਵਸ ਤੇ ਹੋਰਨਾਂ ਔਰਤਾਂ ਵਾਂਗ ਸੰਘਰਸ਼ ਵਿੱਚ ਹਿਸਾ ਪਾਉਣ ਤੇ ਘੋਲ ਮਜ਼ਬੂਤ ਕਰਨ ਲਈ ਕਹਿੰਦੇ ਹਾਂ:

ਅੱਜ ਦਾ ਦਿਹਾੜਾ ਔਰਤਾਂ ਦੇ ਨਾਂ:
ਘਰਾਂ ਵਿੱਚ ਬੈਠੀਆਂ,ਬੱਚੇ ਪਾਲ ਰਹੀਆਂ ਔਰਤਾਂ ਦੇ ਨਾਂ,
ਪਰਵਾਰ ਲਈ ਰੋਟੀ ਪਕਾ ਰਹੀਆਂ,ਕੱਪੜੇ ਧੋ ਰਹੀਆਂ,
ਸਫਾਈ ਕਰ ਰਹੀਆਂ,ਸੁਆਣੀਆਂ ਦੇ ਨਾਂ,
ਫੈਕਟਰੀਆਂ ਵਿੱਚ ਕੰਮ ਕਰ ਰਹੀਆਂ ਔਰਤਾਂ ਦੇ ਨਾਂ,
ਖੇਤ ਮਜ਼ਦੂਰ ਔਰਤਾਂ ਦੇ ਹੱਥਾਂ ਦੇ ਰਟਨਾਂ ਦੇ ਨਾਂ,
ਹੱਕਾਂ ਲਈ ਜੂਝ ਰਹੀਆਂ ਏਕਤਾ ਦੀਆਂ ਹਾਮੀ ਔਰਤਾਂ ਦੇ ਨਾਂ,
ਹਰ ਤਰ੍ਹਾਂ ਦੇ ਤਸ਼ੱਦਦ ਦੇ ਵਿਰੁੱਧ ਡੱਟ ਕੇ ਮੁਕਾਬਲਾ,
ਕਰਨ ਵਾਲੀਆਂ ਬਹਾਦੁਰ ਔਰਤਾਂ ਦੇ ਨਾਂ,
ਸ਼ਹਿਨਸ਼ੀਲਤਾ ਦੀਆਂ ਪੁੰਜ,ਮਹਿਨਤਕਸ਼ ਔਰਤਾਂ ਦੇ ਨਾਂ,
ਅੱਜ ਦਾ ਦਿਹਾੜਾ ਸਾਡੀਆਂ ਧੀਆਂ ਦੇ ਨਾਂ,
ਅੱਜ ਦਾ ਦਿਹਾੜਾ ਸਾਡੀਆਂ ਮਾਵਾਂ ਦੇ ਨਾਂ,
ਅੱਜ ਦਾ ਦਿਹਾੜਾ ਦੁਨੀਆਂ ਭਰ ਦੀਆਂ ਔਰਤਾਂ ਦੇ ਨਾਂ,
ਅੱਜ ਦਾ ਦਿਹਾੜਾ ਔਰਤਾਂ ਦੇ ਪ੍ਰਣ ਦੇ ਨਾਂ,
ਔਰਤਾਂ ਦੀ ਏਕਤਾ ਤੇ ਸ਼ਕਤੀ ਚਾਹੇ ਤਾਂ ਬਦਲ ਸਕਦੀ ਹੈ,
ਸੰਸਾਰ ਦਾ ਮੁਹਾਂਦਰਾ,ਬਣ ਕੇ ਕਾਲੀ ਹਰ ਇਕ ਮਾਂ,
ਉਲੀਕੇ ਨਵਾਂ ਜੋ ਸਮਾਜ ਉਸ ਸਮਾਜ ਦੇ ਨਾਂ,
ਅੱਜ ਦਾ ਦਿਹਾੜਾ ਔਰਤਾਂ ਦੇ ਨਾਂ,
ਔਰਤਾਂ ਦੀ ਏਕਤਾ ਤੇ ਅਥਾਹ ਸ਼ਕਤੀ ਦੇ ਨਾਂ ।

ਮਾਰਚ 7-ਸਮਾਨੰਤਾ ਦੇ ਕੁੱਝ ਮੈਂਬਰਾਂ ਨੇ ਰੇਡੀਓ ਕੋ-ਆਪ ਤੋਂ ਇਕ ਵਾਰਤਾਲਾਪ ਪੇਸ਼ ਕੀਤਾ ਜਿਸਦਾ ਵਿਸ਼ਾ ਸੀ-ਮਾਂ ਬਾਪ ਅਤੇ ਬੱਚਿਆਂ ਵਿਚਕਾਰ ਕਿਸ ਤਰ੍ਹਾਂ ਸੁਖਾਵੇਂ ਸੰਬੰਧ ਕਾਇਮ ਕੀਤੇ ਜਾ ਸਕਦੇ ਹਨ ਯਾਨੀPoSitiVe Parenting ਸਾਕਾਰਥ ਮਾਪਿਆਂ ਦੇ ਗੁਣਾਂ ਬਾਰੇ ਕੁੱਝ ਸੁਝਾ ਦਿੱਤੇ ਗਏ। ਪੈਨਲ ਵਿਚਾਰ-ਵਟਾਂਦਰੇ ਵਿੱਚ ਭਾਗ ਲੈਣ ਵਾਲੇ ਸਨ-ਜਸਬੀਰ ਆਹਲੂਵਾਲੀਆ,ਸੁਰਜੀਤ ਕਲਸੀ,ਸੰਤੋਸ਼ ਗਿੱਲ,ਭਾਵਨਾ ਭੰਗੂ ।

ਇਸਤੋਂ ਪਹਿਲਾਂ ਇਹ ਵਿਸ਼ਾ ਤਿਆਰ ਕਰਨ ਲਈ ਸਮਾਨਤਾ ਦੇ ਅੱਠ ਮੈਂਬਰਾਂ ਨੇ ਤਿੰਨ ਮੀਟਿੰਗਾਂ ਕੀਤੀਆਂ ਅਤੇ ਵੱਖ ਵੱਖ ਵਿਚਾਰਾਂ ਨੂੰ ਇਕ ਥਾਂ ਇਕੱਤਰ ਕੀਤਾ । ਜੋ ਸੁਝਾ ਦਿੱਤੇ ਗਏ ਉਨ੍ਹਾਂ 'ਚੋਂ ਮੁੱਖ ਇਹ ਸਨ:

(1) ਮਾਪਿਆਂ ਤੇ ਬੱਚਿਆਂ ਵਿਚਕਾਰ ਵਧੀਆ Understanding ਯਾਨੀ ਇੱਕ ਦੂਜੇ ਨੂੰ ਸਮਝਣ ਵਿੱਚ ਆਸਾਨੀ,ਚੰਗੀ ਬੋਲਚਾਲ ਹੋ ਸਕੇ ਤਾਂ ਜੋ ਘਰਾਂ ਵਿੱਚ ਤਨਾਓ ਨਾ ਬਣਿਆ ਰਹੇ ।

(2) ਮਾਪੇ ਅਤੇ ਬੱਚੇ ਇੱਕ ਦੂਜੇ ਨਾਲ ਆਪਣੀਆਂ ਭਾਵਨਾਵਾਂ ਅਤੇ ਦਿਲਚਸਪੀਆਂ ਸਾਂਝੀਆਂ ਕਰ ਸਕਦੇ ਹਨ ਤੇ ਇੱਕ ਦੂਜੇ ਦੇ ਗੁਣਾਂ ਦੀ ਕਦਰ ਕਰਦੇ ਹੋਏ ਇੱਕ ਦੂਜੇ ਤੋਂ ਸਿੱਖ ਸਕਦੇ ਹਨ ।

(3) ਮਾਪੇ ਬੱਚਿਆਂ ਨੂੰ ਆਪਣੇ ਮਿੱਤਰਾਂ ਵਾਂਗ ਸਮਝਣ ਤੇ ਉਨ੍ਹਾਂ ਤੇ ਰੋਅਬ ਪਾਉਣ,ਭੰਡਣ,ਬੇਇੱਜ਼ਤੀ ਜਾਂ ਹੋਰ ਅਜੇਹੇ ਤਰੀਕੇ ਨਾ ਅਪਨਾਉਣ,ਤੇ ਸਖਤੀ ਕਰ ਕਰ ਕੇ ਬੱਚਿਆਂ ਨੂੰ ਨੇੜੇ ਲਿਆਉਣ ਦੀ ਬਜਾਏ ਹੋਰ ਪਰੇ ਨਾ ਧੱਕਣ ।

(4) ਅੰਤ ਵਿੱਚ ਗੁੱਸਾ ਕੱਢਣ ਲਈ (ਜਾਇਜ਼ ਔਰ ਨਜਾਇਜ਼) ਬੱਚਿਆਂ ਨੂੰ ਨਿਸ਼ਾਨਾ ਨਾ ਬਣਾਉਣ,ਉਨ੍ਹਾਂ ਦੀ ਇੱਜ਼ਤ ਕਰਨ ਤੇ ਜੇ ਕੋਈ ਗੱਲ ਬੱਚਿਆਂ 'ਚ ਬੁਰੀ ਲਗਦੀ ਹੈ ਤਾਂ ਉਸਨੂੰ ਹਲੀਮੀ ਨਾਲ ਕਹਿਣ ਦੀ ਕੋਸ਼ਿਸ਼ ਕਰਨ ਕਿਉਂਕਿ ਬੱਚੇ ਦਾ ਵਿਸ਼ਵਾਸ ਜਿੱਤਣਾ ਬਹੁਤ ਜ਼ਰੂਰੀ ਹੈ ਤੇ ਉਸਨੂੰ ਪਤਾ ਹੋਣਾ ਚਾਹੀਦੇ ਕਿ ਮਾਪੇ ਉਸਨੂੰ ਪਿਆਰ ਕਰਦੇ ਹਨ ।

ਸੰਖੇਪ ਵਿਚ ਹੀ ਇਥੇ ਇਹ ਜਾਣਕਾਰੀ ਦੇ ਰਹੇ ਹਾਂ ਕਦੀ ਫਿਰ ਕੈਨੇਡਾ ਦਰਪਣਦੇ ਪੰਨਿਆਂ ਤੇ ਇਸ ਵਿਸ਼ੇ ਨੂੰ ਵਿਸਥਾਰ ਨਾਲ ਤੁਹਾਡੇ ਸਾਹਮਣੇ ਪੇਸ਼ ਕੀਤਾ ਜਾਵੇਗਾ ।

"ਸਮੇਂ ਦੀ ਆਵਾਜ਼"ਤੋਂ ਧੰਨਵਾਦ ਸਹਿਤ

---

ਪੰਨਾ 10 ਤੋਂ ਅੱਗੇ

ਪੂਰੀਆਂ ਕਰਦੀਆਂ ਹੋਣੀਆਂ ਚਾਹੀਦੀਆਂ ਹਨ । ਜੋ ਇਸ ਉਪਰ ਪੂਰੀਆਂ ਨਾ ਉਤਰਨ ਉਨ੍ਹਾਂ ਨੂੰ ਉਨ੍ਹਾਂ ਉਪਰ ਪੂਰਾ ਉਤਰਨ ਲਈ ਛੇ ਮਹੀਨੇ ਦਾ ਸਮਾਂ ਦਿੱਤਾ ਜਾਣਾ ਚਾਹੀਦਾ ਹੈ। ਮਿਊਂਸਪਲਟੀ ਲੀਗਲ ਬੇਸਮੈਂਟ ਸਵੀਟ ਲਈ ਬਣਦਾ ਟੈਕਸ ਵਸੂਲ ਕਰੇ । ਇਹ ਇਕ ਵਾਜਬ ਤੇ ਨਿਆਂ ਪੂਰਨ ਇਲਾਜ ਹੈ ।

### ਪਬਲਿਕ ਮੀਟਿੰਗ

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਬੇਸਮਿੰਟਾਂ ਦੇ ਸਵਾਲ ਨੂੰ ਵਿਚਾਰਨ ਲਈ ਇੱਕ ਪਬਲਿਕ ਮੀਟਿੰਗ 6260 ਕਲਾਰਨੀ ਸਟਰੀਟ,ਕਲਾਰਨੀ ਕਮਿਊਨਿਟੀ ਸੈਂਟਰ ਵੈਨਕੂਵਰ ਵਿੱਚ 15 ਮਾਰਚ 1987 ਨੂੰ ਰੱਖੀ ਹੈ। ਜਿਸ ਵਿੱਚ ਸਾਬਕ ਐਲਡਰਮੈਨ ਅਤੇ ਪ੍ਰਸਿੱਧ ਵਕੀਲਮਿਸਟਰ ਹੈਰੀ ਰਿੰਕਨਵੀ ਇਸ ਮਸਲੇ ਉਪਰ ਆਪਣੇ ਵਿਚਾਰ ਰੱਖਣਗੇ । ਉਹ ਇਸ ਮਸਲੇ ਬਾਰੇ ਬੜੀ ਡੂੰਘੀ ਜਾਣਕਾਰੀ ਰੱਖਦੇ ਹਨ । ਇਸਤੋਂ ਬਿਨਾਂ ਐਸੋਸੀਏਸ਼ਨ ਦੇ ਅਤੇ ਹੋਰ ਬੁਲਾਰੇ ਵੀ ਵਿਚਾਰ ਰੱਖਣਗੇ।

ਯਾਂਦ ਰਹੇ ਬੇਸਮਿੰਟਾਂ ਦਾ ਸਵਾਲ ਸਾਡੀ ਕਮਿਊਨਿਟੀ ਉਪਰ ਬੜਾ ਹੀ ਗੰਭੀਰ ਅਸਰ ਰੱਖਦਾ ਹੈ । ਇਹ ਸਿਰਫ ਵੈਨਕੂਵਰ ਹੀ ਨਹੀਂ,ਬਰਨਬੀਵਿੱਚ ਇਸੇ ਰੂਪ ਵਿੱਚ ਲਾਗੂ ਹੋ ਚੁੱਕਾ ਹੈ। ਇਸਤੋਂ ਮਗਰੋਂ ਸੰਭਵ ਹੈ ਸਾਰੇ ਹੀ ਲੋਇਰ-ਮੇਨਲੈਂਡ ਵਿੱਚ ਇਹ ਲਾਗੂ ਹੋ ਜਾਵੇ । ਰਿਚਮੌਂਡਵਿਚ ਇਹ ਪਹਿਲਾਂ ਉਠਿਆ ਸੀ,ਜਿਸ ਲਈ ਬੜਾਂ ਜਦੋਜਹਿਦ ਕਰਨੀ ਪਈ ਸੀ । ਸਾਨੂੰ ਵੀ ਹੁਣ ਜਦੋਜਹਿਦ ਤੋਂ ਬਿਨਾਂ ਕੋਈ ਰਾਹ ਨਹੀਂ ਰਹਿ ਗਿਆ ।

**Clearbrook Photographic Arts Inc.**

By: Andrew W.R. Simpson

ਕਲੀਅਰਬਰੁੱਕ ਫੋਟੋ ਗਰਾਫਰਜ਼

For

*A Lifetime of Memories*



**Ph. 859-4222 or 859-1046**

ਆਪਣੀ ਜ਼ਿੰਦਗੀ ਦੀਆਂ ਸੁਹਾਵਣੀਆਂ ਘੜੀਆਂ ਨੂੰ ਅਮਰ ਬਣਾਉਣ ਲਈ ਕਲੀਅਰਬਰੁੱਕ ਫੋਟੋ ਗਰਾਫਰਜ਼ ਕੋਲੋਂ ਫੋਟੋ ਖਿਚਵਾਓ!

In The Cedar Park Shopping Centre,
CLEARBROOK, B.C. V2J 3S4

**Star Drywall Construction Co. Ltd.**

- Complete Drywall Service
- Guaranteed Work
- Free Estimates

Sahib or Nake

**Ph. (604) 589-4830**

P.O.BOX 639
SURREY, B.C. V3T 5L9

# ਯੂਬਾ ਸਿਟੀ ਗਾਇਡ


GSB
**TRAVEL**

2086 Live Oak Blvd., Suite D
Yuba City, CA 95991

ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ਼੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ
ਹਰ ਕਿਸੇ ਵੀ ਹਿੱਸੇ ਵਿਚ ਜਾਣ ਲਈ ਘੱਟ ਤੋਂ ਘੱਟ ਕਿਰਾਏ

671-6060 Open 7 Days a Week

*Great Service Is Our Business*

*Fully computerized for all your travel needs*

ਪ੍ਰੋਫੈਸ਼ਨਲ ਟਰੈਵਲ ਏਜੰਟਜ਼
ਵਿਉਪਾਰ ਜਾਂ ਮਨਪ੍ਰਚਾਵੇ ਲਈ ਸਫਰ ਕਰਨ ਲਈ ਪੂਰਾ ਪ੍ਰਬੰਧ ਹੈ



## ਜਾਇਦਾਦ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ?

ਕਿਸੇ ਪ੍ਰਕਾਰ ਦੀ ਜਾਇਦਾਦ ਖਰੀਦਣ ਜਾਂ ਵੇਚਣ ਤੋਂ ਪਹਿਲਾਂ ਮੁਫਤ ਪ੍ਰੋਫੈਸ਼ਨਲ ਸਲਾਹ ਮਸ਼ਵਰੇ ਲਈ ਫੂਨ ਕਰੋ

- **Homes**
- **Ranches**
- **Commercial**
- **Industrial**
- **Exchanges**

REALTOR®
MLS

**Domain Realty**

(916) 671-4817

Broker: Dr. Gulzar S. Johl
2086 Live Oak Blvd.
Suite C
Yuba City, CA 95991



Fly any Air Line of Your Choice

**Travel Concepts**
Full Service Travel Agency
Air Line Tickets to anywhere in the World

- **Bargain Flights**
- **Special Round Trip Fares**
- **Low, low economic fares**
- **Passport Visas**
- **Notary Public**
- **Passport pictures 5 minute service**

ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜਾਣਾ ਹੈ ਤਾਂ ਹਰ
ਕਿਸਮ ਏਅਰਲਾਈਨ ਦੀਆਂ ਸਸਤੀਆਂ ਟਿਕਟਾਂ ਸਾਥੋਂ ਲਵੋ

459 Palora Ave. Yuba City, CA 95901 (916) 671-3922



Large Selection of
Punjabi Books
For Sale

# SARI PALACE

Airline Tickets to
Anywhere in the World
Passport • Visas

ਸੂਟਾਂ ਦਾ ਕੱਪੜਾ, ਸਾੜ੍ਹੀਆਂ, ਦੁਪੱਟੇ, ਭਾਰਤੀ ਗਰੌਸਰੀ, ਹਿੰਦੀ
ਪੰਜਾਬੀ ਵੀਡੀਓ ਫਿਲਮਾਂ ਅਤੇ ਗੀਤਾਂ ਦੀਆਂ ਭਰੀਆਂ ਟੇਪਾਂ ਬਹੁਤ ਹੀ ਵਾਜ਼ਬ ਕੀਮਤਾਂ
ਤੇ ਮਿਲਦੀਆਂ ਹਨ। ਪੈਪਸੀ ਕੋਲਾ, ਸੈਵਨ ਅਪ ਤੇ ਹੋਰ ਹਰ ਤਰ੍ਹਾਂ ਦਾ ਸੌਦਾ ਤੁਹਾਨੂੰ
ਸਾੜ੍ਹੀ ਫੈਸ਼ਨ ਤੋਂ ਮਿਲ ਸਕਦਾ ਹੈ।

East Indian and Pakistani Grocieries.
We rent Hindi and Punjabi movies on V.H.S.
Have large selection of pre-recorded
Punjabi and Hindi cassette tapes & fabrics

News Papers Like
India West, Canada DarPan,
Also Sold Here
EVERY WEEK

(916) 671-3105

472 Palora Ave.
Yuba City
Calif. 95991

# ਕੈਨੇਡਾ ਵਿਚ ਰੰਗ/ਨਸਲੀ ਵਿਤਕਰਾ

ਗੁਰਨਾਮ ਸਿੰਘ ਸੰਘੇੜਾ

## ਮਸਲਾ ਨਸਲਵਾਦ

ਕਨੇਡਾ ਵਿਚ ਨਸਲਵਾਦ ਅੰਗਰੇਜ਼ ਅਤੇ ਫਰਾਂਸੀਸੀਆਂ ਦੇ ਆਉਣ ਦੇ ਸਮੇਂ ਤੋਂ ਹੈ। ਇਸ ਕੰਮ ਲਈ ਇਸਾਈ ਧਰਮ ਨੂੰ ਭੀ ਖੂਬ ਵਰਤਿਆ। ਆਦੀਵਾਸੀਆਂ ਦੇ ਖਾਤਮੇ ਲਈ ਕਈ ਮੁਹਿੰਮਾਂ ਅਤੇ ਦਾਅਪੇਚ ਲਾਏ। ਆਦੀਵਾਸੀਆਂ ਨੂੰ ਕਨੇਡਾ ਵਿਚ ਵੋਟ ਪਾਉਣ ਦਾ ਹੱਕ 1960 ਵਿਚ ਮਿਲਿਆ। 1850 ਦੇ ਕਰੀਬ ਖਾਣਾਂ ਪੁੱਟਣ ਜੰਗਲ ਸਾਫ ਕਰਨ, ਰੇਲਾਂ ਵਿਛਾਉਣ ਆਦਿ ਲਈ ਚੀਨੇ ਕਾਮਿਆਂ ਨੂੰ ਲਿਆਂਦਾ। ਪਿੱਛੋਂ ਭਾਰਤੀ ਭੀ ਆ ਪਹੁੰਚੇ। ਦਾਖਲੇ ਉਪਜ ਨਸਲਵਾਦੀ ਪਾਬੰਦੀਆਂ ਅਤੇ ਫਿਰ ਚੀਨੇ, ਭਾਰਤੀਆਂ ਆਦਿ ਵਿਰੁੱਧ ਫਸਾਦ, ਵੋਟ ਦਾ ਹੱਕ ਖੋਹਣਾ, ਕਈ ਕੰਮ ਕਰਨ ਦੀ ਕਾਨੂੰਨੀ ਮਨਾਹੀ ਅਤੇ ਪਰਿਵਾਰ ਨਾ ਲਿਆਉਣ ਦੇਣਾ ਆਦਿ ਉਘੀਆਂ ਮਿਸਾਲਾਂ ਹਨ। ਦੂਜੀ ਸੰਸਾਰ ਜੰਗ ਵਿਚ ਜਾਪਾਨੀ ਲੋਕਾਂ ਦੀਆਂ ਜਾਇਦਾਦਾਂ ਜ਼ਬਤ ਅਤੇ ਘਰਾਂ ਵਿਚੋਂ ਕੱਢ ਕੇ ਦੇਸ਼ ਦੇ ਦੂਰ ਅੰਦਰ ਕੈਂਪਾਂ ਵਿਚ ਬੰਦ ਕਰਨਾ ਫਾਸ਼ੀਵਾਦ ਤੋਂ ਘੱਟ ਨਹੀਂ। ਫਿਰ ਅੰਤਰ-ਰਾਸ਼ਟਰੀ ਹਾਲਾਤ ਬਦਲਣ ਨਾਲ ਕਨੇਡਾ ਦੀ ਸਰਕਾਰ ਨੇ ਭੀ ਬਾਹਰਾ ਤੌਰ ਤੇ ਨੀਤੀ ਬਦਲੀ। ਨਵੇਂ ਇਮੀਗਰੇਸ਼ਨ ਕਾਨੂੰਨ ਆਏ ਪਰ ਉਹਨਾਂ ਦੀ ਵਰਤੋਂ ਕਾਲੇ ਭੂਰੇ ਲੋਕਾਂ ਦੇ ਵਿਰੁੱਧ ਹੀ ਰਹੀ ਜਿਵੇਂ ਅੱਜ ਭੀ ਭਾਰਤ ਤੋਂ ਮੰਗੇਤਰ ਅਤੇ ਨਿਰਭਰ ਮਾਂ ਬਾਪ ਮੰਗਵਾਉਣ ਲਈ ਬਹੁਤ ਮੁਸ਼ਕਲਾਂ ਦਾ ਟਾਕਰਾ ਕਰਨਾ ਪੈਂਦਾ ਹੈ। ਨਸਲਵਾਦੀ ਤੇ ਫਾਸ਼ੀ ਜਥੇਬੰਦੀਆਂ ਉਪਰ ਕੋਈ ਰੋਕ ਨਹੀਂ ਅਤੇ ਨਸਲਵਾਦੀ ਨਫਰਤ ਭਰੇ ਭੜਕਾਊ ਪਰਚਾਰ ਵਿਰੁੱਧ ਨਿਪੁੰਸਕ ਜਿਹਾ ਕਾਨੂੰਨ ਹੈ ਪਰ ਉਸ ਤਹਿਤ ਭੀ ਕੁਝ ਨਹੀਂ। ਹੁਣ ਨਸਲਵਾਦੀ ਵਿਤਕਰਾ ਬੜੀ ਚਤੁਰਾਈ ਤੇ ਸਫਾਈ ਨਾਲ ਕੀਤਾ ਜਾਂਦਾ ਹੈ। ਅਦਾਰਿਆਂ ਵਿਚ ਕੰਮ ਰਹੇ ਕਈ ਬੰਦਿਆਂ ਨੂੰ ਤਾਂ ਇਹਨਾਂ ਚਾਲਾਂ ਦਾ ਭੀ ਗਿਆਨ ਨਹੀਂ।

ਅਦਾਰਿਆਂ ਰਾਹੀਂ ਹੋ ਰਹੇ ਨਸਲਵਾਦ ਨੂੰ ਨਜ਼ਰ ਅੰਦਾਜ਼ ਕਰਕੇ ਭਾਵ ਵਾਚਕ ਗਲਾਂ ਜਿਵੇਂ ਕਿ ਨਸਲੀ ਪਿਆਰ, ਚੰਗੇ ਨਸਲੀ ਸਬੰਧ ਆਦਿ ਕਾਫੀ ਨਹੀਂ। ਇਹਨਾਂ ਨਾਲ ਹੱਲ ਨਹੀਂ ਬਲਕਿ ਨਸਲਵਾਦੀ ਅਮਲਾਂ, ਪਰੰਪਰਾਵਾਂ ਵਿਰੁੱਧ ਲੜਾਈ ਦੇ ਕੇ ਇਹਨਾਂ ਬੇ-ਇਨਸਾਫੀਆਂ ਨੂੰ ਖਤਮ ਕਰਨ ਵਿਚ ਹੈ ਜਿਸ ਵਲੋਂ ਸਰਕਾਰ ਤੇ ਉਸ ਦੀਆਂ ਨੀਤੀਆਂ ਧਿਆਨ ਪਰੇ ਕਰਦੀਆਂ ਹਨ। ਲੋਕ ਹਿਤੂ ਜਥੇਬੰਦੀਆਂ ਨੂੰ ਇਹਨਾਂ ਦਾ ਵਧੀਆ ਤੇ ਸਾਫ ਨਿਰਣਾ ਅਤੇ ਕਨੇਡੀਅਨ ਅਦਾਰਿਆਂ ਵਲੋਂ ਵਿਤਕਰਾ ਤੇ ਨਾ-ਬਰਾਬਰੀ ਨੂੰ ਕਾਇਮ ਰੱਖਣ ਦੀਆਂ ਨੀਤੀਆਂ ਨੂੰ ਸਮਝਣ ਅਤੇ ਨੰਗਾ ਕਰਨ ਦੀ ਲੋੜ ਹੈ।

ਸਰਕਾਰ, ਅਦਾਰਿਆਂ, ਏਜੰਸੀਆਂ ਅਤੇ ਵਿਅਕਤੀਆਂ ਨੂੰ ਇਹ ਮੰਨਣਾ ਪਵੇਗਾ ਕਿ ਨਸਲਵਾਦੀ ਵਿਤਕਰਾ ਹੋ ਰਿਹਾ ਹੈ ਅਤੇ ਜੇ ਇਹ ਮਸਲਾ ਸਵੀਕਾਰ ਨਹੀਂ ਕੀਤਾ ਜਾਂਦਾ ਤਾਂ ਫਿਰ ਇਹ ਏਜੰਸੀਆਂ ਤੇ ਸਰਕਾਰ ਅਸਲੀ ਹੱਲ ਵੱਲ ਨਹੀਂ ਜਾਣਗੀਆਂ। ਨਾਲ ਹੀ ਇਹ ਭੀ ਸਵੀਕਾਰ ਹੋਣਾ ਚਾਹੀਦਾ ਹੈ ਸ਼ਕਲ ਤੋਂ ਵੱਖਰੀਆਂ ਦਿਸਦੀਆਂ ਘੱਟ ਗਿਣਤੀਆਂ ਨਾਲ ਨਸਲੀ ਵਿਤਕਰਾ ਹੁੰਦਾ ਰਿਹਾ ਹੈ ਅਤੇ ਘੱਟ ਗਿਣਤੀਆਂ ਨੇ ਸਭਿਆਚਾਰ, ਸਮਾਜ ਅਤੇ ਆਰਥਿਕਤਾ ਵਿਚ ਬਹੁਤ ਹਿਸਾ ਪਾਇਆ ਹੈ। ਕਨੇਡੀਅਨ ਸਰਕਾਰ, ਭਾਰੂ ਜਮਾਤ ਅਤੇ ਐਂਗਲੋ-ਸੈਕਸਨ ਲੋਕਾਂ ਨੂੰ ਆਪਣੇ ਅੰਦਰ ਝਾਤੀ ਮਾਰਨੀ ਪਵੇਗੀ ਕਿ ਉਹਨਾਂ ਨੇ ਰੰਗਦਾਰ ਲੋਕਾਂ ਨੇ ਕਿਵੇਂ ਵਧੀਕੀਆਂ ਕੀਤੀਆਂ ਹਨ ਅਤੇ ਸਕੂਲਾਂ ਦੀਆਂ ਕਿਤਾਬਾਂ ਅਤੇ ਪਾਠਕਰਮ ਵਿਚ ਭੀ ਅਜ ਤੋਂ ਵੱਖਰਾ ਆਉਣਾ ਜ਼ਰੂਰੀ ਹੈ। ਕਿਊਬਿਕ ਦੇ "ਸੈਂਤੇ ਦਾ ਰੀਫਰਛ" (ਭਾਵ ਰੀਸਰਚ ਸੈਂਟਰ) ਨੇ ਲਿਖਿਆ: "ਸਰਕਾਰ ਦੀ ਹਰ ਸਮੇਂ ਪਹੁੰਚ ਰਹੀ ਹੈ ਕਿ ਉਹ ਸਦਾ ਆਦੀ ਵਾਸੀਆਂ (ਇੰਡੀਅਨਾਂ) ਨੂੰ ਦਸਦੀ ਹੈ ਕਿ ਉਹ ਨਸਲਵਾਦ ਕਿਵੇਂ ਖਤਮ ਕਰਨ ਪਰ ਅਸਲ ਵਿਚ ਸਰਕਾਰ ਨੂੰ ਜਵਾਬ ਮਿਲਣਾ ਚਾਹੀਦਾ ਹੈ ਕਿ ਤੁਸੀਂ ਬਦਲੀ ਕਰੋ ਤੇ ਖਤਮ ਕਰੋ —"

## ਵਿਆਖਿਆ

ਟਰਾਂਟੋ ਦੇ "ਅਰਬਨ ਅਲਾਇੰਸ" ਨੇ ਲਿਖਿਆ ਕਿ ਮਸਲੇ ਦੀ ਵਿਆਖਿਆ ਜ਼ਰੂਰੀ ਹੈ ਅਤੇ ਜਿਸ ਢੰਗ ਦੀ ਵਿਆਖਿਆ ਹੋਵੇਗੀ, ਉਸ ਢੰਗ ਨਾਲ ਹੀ ਮਸਲਾ ਸਮਝਿਆ ਜਾਏਗਾ। "ਸੋ ਮਸਲੇ ਦਾ ਧਿਆਨ ਕਰਨ ਅਤੇ ਨਿਰਣਾ ਕਰਨ ਦੇ ਪਿੱਛੋਂ ਅਸਲੀ ਤੇ ਸੰਭਵ ਸਿਫਾਰਸ਼ਾਂ ਦੀ ਗੱਲ ਕਰ ਸਕਦੇ ਹੋ।" ਜਿਵੇਂ ਕਿ ਨਵੇਂ ਸਮਾਜ ਵਿਚ ਢਲਣ, ਰਚਣ ਮਿਚਣ ਆਦਿ ਦੇ ਮਸਲੇ ਨੂੰ ਘੱਟ ਗਿਣਤੀਆਂ ਵਿਰੁੱਧ ਵਰਤਣਾ ਨਸਲਵਾਦ ਹੀ ਹੈ। ਅਤੇ ਜੇ ਕਰ ਰੰਗਦਾਰ ਲੋਕ ਪਰੇ ਜਾਂ ਅਲੱਗ ਰਹਿਣ ਦੀ ਕੋਸ਼ਿਸ਼ ਕਰਦੇ ਤਾਂ ਜਿਥੇ ਇਹ ਸਵੈ ਹੋਂਦ ਨੂੰ ਕਾਇਮ ਰੱਖਣ ਦਾ ਢੰਗ ਹੈ ਉਥੇ ਇਹ ਨਸਲਵਾਦੀ ਵਿਤਕਰੇ ਦੀ ਹੋਂਦ ਦਾ ਪ੍ਰਗਟਾਵਾ ਹੈ। ਇਹ ਇਸ ਗੱਲ ਨੂੰ ਭੀ ਦਰਸਾਉਂਦਾ ਹੈ ਕਿ ਰੰਗਦਾਰ ਲੋਕਾਂ ਲਈ ਕਨੇਡਾ ਦੇ ਵੱਡੇ ਅਦਾਰਿਆਂ ਦੇ ਦਰਵਾਜ਼ੇ ਬੰਦ ਹਨ। "ਅਰਬਨ ਅਲਾਇੰਸ" ਨੇ ਲਿਖਿਆ ਕਿ ਨਸਲਵਾਦ ਇੰਨੀ ਬੇ-ਰਹਿਮ ਨਾਲ ਫੈਲਿਆ ਹੋਇਆ ਹੈ ਕਿ ਇਹ ਨਤੀਜਾ ਕੱਢਣਾ ਜਾਇਜ਼ ਹੋਵੇਗਾ ਕਿ ਕਨੇਡੀਅਨ ਸਮਾਜ ਅਦਾਰਾ-ਗਤ ਨਸਲਵਾਦ ਦੇ ਪ੍ਰਬੰਧ ਦੀ ਸਹਾਇਤਾ ਕਰਦਾ ਹੈ (ਪੰਨਾ — 61)। ਕਨੇਡਾ ਦੀ ਅਖੌਤੀ ਨੈਸ਼ਨੇਲਿਸਟ ਪਾਰਟੀ ਨੇ ਪਾਰਲੀਮਾਨੀ ਕਮੇਟੀ ਨੂੰ ਦਿਤੇ ਬਰੀਫ ਵਿਚ ਨਸਲਵਾਦ ਦੇ ਹੱਲ ਲਈ ਬੜਾ ਨਸਲਵਾਦੀ ਸੁਝਾਅ ਦਿਤਾ ਕਿ ਦਿਸਦੀਆਂ ਘੱਟ ਗਿਣਤੀਆਂ ਨੂੰ ਫੀ ਵਿਅਕਤੀ ਦਸ ਹਜ਼ਾਰ ਡਾਲਰ ਦੇ ਵਾਪਸ ਭੇਜ ਦੇਣਾ ਚਾਹੀਦਾ ਹੈ।

## ਨਸਲਵਾਦ ਕਰਿਮੀਨਲ ਜੁਰਮ-

ਡਾਕਟਰ ਫਰਾਂਸਿਸ ਹੈਨਰੀ ਨੇ ਲਿਖਿਆ ਕਿ 35 (ਪੈਂਤੀ) ਫੀ ਸਦੀ ਓਜਿਹੇ ਲੋਕਾਂ ਦੀ ਹਨ ਜਿਹਨਾਂ ਦਾ ਕੁਝ ਹੱਦ ਤਕ ਨਸਲਵਾਦੀ ਵਤੀਰਾ ਹੈ (ਸੋਸ਼ਲ ਪਲੈਨਿੰਗ ਕੌਂਸਲ ਟਰਾਂਟੋ) ਕਨੇਡੀਅਨ ਬਹੁ-ਸਭਿਆਚਾਰਕ ਕੌਂਸਲ ਨੇ ਦਸਿਆ ਕਿ "31 (ਇਕੱਤੀ) ਫੀ ਸਦੀ ਕਨੇਡੀਅਨ ਉਨ੍ਹਾਂ ਜਥੇਬੰਦੀਆਂ ਦਾ ਸਮਰਥਨ ਕਰਦੇ ਹਨ ਜੋ ਸਿਰਫ ਚਿੱਟੇ ਲੋਕਾਂ ਲਈ ਕਨੇਡਾ ਦਾ ਪ੍ਰਚਾਰ ਕਰਦੀਆਂ ਹਨ"। ਸਾਨੂੰ ਤਿੰਨ ਕਿਸਮ ਦੇ ਵਿਤਕਰੇ ਦਾ ਟਾਕਰਾ ਕਰਨਾ ਜ਼ਰੂਰੀ ਹੈ ਜਿਵੇਂ ਜ਼ਾਹਰਾ 'ਕੱਟੜ ਪੰਥੀ); ਨੀਯਤ ਵਾਲਾ ਅਤੇ ਯੋਜਨਾ ਬੱਧ (ਜੋ ਉਪਰੋਂ ਨਿਰਪੱਖ ਲੱਗਣ ਪਰ ਅਮਲ ਵਿਚ ਰੰਗਦਾਰਾਂ ਦੇ ਵਿਰੁੱਧ ਹੋਣ) ਇਹੋ ਜਿਹੇ ਜ਼ਹਿਰੀਲੇ ਪ੍ਰਚਾਰ ਅਤੇ ਸੁਝਾਵਾਂ ਨੂੰ ਜੁਰਮ ਗਿਣਨਾ ਚਾਹੀਦਾ ਹੈ। ਅਮਰੀਕਾ ਦੇ "ਕੈਲੇਫੋਰਨੀਆ ਯੂਨੀਵਰਸਿਟੀ ਅਤੇ ਬਕੀ"ਕਸੇ ਵਿਚ ਜੱਜ ਨੇ ਆਖਿਆ ਸੀ, "ਅਸੀਂ ਬਰਾਬਰੀ ਦੀ ਸੁਰੱਖਿਆ ਦੀ ਮੱਦ ਹੇਠ ਨਸਲੀ ਪ੍ਰਧਾਨਤਾ ਨੂੰ ਪੱਕਿਆਂ ਨਹੀਂ ਹੋਣ ਦੇ ਸਕਦੇ"। ਇਸਦਾ ਭਾਵ ਚਿੱਟ ਨਸਲਵਾਦੀਆਂ ਦੇ ਵਿਰੁੱਧ ਅਤੇ ਕਾਲੇ ਬਕੀ ਦੇ ਹੱਕ ਵਿਚ ਸੀ। ਯੂ.ਐਨ.ਓ. ਨੇ 20 ਨਵੰਬਰ 1963 ਨੂੰ 21 ਦਸੰਬਰ 1965 ਦੀ ਕਨਵੈਨਸ਼ਨ ਨੇ "ਹਰ ਕਿਸਮ ਦੇ ਨਸਲੀ ਵਿਤਕਰੇ ਨੂੰ ਖਤਮ ਕਰਨ"ਦੇ ਐਲਾਨ ਨਾਮੇ ਦੇ ਆਰਟੀਕਲ ਚਾਰ ੳ(4-ੳ) ਵਿਚ ਪਾਸ ਕੀਤਾ "ਨਸਲੀ ਉਚਤਾ ਜਾਂ ਨਸਲੀ ਨਫਰਤ ਦੇ ਖਿਆਲਾਂ ਦਾ ਪ੍ਰਸਾਰ ਕਰਨ; ਨਸਲੀ ਵਿਤਕਰੇ ਨੂੰ ਭੜਕਾਉਣ; ਨਾਲ ਹੀ ਨਾਲ ਦੂਜੇ ਰੰਗ ਜਾਂ ਨਸਲ ਦੇ ਵਿਅਕਤੀਆਂ ਜਾਂ ਗਰੁੱਪ ਵਿਰੁੱਧ ਹਿਸਕ ਐਕਸ਼ਨ ਜਾਂ ਭੜਕਾਹਟ ਅਤੇ ਨਸਲਵਾਦੀ ਕੰਮਾਂ ਦੀ ਮਾਇਆ ਜਾਂ ਹੋਰ ਢੰਗ ਨਾਲ ਸਹਾਇਤਾ ਕਰਨ ਨੂੰ ਕਾਨੂੰਨੀ ਤੌਰ ਤੇ ਸਜ਼ਾ ਦਾ ਅਧਿਕਾਰੀ ਜੁਰਮ ਹੋਣ ਦਾ ਐਲਾਨ ਕਰਦਾ ਹੈ।"

ਕਾਨੂੰਨ ਸੱਤਾਧਾਰੀ ਜਮਾਤ ਤੇ ਉਸ ਦੀ ਸਰਕਾਰ ਦੀ ਵਿਚਾਰਧਾਰਾ ਦਾ ਪ੍ਰਗਟਾਵਾ ਹੈ ਅਤੇ ਲੋਕਾਂ ਦੇ ਅਮਲ ਤੇ ਦਸਤੂਰ ਦਾ ਮਿਆਰ ਤੈਅ ਕਰਦਾ ਹੈ। ਸੋ ਅਜੇ ਤਕ ਕਨੇਡੀਅਨ ਸਰਕਾਰ ਦੀ ਅਗਵਾਈ ਤੇ ਲੋਕਾਂ ਦੀ ਸੋਚਣੀ ਨੂੰ ਢਾਲਣ ਦੀ ਨੀਤੀ, ਲੋਕਾਂ ਨੂੰ ਪਾੜਨ, ਮਜ਼ਦੂਰ ਨੂੰ ਲੁੱਟਣ ਤੇ ਵੰਡ ਰਾਹੀਂ ਕਮਜ਼ੋਰ ਕਰਨ ਅਤੇ ਨਸਲਵਾਦ ਨੂੰ ਜਿਉਂ ਦਾ ਤਿਉਂ ਭਾਵ ਕ਼ਾਇਮ ਰੱਖਣ ਦੀ ਨੀਤੀ ਹੈ ਭਾਵੇਂ ਕੁਝ ਕੇ ਪਰੰਪਰਾਂ ਦੀ ਪੋਚਾ ਪਾਚੀ ਵਖਾਉਣ ਦੇ ਯਤਨ ਹਨ। ਬਰਤਾਨੀਆ ਦੀ "ਸਟਰੀਟ ਰੀਪੋਰਟ"ਨੇ ਲਿਖਿਆ ਸੀ, "ਕਾਨੂੰਨ ਦਾ ਕੰਮ ਅਜਿਹੀ ਰਾਏ ਦਾ ਮਾਹੌਲ ਪੈਦਾ ਕਰਨਾ ਹੈ ਕਿ ਨਸਲੀ ਵਿਤਕਰੇ ਨੂੰ ਦੂਰ ਕੀਤਾ ਜਾ ਸਕੇ।" ਸਮਾਜਵਾਦੀ ਦੇਸ਼ਾਂ ਜਿਵੇਂ ਸੋਵੀਅਤ ਯੂਨੀਅਨ, ਰੁਮਾਨੀਆ, ਹੰਗਰੀ, ਪੋਲੈਂਡ, ਬਲਗਾਰੀਆ, ਚੈਕੋਸਲੋਵਾਕੀਆ, ਵੀਅਤਨਾਮ, ਉਤਰੀ ਕੋਰੀਆ, ਚੀਨ ਆਦਿ ਵਿਚ ਵਿਧਾਨਕ ਤੌਰ ਤੇ ਨਸਲੀ ਵਿਤਕਰੇ ਵਿਰੁੱਧ ਕਰਿਮੀਨਲ ਰੋਕਾਂ ਹਨ ਤੇ ਇਹ ਕਰਿਮੀਨਲ ਜੁਰਮ ਹੈ। ਬਰਤਾਨੀਆ, ਪੱਛਮੀ ਯੂਰਪ, ਕਨੇਡਾ ਅਤੇ ਅਮਰੀਕਾ ਵਿਚ ਲੋਕ ਹਿਤੂ ਜਥੇਬੰਦੀਆਂ ਨਸਲੀ ਵਿਤਕਰਾ ਅਤੇ ਭੜਕਾਹਟ ਨੂੰ ਕਰਿਮੀਨਲ ਜੁਰਮ ਬਣਾਉਣ ਲਈ ਬੜੀ ਦੇਰ ਤੋਂ ਆਖਦੀਆਂ ਹਨ ਪਰ ਇਹ ਲੋਕ ਵਿਰੋਧੀ ਸਰਕਾਰਾਂ ਇਸ ਤਰ੍ਹਾਂ ਦੇ ਕਾਨੂੰਨ ਦੇ ਹੱਕ ਵਿਚ ਨਹੀਂ। ਕਨੇਡਾ ਦੇ ਫੈਡਰਲ ਤੌਰ ਤੇ ਅਤੇ ਸੂਬਿਆਂ ਵਿਚ ਹਿਊਮਨ ਰਾਈਟਸ ਕਾਨੂੰਨ ਤਾਂ ਬਹੁਤ ਕਮਜ਼ੋਰ ਹਨ। ਅਤੇ ਖਾਸ ਕਰ ਬ੍ਰਿਟਿਸ਼ ਕੁਲੰਬੀਆ ਤਾਂ ਹਿਊਮਨ ਰਾਈਟਸ ਕੋਡ ਦੀਆਂ ਧੱਜੀਆਂ ਉਡਾਉਣ ਲਈ ਪ੍ਰਸਿੱਧ ਹੈ। ਯੂ.ਐਨ.ਓ. ਦਾ ਮਤਾ 210 ੳ ਨਸਲ ਤੇ ਨਸਲਵਾਦੀ ਜਥੇਬੰਦੀਆਂ ਬਣਾਉਣ ਦੀ ਮਨਾਹੀ ਕਰਦਾ ਅਤੇ ਉਨ੍ਹਾਂ ਨੂੰ ਗੈਰ ਕਾਨੂੰਨੀ ਕਰਨ ਲਈ ਆਖਦਾ ਹੈ। ਪਰ ਸਰਮਾਏਦਾਰੀ ਦੇਸ਼ ਇਹ ਕਰਨ ਨੂੰ ਤਿਆਰ ਨਹੀਂ ਕਿਉਂਕਿ ਲੋਕਾਂ ਨੂੰ ਵੰਡਣ, ਕਮਜ਼ੋਰ ਕਰਨ ਅਤੇ ਲੋਕ ਹਿਤੂ ਕੰਮ ਨੂੰ ਕੁਰਾਹੇ ਪਾਉਣ ਦਾ ਉਨ੍ਹਾਂ ਪਾਸ ਇਹ ਵੀ ਇਕ ਹਥਿਆਰ ਹੈ। ਨਸਲਵਾਦ ਢਾਂਚੇ ਦੇ ਵਿਚ ਉਣਿਆ ਬੁਣਿਆ ਹੋਇਆ ਹੈ ਅਤੇ ਸਮਾਜ ਦੇ ਤਾਣੇ ਬਾਣੇ ਦਾ ਅੰਗ ਹੈ।

(ਚਲਦਾ)

# ਰਾਜੀਵ—ਬੂਟਾ ਸਿੰਘ ਬਾਬਾ ਵਿਰਸਾ ਸਿੰਘ ਦੇ ਚਰਨੀਂ

ਨਵੀਂ ਦਿੱਲੀ:—ਕੇਂਦਰੀ ਗ੍ਰਹਿ ਮੰਤਰੀ ਸ੍ਰ.ਬੂਟਾ ਸਿੰਘ ਇਸ ਵੇਲੇ ਦਿੱਲੀ ਦੇ ਬਾਬਾ ਵਿਰਸਾ ਸਿੰਘ ਦੀ 'ਆਸ਼ੀਰਵਾਦ'ਨਾਲ ਪੰਜਾਬ ਮਸਲਾ ਹੱਲ ਕਰਾਉਣ ਲਈ ਬੇਤਾਬ ਲੱਗਦੇ ਹਨ। ਦੂਜੇ ਪਾਸੇ ਬਾਬਾ ਵਿਰਸਾ ਦਾ ਕਹਿਣਾ ਹੈ ਕਿ ਪੰਜਾਬ ਮਸਲਾ ਤਾਂ ਹੀ ਹੱਲ ਹੋ ਸਕਦਾ ਹੈ ਜੇ ਇਹ ਗੱਲ ਪਹਿਲਾਂ ਮੰਨ ਕੇ ਤੁਰਿਆ ਜਾਵੇ ਕਿ ਸਿੱਖਾਂ ਦਾ ਧਰਮ ਅਤੇ ਸਿਆਸਤ ਦੋ ਅਟੁੱਟ ਅੰਗ ਹਨ। ਬੂਟਾ ਸਿੰਘ ਅੱਜਕੱਲ ਹਫਤੇ ਵਿਚ ਤਿੰਨ ਵਾਰ ਬਾਬਾ ਵਿਰਸਾ ਸਿੰਘ ਕੋਲ ਜਾਂਦੇ ਹਨ ਅਤੇ ਕੁੱਝ ਦਿਨ ਪਹਿਲਾਂ ਤਾਂ ਉਹ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਬਾਬਾ ਵਿਰਸਾ ਸਿੰਘ 'ਆਸ਼ਰਮ'ਵਿਚ ਲਿਜਾਣ 'ਚ ਸਫਲ ਹੋ ਗਏ। ਰਾਜੀਵ ਗਾਂਧੀ ਦਾ ਦਿੱਲੀ ਨੇੜੇ, ਮਹਿਰੌਲੀ ਫਾਰਮ ਹੈ ਜਿਥੇ ਉਹ ਹਰ ਸਪਤਾਹ ਅੰਤ ਤੇ ਨਿਸ਼ਾਨੇਬਾਜ਼ੀ ਦਾ ਨਵਾਂ ਸ਼ੌਕ ਪੂਰਾ ਕਰਨ ਜਾਂਦੇ ਹਨ। ਜਦੋਂ ਕਿ ਬਾਬਾ ਵਿਰਸਾ ਸਿੰਘ ਦਾ 'ਆਸ਼ਰਮ'ਮਹਿਰੌਲੀ ਤੋਂ ਸਿਰਫ ਛੇ ਕਿਲੋਮੀਟਰ ਦੂਰ ਪਿੰਡ ਮੱਦਈਪੁਰ ਵਿਚ ਹੈ। ਬਾਬਾ ਵਿਰਸਾ ਸਿੰਘ ਦਾ ਕੱਦ 6 ਫੁੱਟ ਪੰਜ ਇੰਚ ਹੈ ਜਦੋਂ ਕਿ ਉਨ੍ਹਾਂ ਦਾ ਆਸ਼ਰਮ 300 ਏਕੜ ਵਿਚ ਫੈਲਿਆ ਹੋਇਆ ਹੈ। 51 ਸਾਲਾਂ ਦੀ ਉਮਰ ਵਿਚ ਬਾਬਾ ਵਿਰਸਾ ਸਿੰਘ ਦੇ ਚਿਹਰੇ ਤੇ ਕਿਤੇ ਝੁਰੜੀ ਨਹੀਂ ਅਤੇ ਉਨ੍ਹਾਂ ਦਾ ਸਰੀਰ ਤੀਰ ਵਾਂਗੂ ਸਿੱਧਾ ਹੈ।

ਰਾਜੀਵ ਗਾਂਧੀ ਨੂੰ 'ਆਸ਼ੀਰਵਾਦ' ਦਿੰਦਿਆਂ ਬਾਬਾ ਵਿਰਸਾ ਸਿੰਘ ਨੇ ਕਿਹਾ ਕਿ ਤੁਸੀਂ (ਰਾਜੀਵ) 15 ਸਾਲ ਹੋਰ ਪ੍ਰਧਾਨ ਮੰਤਰੀ ਬਣੇ ਰਹੋਗੇ। ਉਨ੍ਹਾਂ ਨਾਲ ਹੀ ਰਾਜੀਵ ਗਾਂਧੀ ਨੂੰ ਕਿਹਾ ਕਿ ਬੂਟਾ ਸਿੰਘ ਬੜਾ ਨੇਕ ਬੰਦਾ ਹੈ ਇਸਨੂੰ ਕਿਤੇ ਛੱਡ ਨਾ ਦੇਣਾ ਬਲਕਿ ਇਸਤੋਂ ਵੱਧ ਤੋਂ ਵੱਧ ਕੰਮ ਲਵੋ'ਰਾਜੀਵ ਨੇ ਭਰੋਸਾ ਦੁਆਇਆ ਕਿ ਉਹ ਅਜਿਹੀ ਕੋਈ ਕਾਰਵਾਈ ਨਹੀਂ ਕਰਨਗੇ ਜਿਸ ਨਾਲ ਬੂਟਾ ਸਿੰਘ ਤੇ ਕੋਈ ਆਂਚ ਆਵੇ।

ਆਸ਼ਰਮ ਦੇ ਅੰਦਰਲੇ ਸੂਤਰਾਂ ਅਨੁਸਾਰ ਅਕਾਲੀ ਨੇਤਾ ਸ੍ਰ.ਪ੍ਰਕਾਸ਼ ਸਿੰਘ ਬਾਦਲ, ਸ੍ਰ.ਗੁਰਚਰਨ ਸਿੰਘ ਟੌਹੜਾ, ਸੁਖਜਿੰਦਰ ਸਿੰਘ ਅਤੇ ਠੇਕੇਦਾਰ ਸੁਰਜਨ ਸਿੰਘ ਵੀ ਬੂਟਾ ਸਿੰਘ ਦੇ ਕਹਿਣ ਤੇ ਇਕ ਤੋਂ ਵੱਧ ਵਾਰ ਆਸ਼ਰਮ ਜਾ ਚੁੱਕੇ ਹਨ। ਬਾਬਾ ਵਿਰਸਾ ਸਿੰਘ ਦੇ ਸ਼ਰਧਾਲੂਆਂ ਦਾ ਦਾਅਵਾ ਹੈ ਕਿ 'ਬਾਬਾ ਜੀ ਤ੍ਰੈਕਾਲੀ-ਦਰਸ਼ੀ'ਹਨ ਜੋ ਅਤੀਤ ਤੇ ਵਰਤਮਾਨ ਅਤੇ ਭਵਿੱਖ ਬਾਰੇ ਸਭ ਕੁੱਝ ਦਸ ਦਿੰਦੇ ਹਨ।

ਕਿਹਾ ਜਾਂਦਾ ਹੈ ਕਿ 20 ਫਰਵਰੀ ਨੂੰ ਬਾਬਾ ਵਿਰਸਾ ਸਿੰਘ ਦੇ ਜਨਮ-ਦਿਨ ਤੇ ਜਦੋਂ ਸ੍ਰ.ਬੂਟਾ ਸਿੰਘ ਉਨ੍ਹਾਂ ਨੂੰ ਮਿਲਣ ਗਏ ਤਾਂ ਬਾਬਾ ਜੀ ਨੇ ਬੂਟਾ ਸਿੰਘ ਨੂੰ ਸੁਝਾਅ ਦਿੱਤਾ ਕਿ 'ਪੰਜਾਬ ਮਸਲੇ ਦੇ ਹੱਲ ਲਈ ਬਾਦਲ, ਟੌਹੜਾ ਅਤੇ ਹੋਰ ਨਜ਼ਰਬੰਦ ਅਕਾਲੀ ਨੇਤਾਵਾਂ ਦੀ ਰਿਹਾਈ ਲਈ ਹਰ ਸੰਭਵ ਕੋਸ਼ਿਸ਼ ਕਰੋ।'


ਸੁਪਰ ਫੋਟੋ ਸਟੂਡੀਓ

Passport Photos 5 Mins. Service

Quality Portraits

Our Bussiness Weddings



Super Photo Studio

9375 - 120th St. (Scott Rd.) Delta

Memories Restored

ਅਸੀਂ ਪੁਰਾਣੀਆਂ ਫਟੀਆਂ ਫੋਟੋਆਂ ਮੁੜ ਨਵੀਆਂ ਕਰਦੇ ਹਾਂ — ਬਲੈਕ ਐਂਡ ਵਾਈਟ ਫੋਟੋਆਂ ਕੱਲਰ ਕੀਤੀਆਂ ਜਾਂਦੀਆਂ ਹਨ

Off. 589-4668

Res. 596-3770



GM WESTMINSTER

12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ਼੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

ਗੁਰਜੀਤ ਬਾਵਾ ਢੀਂਡਸਾ

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

WESTMINSTER GM ਵਾਲਿਆਂ ਦੇ ਨਵੇਂ ਸ਼ੋਅਰੂਮ ਵਿਚ 1987 ਦੇ ਮਾਡਲ ਹੁਣ ਪਹੁੰਚ ਗਏ ਹਨ ਤੇ 1986 ਦੇ ਮਾਡਲਾਂ ਤੇ ਸੇਲ ਅਜੇ ਵੀ ਚੱਲ ਰਹੀ ਹੈ। ਨਵੇਂ ਸ਼ੋਅਰੂਮ ਵਿਚ ਆਓ ਤੇ ਸੇਲ ਦਾ ਫਾਇਦਾ ਉਠਾਓ!

BUS. 521-7731

Pager 687-1985 #5531





ਗੁਰਜੀਤ ਢੀਂਡਸਾ ਬਾਵਾ

1983 ਤੇ 1985 ਦੇ ਗਰੈਂਡ ਸੇਲਜ਼ ਮਾਸਟਰ

# ਕੈਲੇਫੋਰਨੀਆ ਗਾਈਡ

ਫਰੈਜ਼ਨੋ ਵਿਚ 'ਕੈਨੇਡਾ ਦਰਪਣ' ਲਓ ਤੇ ਨਾਲ ਕੱਪੜੇ, ਗਰੌਸਰੀ, ਵੀਡੀਓ ਮੁਵੀਆਂ ਵੀ ਖ਼੍ਰੀਦੋ
Ph. (209) 456-9491
INDICA IMPORTS — 4925 E. King Canyon Road, FRESNO, CA. .

ਯੂਬਾ ਸਿਟੀ ਵਿਚ 'ਕੈਨੇਡਾ ਦਰਪਣ' ਇਥੋਂ ਮਿਲਦਾ ਹੈ :
LONDON FASHIONS
1494 E. Bridge St., YUBA CITY CA. Ph. (916) 673-6634

PETE ELLIS DODGE
ਕਾਰਾਂ, ਵੈਨਾਂ, ਪਿਕ ਅੱਪ ਖ਼੍ਰੀਦਣ ਲਈ
ਫ਼ੋਨ ਕਰੋ :—
ਜੱਸੀ ਗਰੇਵਾਲ
(408) 738-0400
Credit or no Credit
CALL:
Jessie Grewal
2 to 5% over Dealer Cost
Pete Ellis Dodge
1095, West El Camino Real
SUNNYVALE, CALIFORNIA 94087



Kamla Emporium
● ਮਸਾਲੇ ● ਆਟਾ ● ਗਰੌਸਰੀ ● ਕੱਪੜੇ
● ਸਾੜ੍ਹੀਆਂ ● ਰੀਕਾਰਡ ● ਇੰਡੀਅਨ ਵੀਡੀਓ ਮੁਵੀਜ਼ ● 220 ਵੋਲਟੇਜ਼ ਅਪਲਾਇੰਸਿਜ
'ਕੈਨੇਡਾ ਦਰਪਣ' ਅਖ਼ਬਾਰ ਵੀ ਇਥੋਂ ਮਿਲਦਾ ਹੈ
2974 - Aborn Road, SAN JOSE, CA.
ਇੰਦਰ ਮੋਹਨ ਨੂੰ ਫ਼ੋਨ ਕਰੋ :
(408) 270-2070

## ਸ਼ਰਾਬੀ ਬਰਾਤੀਆਂ ਦੀ 'ਸੇਵਾ'ਕਰਕੇ ਬੇਰੰਗ ਵਾਪਸ ਭੇਜਿਆ

ਬਟਾਲਾ:—ਇਥੋਂ 20 ਕਿਲੋਮੀਟਰ ਦੂਰ ਕਸਬਾ ਧਾਰੀਵਾਲ ਵਿਖੇ ਕਨ੍ਹਆ ਤੋਂ ਆਈ ਇਕ ਬਰਾਤ ਦੇ ਬਰਾਤੀਆਂ ਨੂੰ ਸ਼ਰਾਬ ਪੀ ਕੇ,ਭਾਰੀ ਖਰੂਦ ਕਰਨ ਅਤੇ ਔਰਤਾਂ ਨੂੰ ਛੇੜਛਾੜ ਦੀ ਹਰਕਤ ਕਰਨ ਤੇ ਲੜਕੀ ਵਾਲਿਆਂ ਵਲੋਂ ਚੰਗੀ ਤਸੱਲੀ ਨਾਲ ਕੁੱਟਮਾਰ ਕੀਤੀ ਗਈ,ਅਤੇ ਲਾੜੇ ਅਤੇ ਉਸਦੇ ਪਿਓ ਦਾ ਮੂੰਹ ਕਾਲਾ ਕਰਕੇ,ਉਨ੍ਹਾਂ ਨੂੰ ਧੱਕੇ ਮਾਰਕੇ ਬਰਾਤ ਸਮੇਤ ਵਾਪਸ ਬਰੰਗ ਭੇਜ ਦਿੱਤਾ ਗਿਆ ।

ਪ੍ਰਾਪਤ ਸੂਚਨਾ ਅਨੁਸਾਰ,ਅਜਿਹੀ ਸਥਿਤੀ ਉਦੋਂ ਪੈਦਾ ਹੋ ਗਈ ਜਦੋਂ ਲਾਵਾਂ ਫੇਰਿਆਂ ਤੋਂ ਕੁੱਝ ਸਮਾਂ ਪਹਿਲਾਂ ਲੜਕੇ ਦੇ ਪਿਓ ਨੇ ਦਾਜ ਵਿੱਚ ਸਕੂਟਰ ਅਤੇ ਰੰਗਦਾਰ ਟੀ.ਵੀ.ਨਾ ਹੋਣ ਕਾਰਨ ਫੇਰੇ ਰੋਕ ਲਏ ਅਤੇ ਉਪਰੋਕਤ ਦੋਵੇਂ ਚੀਜ਼ਾਂ ਦੀਆਂ ਮੰਗਾਂ ਕਰਨ ਲੱਗੇ । ਇਸ ਰੌਲੇ ਰੱਪੇ ਵਿੱਚ ਸ਼ਰਾਬ,ਪੀ ਕੇ ਭੂਤਰੇ ਹੋਏ ਕੁੱਝ ਬਰਾਤੀਆਂ ਨੇ ਲੜਕੀ,ਘਰ ਦੀਆਂ ਔਰਤਾਂ ਅਤੇ ਲੜਕੀਆਂ ਨਾਲ ਛੇੜਛਾੜ ਅਤੇ ਭੱਦੇ ਮਜ਼ਾਕ ਕਰਨੇ ਸ਼ੁਰੂ ਕਰ ਦਿੱਤੇ ਜਿਸਤੇ ਮਾਮਲਾ ਵਿਗੜ ਗਿਆ ਅਤੇ ਲੜਕੀ ਵਾਲਿਆਂ ਨੇ ਖਰੂਦੀ ਬਰਾਤੀਆਂ ਅਤੇ ਦਾਜ ਦੇ ਲਾਲਚੀ ਲਾੜੇ ਅਤੇ ਉਸਦੇ ਪਿਓ ਦੀ ਚੰਗੀ ਦੁਰਗਤ ਬਣਾਈ ਅਤੇ ਬਰਾਤ ਨੂੰ ਬਰੰਗ ਖਾਲੀ ਵਾਪਸ ਭੇਜ ਦਿੱਤਾ

GILL'S AUTO SALES
ਯੂਬਾ ਸਿਟੀ ਅਤੇ ਨਾਲ ਦੇ ਇਲਾਕਿਆਂ ਦੇ ਕਾਰਾਂ ਖ਼੍ਰੀਦਣ ਵਾਲਿਆਂ ਨੂੰ ਖਾਸ ਸਹੂਲਤ
ਆਪਣੀ ਮਰਜ਼ੀ ਦੀ ਕਾਰ ਖ਼੍ਰੀਦਣ ਜਾਂ ਵੇਚਣ ਲਈ
ਗਿੱਲ ਆਟੋ ਸੇਲਜ਼ 'ਤੇ ਪਹੁੰਚੋ





ਜਾਣਕਾਰੀ ਲਈ ਫ਼ੋਨ ਕਰੋ :
(916) 671-3667
ਸੁਰਜੀਤ ਸਿੰਘ ਗਿੱਲ ਜਾਂ ਮਾਈਕਲ ਸ. ਸਮਰਾ ਨਾਲ ਸੰਪਰਕ ਕਰੋ
1455 - FRANKLIN ROAD, YUBA CITY, CA.

KANG UP HOLSTERY
CUSTOM UPHOLSTERING
UPHOLSTERY FURNITURE MADE TO ORDER
Estimates Submitted/Pick-up & Delivery
Ph. (916) 673-6594 or 674-2500
Res: (916) 673-3387



ਸਵਰਨ ਸਿਘ ਕੰਗ

ਯੂਬਾ ਸਿਟੀ ਦੇ ਰਹਿਣ ਵਾਲੇ ਆਪਣੇ ਘਰ ਲਈ ਆਪਣੀ ਮਰਜ਼ੀ ਦਾ ਸੋਫ਼ਾ, ਚੇਅਰ ਜਾਂ ਹੋਰ ਸਾਮਾਨ ਆਰਡਰ ਬੁੱਕ ਕਰਵਾ ਕੇ ਬਣਵਾ ਸਕਦੇ ਹਨ
632 N. WALTON, ROAD, YUBA CITY, CA.

ਪੰਨਾ 19 ਤੋਂ ਅਗਲੀ

ਤੇ ਬੱਚਿਆਂ ਨੂੰ ਲੈ ਜਾ ਪੁੱਤ। ਖੜ੍ਹੇ ਤਾਂ ਪਾਣੀ ਦੀ ਮੁਸ਼ਕ ਜਾਂਦੇ ਨੇ।"

ਉਹ ਇਹੀ ਗੱਲ ਚਿੰਤੀ ਨੂੰ ਲਿਖ ਦਿੰਦਾ ਤੇ ਉਹ ਮੋੜਵਾਂ ਜਵਾਬ ਦਿੰਦੀ,"ਮੈਂ ਬੇਬੇ ਨੂੰ ਕੱਲੀ ਛੱਡ ਕੇ ਨਹੀਂ ਆਉਣਾ। ਮੁੰਡਾ ਬੀ.ਏ.ਦੇ ਆਖਰੀ ਸਾਲ ਵਿਚ ਐ,ਕੁੜੀ ਬੇਸਿਕ ਕਰਕੇ ਪਿੰਡ ਹੀ ਟੀਚਰ ਲੱਗੀ ਹੋਈ ਹੈ। ਬਲਾ ਸੋਹਣੀ ਐ,ਜਿਹੋ ਜਿਹੀ ਤੁਹਾਡੀ...ਹੁੰਦੀ ਸੀ। "

ਨੁਕਤਿਆਂ ਦਾ ਮਤਲਬ ਸਮਝ ਉਹ ਫੋਟੋ ਚੁੱਕਦਾ ਤੇ ਇਕ ਦਿਨ ਦਾ ਇਕ ਨਕਸ਼ ਠਹਿਰਾ ਠਹਿਰਾ ਵੇਖਦਾ ਤੇ ਵੇਖਦਾ ਹੀ ਤੁਰਿਆ ਜਾਂਦਾ ਕਿੰਨੀ ਰਾਤ ਤੱਕ ਉਹਨੂੰ ਨੀਂਦ ਨਾ ਆਉਂਦੀ..."ਕੀ ਜੂਨ ਐ ਸਾਲੀ !ਸਾਰੀ ਜਵਾਨੀ ਦਾ ਲਹੂ ਤੁਪਕਾ ਤੁਪਕਾ ਕਰਕੇ ਇਨ੍ਹਾਂ ਬਰਫਾਂ ਵਿਚ ਖੋਰ ਦਿੱਤਾ। ਉਮਰ ਬੀਤ ਗਈ। ਟੱਬਰ ਦਾ ਮੂੰਹ ਵੇਖਿਆਂ...ਸੌਂ ਜਾ ਸੌਂ ਜਾ,ਨਹੀਂ ਤਾਂ ਭਲਕੇ ਦਿਹਾੜੀ ਨੀ ਲੱਗਣੀ !"

ਫਿਰ ਇਕ ਹੋਰ ਚਿੱਠੀ ਆਈ ਜਿਸਦੀ ਇਕ ਨੁੱਕਰ ਪਾਟੀ ਹੋਈ ਸੀ। ਪਾਜ਼ੀ,ਪੜ੍ਹੀ:ਬੇਬੇ ਪੂਰੀ ਹੋ ਗਈ !"

ਕੀ ਹੋ ਗਿਆ ਸੀ ਉਹਨੂੰ ? ਰੋਣਾ ਕਿਉਂ ਨੀ ਆਉਂਦਾ? ਪੱਥਰ ਹੋ ਗਿਆ ਸੀ। ਉਹ ! ਬਾਹਰ ਹਵਾ ਸ਼ੂਕ ਰਹੀ ਸੀ। ਕਿੰਨੇ ਦਿਨਾਂ ਤੋਂ ਜੰਮੀ ਬਰਫ ਖੁਰਨ ਦਾ ਨਾਂ ਨਹੀਂ ਸੀ ਲੈ ਰਹੀ। ਸਿਆਲ ਦੀ ਠੰਢ ਤੇ ਕੋਰੇ ਨੇ ਦਰਖਤਾਂ ਦੀ ਸਾਰੀ ਹਰਿਆਲੀ ਖੋਹ ਲਈ ਸੀ। ਬੱਸ ਖਲੋਤੇ ਸਨ,ਕਾਲੇ,ਝੰਬੇ ਹੋਏ-ਜਿਵੇਂ ਮੌਸਮ ਦਾ ਹੀ ਨਹੀਂ ਆਪਣੀ ਕਿਸਮਤ ਦਾ ਵੀ ਮਾਤਮ ਕਰ ਰਹੇ ਹੋਣ।...ਖਲੋਤਿਆਂ ਖਲੋਤਿਆਂ ਉਹਦੀਆਂ ਅੱਖਾਂ ਸਾਹਵੇਂ ਪਿੰਡ ਦਾ ਬਰੋਟਾ ਉੱਗ ਆਇਆ-ਦਰਵਾਜ਼ੇ ਮੂਹਰੇ,ਦਾਦਿਆਂ ਪੜਦਾਦਿਆਂ ਵੇਲੇ ਦਾ ਬਰੋਟਾ !...ਇਕ ਰਾਤ ਅੰਤਾਂ ਦਾ ਝੱਖੜ ਝੁਲਿਆ ਸੀ। ਦੂਜੇ ਦਿਨ ਲੋਕਾਂ ਨੇ ਵੇਖਿਆ ਕਿ ਬਰੋਟਾ ਧਰਤੀ 'ਤੇ ਚੁਫਾਲ ਡਿੱਗਿਆ ਪਿਆ ਹੈ।...ਕਿੱਥੇ ਕਿੱਥੇ ਜਾ ਡਿੱਗਿਆ ਸੀ ਬੋਹੜ !...ਉਸ ਦਿਨ ਸਾਰਾ ਪਿੰਡ ਆਖ ਰਿਹਾ ਸੀ:ਯਾਰੋ,ਕਦੇ ਖਿਆਲ ਹੀ ਨਹੀਂ ਸੀ ਕੀਤਾ ਕਿ ਬਰੋਟਾ ਏਡਾ ਵੱਡਾ ਹੈ।"...ਨਾਲ ਹੀ ਆਲ੍ਹਣੇ ਖਿਲਰੇ ਪਏ ਸਨ ਜਿੰਨ੍ਹਾਂ ਵਿੱਚ ਬੇਅੰਤ ਪੰਛੀ ਤੜਫ ਤੜਫ ਮਰ ਗਏ ਸਨ। ਕੀ ਪੰਛੀ ਉਡ ਸਕਦੇ ਸਨ ?...ਜ਼ਰੂਰ ਉੜ ਸਕਦੇ ਸਨ !ਫਿਰ ਉੜੇ ਕਿਉਂ ਨਹੀਂ ?...ਸ਼ਾਇਦ ਉਨ੍ਹਾਂ ਨੇ ਸੋਚਿਆ ਹੋਵੇ:

-ਫਲ ਖਾਏ ਇਸ ਬ੍ਰਿਕਸ਼ ਕੇ,ਬੀਠ ਲਬੇੜੇ ਪਾਤ
ਅਬ ਉੜਨੇ ਦਾ ਧਰਮ ਨਹੀਂ,ਜਲਲੇਂਗੇ ਇਸ ਕੇ ਸਾਥ !

...ਤੇ ਐਨ ਉਸੇ ਸਮੇਂ ਉਸਨੂੰ ਸੱਤੇ-ਸਿਧ ਅਹਿਸਾਸ ਹੋਇਆ:ਬੇਬੇ ਏਡੀ ਵੱਡੀ ਸੀ! ਆਲ੍ਹਣਾ ਤਾਂ ਡਿੱਗ ਪਿਆ। ਪ੍ਰਦੇਸ਼ਾਂ ਵਿਚ ਵਿਲਕਦੇ ਪੰਛੀ ਨੇ ਹੁਣ ਖੱਟਾ ਉਡੀਕਣਾ ਸੀ। ਟਿਕਟ ਕਟਾਈ ਤੇ ਵਤਨਾਂ ਨੂੰ ਉਡ ਗਿਆ।

ਦੋ ਮਹੀਨੇ ਪਿੰਡ ਰਿਹਾ। ਰੋਜ਼ ਤਾਏ ਤੇ ਬਾਪੂ ਦੀਆਂ ਮਟੀਆਂ ਤੇ ਦੀਵੇ ਬਾਲਣ ਜਾਂਦਾ। ਚਿੰਤੀ ਨੂੰ ਮਿਲਿਆ। ਉਹਦੇ ਚਿਹਰੇ 'ਤੇ ਵੀਹ ਸਾਲ ਤਾਂ ਸਾਫ ਲਿਖੇ ਹੋਏ ਵਿਖਾਈ ਦਿੰਦੇ ਸਨ ਪਰ ਕਿਰਤ ਤੇ ਸੰਘਰਸ਼ ਨੇ ਉਹਨੂੰ ਇਕ ਟਾਈਪ ਬਣਾ ਦਿੱਤਾ ਸੀ। ਸ਼ਖਸੀਅਤ 'ਚ ਠਰ੍ਹੰਮਾ,ਸੰਜਮ ਤੇ ਸਵੈ-ਵਿਸ਼ਵਾਸ!

"ਮਾਫ ਕਰੀਂ,ਚਿੰਤੀਏ ! ਰਾਮ ਚੰਦਰ ਜੀ ਨਾਲੋਂ ਵੀ ਛੇ ਵਰ੍ਹੇ ਜ਼ਿਆਦਾ ਕੱਟੇ ਨੇ ਤੂੰ ਬਣਵਾਸ ਵਿੱਚ।"

ਰਾਤ ਨੂੰ ਉਸਨੇ ਨਿਮ੍ਰਤਾ ਦੇ ਲਹਿਜੇ ਵਿਚ ਚਿੰਤੀ ਨੂੰ ਆਖਿਆ।

"ਸੀਤਾ ਨੂੰ ਵੱਖਰਿਆਂ ਥੋੜ੍ਹੇ ਰਹਿਣਾ ਪਿਆ ਸੀ ?...।"ਇਨਾ ਆਖ ਉਹ ਉਦਾਸ ਮੁਸਕਾਣ ਮੁਸਕਾਈ ਸੀ।

"ਮਜ਼ਬੂਰ ਸਾਂ ਚਿੰਤੀਏ,ਭੈਣਾਂ ਵਿਆਹੀਆਂ ਹੋਈਆਂ ਸਨ। ਗਹਿਣੇ ਕੀਤੀ ਜ਼ਮੀਨ ਛੁਡਵਾਉਣੀ ਸੀ। ਕੁਰਕਸ਼ੇਤਰ ਦੇ ਮੈਦਾਨ 'ਚੋਂ ਭੱਜਿਆਂ ਸਰਦਾ ਨਹੀਂ ਸੀ।"

"ਮੈਂ ਸਮਝਦੀ ਆਂ। ਮੈਂ ਤਾਂ ਤੁਹਾਡੀ ਹੀ ਚਿੰਤਾ ਵਿੱਚ ਗਰਕ ਰਹਿੰਦੀ ਸਾਂ ਮੈਂ ਤਾਂ ਭਰੇ ਘਰ 'ਚ ਰਹਿੰਦੀ ਸਾਂ। ਬੱਚੇ ਮੇਰੇ ਕੋਲ ਸਨ।"ਚਿੰਤੀ ਦੀਆਂ ਅੱਖਾਂ ਭਰ ਆਈਆਂ।

ਬੱਚਿਆਂ ਨੂੰ ਮਿਲਿਆ। ਧੀ ਸ਼ੁਦੇਸ਼,ਪੁੱਜ ਕੇ ਸੋਹਣੀ ਤੇ ਸੁਚੱਜੀ। ਇੰਨੀ ਸੋਹਣੀ ਮਲਵਈ ਬੋਲਦੀ ਸੀ। ਜਿਵੇਂ ਨਹਿਰ ਦਾ ਪਾਣੀ ਡਲ੍ਹਕ ਰਿਹਾ ਹੋਵੇ। ਮੁੰਡਾ ਮਿਲਿਆ। ਕੋਈ ਸ਼ਖਸੀਅਤ ਹੀ ਨਹੀਂ ਸੀ। ਐਵੇਂ ਪੰਜ ਕੁ ਫੁੱਟ ਦਾ ਘਸਿਆ ਜਿਹਾ। ਘੁੱਗੂ ਜਿਹਾ ਬਣਿਆ ਕੋਲੋਂ ਬੈਠਾ ਰਹਿੰਦਾ,ਜਿਵੇਂ ਉਹਦੀ ਆਪਣੀ ਕੋਈ ਮਰਜ਼ੀ ਹੀ ਨਹੀਂ ਹੁੰਦੀ।

ਭੈਣਾਂ ਨੂੰ ਮਿਲਿਆ। ਚਾਰ ਭੈਣਾਂ ਇਕੋ ਪਿੰਡ ਬ੍ਰਾਹਮਣ ਵਾਲੇ ਤਾਏ-ਚਾਚਿਆਂ ਦੇ ਮੁੰਡਿਆਂ ਨੂੰ ਵਿਆਹੀਆਂ ਹੋਈਆਂ ਸਨ। ਪੁੱਜ ਕੇ ਸੁੱਖੀ। ਨਈਂ-ਭੋਈਂ ਦੇ ਮਾਲਕ ਜੱਟ ਬ੍ਰਾਹਮਣ ਧਰਤੀ 'ਚੋਂ ਸੋਨਾ ਉਗਾ ਦਿੰਦੇ ਸਨ ਦਾਨੇ ਜੀਜੇ,ਸਰੂਆਂ ਵਰਗੇ ਭਾਣਜੇ,ਸਚਿਆਰੀਆਂ ਭਾਣਜੀਆਂ !

"ਨਿਰਮਲਾ ਕਿਵੇਂ ਐ ?"ਉਹਨੇ ਭੈਣਾਂ ਨੂੰ ਪੁੱਛਿਆ।

"ਪੁੱਜ ਕੇ ਦੁੱਖੀ। ਵੀਰ,ਬੇਬੇ ਤੇ ਭਾਬੀ ਨੇ ਸਾਰਾ ਘਰ ਕੁਲੰਜ ਕੁਲੰਜ ਦੇ ਦਿੱਤਾ ਪਰ ਉਨ੍ਹਾਂ ਦੀ ਭੁੱਖ ਨੀ ਮਿਟੀ। ਨਿਰੇ ਕਰਾੜ ਬ੍ਰਾਹਮਣ ਨੇ ਹਰਾਮੀ।...ਸਭ ਤੋਂ ਸੁਨੱਖੀ ਹੁੰਦੀ ਸੀ ਨਿਰਮਲਾ,ਪਰ ਹੁਣ ਜਮ੍ਹਾਂ ਬੁੜ੍ਹੀ ਲਗਦੀ ਐ...ਬੱਸ ਸਾਲ ਦੋ ਸਾਲ ਨੂੰ ਤਪਦਿਕ ਤੁਪਦਿਕ ਹੋ ਕੇ ਮਰ ਜਾਵੇਗੀ।"

"ਤੁਸੀਂ ਮਰ ਗਈਆਂ ਸੀ ? ਨਾ ਹੀ ਮੈਨੂੰ ਦੱਸਿਆ ਕਿਸੇ ਨੇ।"ਉਹ ਖਿਝ ਕੇ ਪਿਆ ਵੱਡੀ ਭੈਣ ਨੂੰ।

"ਵੀਰ ਮਰ ਨੀ ਗਈਆਂ ! ਸਾਡੇ ਤਾਂ ਪੰਜਾਹ ਜੀਅ ਨੇ ਘਰ ਦੇ। ਸਾਰੇ ਕੋਟਲੇ ਨੂੰ ਖਪਾ ਦੇਣਗੇ।...

ਪਰ ਅੱਗੇ ਤਾਇਆ ਫਾਂਸੀ ਚੜ੍ਹ ਗਿਆ ਸੀ ਤਾਂ ਸਾਰਾ ਘਰ ਰੁੱਲ ਗਿਆ ਸੀ ਜਦੋਂ ਵੱਡੀ ਭੈਣ ਨੇ ਦਸਿਆ ਕਿ ਨਿਰਮਲਾ ਨੂੰ ਸੌਹਰਾ ਤੀਕ ਵੀ ਮਾਰਦਾ ਹੈ-ਸੱਸ,ਨਨਾਣ ਤੇ ਪਰਾਹੁਣੇ ਦਾ ਤਾਂ ਖੈਰ ਨਿਤਨੇਮ ਹੀ ਹੈ ਤਾਂ ਜੰਡਾਲੀ ਵਾਲੇ ਸੂਰਮੇ ਪੰਡਤਾਂ ਵਾਲਾ ਖੂਨ ਅੰਗੜਾਈਆਂ ਲੈ ਖੌਲਣ ਲੱਗਿਆ ਤੇ ਉਹ ਦੂਜੇ ਦਿਨ ਵੱਡੇ ਜੀਜੇ ਤੇ ਦੋ ਭਾਣਜੀਆਂ ਨੂੰ ਨਾਲ ਲੈ ਕੇ ਮਾਲੇਰ ਕੋਟਲੇ ਜਾ ਵੜਿਆ।

ਬਿਲਕੁਲ ਪੁੱਗੀ ਪਈ ਸੀ ਭੈਣ !ਉਹਦੇ ਮੱਥੇ 'ਤੇ ਪੱਟੀ ਬੰਨ੍ਹੀ ਹੋਈ ਸੀ। ਪੱਟੀ 'ਤੇ ਲਹੂ ਜੰਮਿਆ ਹੋਇਆ ਸੀ। ਵੇਖਦਿਆਂ ਸਾਰ ਨਿਰਮਲਾ ਉਹਨੂੰ ਆ ਚਿੰਬੜੀ ਤੇ ਚਿੰਬੜੀ ਹੀ ਰਹੀ। ਉਹਨੇ ਆਪਣੀ ਮਾਂ-ਜਾਈ ਨੂੰ ਮਸਾਂ ਤੋੜ ਕੇ ਪਰ੍ਹਾਂ ਕੀਤਾ।

"ਆਹ ਪੱਟੀ ਕਿਉਂ ਬੰਨ੍ਹੀ ਐ ਨਿਰਮਲਾ ?"ਉਸਨੇ ਜਾਣਦਿਆਂ ਵੀ ਪੁੱਛਿਆ।

ਨਿਰਮਲਾ ਦੇ ਕੁੱਝ ਜਵਾਬ ਦੇਣ ਤੋਂ ਪਹਿਲਾਂ ਹੀ ਇਕ ਪੰਦਰਾਂ ਕੁ ਸਾਲਾਂ ਦਾ ਮੁੰਡਾ ਬੋਲਿਆ:"ਦਾਦੀ ਨੇ ਭੂਕਣਾ ਮਾਰ ਕੇ ਗਲੀ ਕਰ ਦਿੱਤੀ ਨਿਰਮਲਾ ਹਟਕੋਰੇ ਲੈ ਰੋਣ ਲੱਗ ਪਈ।

"ਮਾਸੀ,ਇਹ ਚੰਦ ਤੁਸੀਂ ਚਾੜ੍ਹਿਐ ? ਕੀ ਵਿਗਾੜਿਐ ਇਹਨੇ ਵਿਚਾਰੀ ਨੇ ਤੁਹਾਡਾ !"

"ਦਫਾ ਹੋ ਜਾ ਇਥੋਂ ! ਇਸ ਗਏ ਹੋਏ ਖਲਣੇ ਦੀ ਨੂੰ ਸਾਡੇ ਹੀ ਪੱਲੇ ਪਾਉਣਾ ਸੀ ? "

ਰੌਲਾ ਸੁਣ ਜੀਜਾ ਤੇ ਮਾਸੜ ਜੀ ਵੀ ਆ ਗਏ।

"ਸੁਕਰ ਕਰ ਅਸੀਂ ਏਸ ਨੂੰ ਪਾਗਲਖਾਨੇ ਨਹੀਂ ਭੇਜਿਆ !"ਟੋਪੀ ਵਾਲਾ ਸੜਿਆ ਜਿਹਾ ਮਾਸੜ ਬੋਲਿਆ।

"ਇਹ ਹਰਾਮਜ਼ਾਦੀ ਸਾਡੇ ਘਰ ਸਜਦੀ ਐ ? ਬੜਾ ਆਇਆ ਹਮਦਰਦੀ ਵਿਖਾਣ ਵਾਲਾ। ਸ਼ੁਕਰ ਕਰ ਇਹਦੀਆਂ ਲੱਤਾਂ ਨਹੀਂ ਤੋੜੀਆਂ।"ਹੀਜੜਾ ਜਿਹਾ ਜੀਜਾ ਬੋਲਿਆ।

ਜੰਡਾਲੀ ਵਾਲੇ ਸੂਰਮੇ ਪੰਡਤਾਂ ਵਾਲਾ ਖੂਨ ਪਾਟਣ ਤੇ ਆ ਗਿਆ। ਜੇ ਅੱਜ ਬਿਸ਼ੰਭਰ ਤਾਇਆ ਹੁੰਦਾ ਤਾਂ ਕੂਹਣੀਆਂ ਖਪਾ ਦਿੰਦਾ। ਪਰ ਉਮਰ ਦੀ ਪੁਖਤਗੀ,ਲੰਮੀ ਜਦੋਜਹਿਦ,ਤੇ ਤਾਏ ਦੀ ਮੌਤ ਪਿਛੋਂ ਹੋਈ ਬਰਬਾਦੀ ਤੇ ਪੱਛਮ ਦੀ ਮਸ਼ੀਨੀ ਜ਼ਿੰਦਗੀ ਨੇ ਉਹਦੇ ਅੰਦਰ ਕਾਫੀ ਠਰ੍ਹੰਮਾ ਲੈ ਆਂਦਾ ਸੀ। ਇਸ ਲਈ ਹੱਥ ਚੁੱਕਣ ਤੋਂ ਪਹਿਲਾਂ ਉਸਨੇ ਆਪਣੇ ਹੀਜੜੇ ਜਿਹੇ ਜੀਜੇ ਨੂੰ ਵੰਗਾਰਿਆ,"ਅੱਛਾ ਇਹ ਗੱਲ ਐ ! ਲਾ ਫੇਰ ਹੱਥ ਜੇ ਸੱਤਿਆ ਹੈ ਤਾਂ।"

ਤੇ ਵੱਡੇ ਭਾਣਜੇ ਨੇ ਪਸਤੌਲ ਦੇ ਖੋਲ ਨੂੰ ਠੋਰਿਆ। ਸਾਰੇ ਕੋੜਮੇ ਨੂੰ ਜਿਵੇਂ ਤੰਦੂਆ ਪੈ ਗਿਆ।

"ਜਿੰਨ੍ਹਾਂ ਕੱਪੜਿਆਂ 'ਚ ਖੜ੍ਹੀ ਐਂ,ਇਨ੍ਹਾਂ ਨਾਲ ਹੀ ਤੁਰ ਪੈ। ਕੁਸ਼ ਨਾ ਚੱਕੀਂ ਇਨ੍ਹਾਂ ਕਲੰਕੀਆਂ ਦਾ।"ਉਸਨੇ ਆਪਣੀ ਭੈਣ ਨੂੰ ਆਖਿਆ। ਨਿਰਮਲਾ ਮੁੰਡੇ ਦੇ ਕੋਲ ਹੋਈ ਤਾਂ ਉਹ ਆਖਣ ਲੱਗਿਆ,"ਬੀਬੀ,ਮੈਂ ਵੀ ਨਾਲ ਹੀ ਜਾਣਾ ਹੈ !"

ਅਮਰ ਨਾਥ ਬੋਲਿਆ,"ਲੈ ਪੰਡਤ ਜੀ,ਲੈ ਚਲਿਆਂ ਆਪਣੀ ਭੈਣ ਤੇ ਭਾਣਜੇ ਨੂੰ। ਸਾਂਭੋ ਜੋ ਕੁਸ਼ ਮੇਰੀ ਭੈਣ ਦਾ ਤੁਹਾਡੇ ਕੋਲ ਐ। ਖੱਫਣਾਂ ਦੇ ਕੰਮ ਆਵੇਗਾ। ਨੱਕ ਨਾਲ ਲਕੀਰਾਂ ਕੱਢਿਆਂ ਵੀ ਨਹੀਂ ਤੋਰਾਂਗੇ।"

"ਧੀਆਂ ਤਾਂ ਰਾਜਿਆਂ ਮਹਾਰਾਜਿਆਂ ਤੋਂ ਨੀ ਰੱਖੀਆਂ ਗਈਆਂ। ਹੋਰ ਚੌਂਹ ਦਿਨਾਂ ਨੂੰ ਇਥੇ ਹੀ ਭੱਜੇ ਆਵੋਗੇ।"ਸੱਸ ਬੋਲੀ,ਉਂਜ ਉਹਦੀ ਡਰ ਦੇ ਮਾਰੇ ਜੀਭ ਸੁੱਕੀ ਪਈ ਸੀ।

"ਪੰਡਤਾਣੀ ਰਾਜਿਆਂ ਤੋਂ ਹੀ ਨਹੀਂ ਰੱਖੀਆਂ ਗਈਆਂ। ਅਸੀਂ ਰੱਖ ਲਵਾਂਗੇ। ਦਾਨਾ ਵੱਡਾ ਜੀਜਾ ਫੈਸਲਾਕੁਨ ਅਵਾਜ਼ ਵਿਚ ਬੋਲਿਆ। ਤੁਰਨ ਤੋਂ ਪਹਿਲਾਂ ਭਾਣਜੇ ਬੋਲੇ,"ਮਾਮਾ,ਮਾੜਾ ਜਿਹਾ ਹੱਥ ਤਾਂ ਖੋਲ੍ਹ ਲੈਣ ਦਿੰਦਾ !"

ਪਿੰਡ ਪਰਤਿਆ ਤਾਂ ਚਿੰਤੀ ਨੂੰ ਆਖਣ ਲੱਗਿਆ,"ਨਿਰਮਲਾ ਦੇ ਕਸ਼ਟ ਕੱਟ ਆਇਆਂ। ਪਿੰਡ ਰਹੂਗੀ। ਪੰਜਾਹ ਵਿੱਘੇ ਝੋਟੇ ਦੇ ਸਿਰ ਵਰਗੀ ਜ਼ਮੀਨ ਐ। ਏਸਤੋਂ ਮੁੱਕਦੀ ਨੀ। ਭਾਣਜਾ ਮੰਡੀ ਦੇ ਸਕੂਲ ਪੜ੍ਹੇਗਾ। ਜੇ ਕੋਈ ਬਣਤ ਬਣੀ ਤਾਂ ਇਹਨੂੰ ਇੰਗਲੈਂਡ ਵੀ ਬੁਲਾ ਲਵਾਂਗੇ।"

ਦੋ ਮਹੀਨੇ ਪਿੰਡ ਕੱਟ ਉਹ ਮੁੜ ਗਲਾਸਗੋ ਆ ਗਿਆ। ਕੰਮ ਛੱਡ ਕੇ ਗਿਆ ਸੀ। ਕੰਮ ਮਿਲਿਆ ਨਾਂ। ਉਨ੍ਹਾਂ ਦਿਨਾਂ ਵਿਚ ਮਹਿੰਦਰ ਵੀ ਬਰੈਡਫੋਰਡ ਆਪਣੇ ਰਿਸ਼ਤੇਦਾਰਾਂ ਕੋਲ ਗਰੋਸਰੀ ਦੀ ਸ਼ਾਪ ਲੈਣ ਦਾ ਮਨ ਬਣਾਈ ਬੈਠਾ ਸੀ। ਉਹ ਵੀ ਬਰੈਡਫੋਰਡ ਆ ਗਿਆ ਤੇ ਬੱਸ ਕੰਡਕਟਰ ਲੱਗ ਗਿਆ।

ਹੁਣ ਚਿੰਤੀ ਤੇ ਬੱਚਿਆਂ ਤੋਂ ਬਿਨਾਂ ਰਹਿਣ ਦਾ ਕੀ ਅਰਥ ਸੀ ? ਸਾਲ ਨਹੀਂ ਪੈਣ ਦਿੱਤਾ ਉਹ ਵੀ ਆ ਗਏ। ਗੀਤਾ ਪੜ੍ਹਦੀ ਪੁਸ਼ਪਾ ਰਾਣੀ ਨੂੰ ਚਿੰਤੀ ਪਸੰਦ ਕਰ ਆਈ ਤੇ ਸਾਲ ਦੇ ਅੰਦਰ ਅੰਦਰ ਉਹ ਵੀ ਆ ਗਈ

ਅਮਰ ਨਾਥ ਨੂੰ ਨੂੰਹ ਦਾ ਅੰਤਾਂ ਦਾ ਚਾਅ ਸੀ। ਉਸਨੇ ਸੋਚਿਆ ਸੀ,"ਬੇਬੇ ਵੀ ਤੰਗੀਆਂ ਕੱਟਦੀ ਮੁੱਕ ਗਈ। ਚਿੰਤੀ ਨੇ ਵੀ ਸਾਰੀ ਜਵਾਨੀ ਉਹਦੇ ਟੱਬਰ ਨੂੰ ਕਿਓਂਟਣ ਤੇ ਲਾ ਦਿੱਤੀ। ਹੁਣ ਸਾਰੀਆਂ ਰੀਝਾਂ ਪੂਰੀਆਂ ਕਰਾਂਗਾ। ਵੇਖ ਵੇਖ ਜੀਵਾਂਗਾ ਆਪਣੀ ਪੁਸ਼ਪਾ ਬੇਟੀ ਨੂੰ। ਕੁੜੀ ਤਾਂ ਪਰਾਇਆ ਧਨ ਹੁੰਦਾ। ਇਸੇ ਨੇ ਸਾਡੀ ਵੇਲ ਲੱਗੇ ਵਧਾਉਣੀ ਹੈ।

ਖੈਰ,ਵੇਲ ਤਾਂ ਅੱਗੇ ਜ਼ਰੂਰ ਵਧੀ। ਸੁੱਖ ਨਾਲ ਦੋ ਸਾਲ ਵਿਚ ਹੀ ਦੋ ਲਾਲ ਹੋ ਗਏ। ਪਰ ਪੁਸ਼ਪਾ ਰਾਣੀ ਨੇ ਉਹ ਪੁਸ਼ਪ ਖਿੜਾਏ ਕਿ ਨਾ ਕਦੀ ਉਹਦੇ ਬੁੱਲ੍ਹਾਂ ਤੇ ਮੁਸਕਾਣ ਆਈ ਤੇ ਨਾ ਹੀ ਉਹਦੇ ਅਮਲਾਂ ਤੋਂ ਕਦੀ ਸ਼ਰਧਾ-ਭਾਵਨਾ ਦਾ ਪ੍ਰਗਟਾਵਾ ਨਹੀਂ ਹੋਇਆ।

ਇੱਕ ਦਿਨ ਪੁਸ਼ਪਾ ਕੰਮ ਤੋਂ ਆਈ। ਉਸਨੇ ਉਠ ਕੇ ਉਸਨੂੰ ਗੱਲਵਕੜੀ 'ਚ ਲੈ ਲਿਆ ਤੇ ਬੋਲਿਆ,"ਮੇਰਾ ਪੁੱਤ ਤਾਂ ਬਹੁਤ ਥੱਕ ਗਿਆ ਹੋਵੇਗਾ। ਚਿੰਤੀਏ,ਕੋਈ ਕੰਮ ਨਾ ਕਰਾਈਂ ਮੇਰੀ ਧੀ ਤੋਂ। ਰੋਟੀ ਤੂੰ ਪਕਾ ਭਾਂਡੇ ਮੈਂ ਧੋ ਦੇਵਾਂਗਾ "

ਦੂਜੇ ਦਿਨ ਮੁੰਡੇ ਨੇ ਬੜਾ ਭਾਰਾ ਉਲਾਂਭਾ ਦਿੱਤਾ ਆਪਣੀ ਮਾਂ ਨੂੰ,"ਬੀਬੀ,ਭਾਪੇ ਨੇ ਪੁਸ਼ਪਾ ਨੂੰ ਜੱਫੀ ਪਾਈ। ਬੜਾ ਹੀ ਮਾਈਂਡ ਕੀਤਾ ਪੁਸ਼ਪਾ ਨੇ। ਸਹੁਰੇ ਵੀ ਨੂੰਹਾਂ ਨੂੰ ਜੱਫੀਆਂ ਪਾਉਂਦੇ ਨੇ।"

ਜਿਥੇ ਕਿੰਨਾ ਕੁੱਝ ਹੋਰ ਜਰਦੀ ਸੀ,ਉਥੇ ਇਹ ਵੀ ਪੀ ਗਈ ਚਿੰਤੀ ਚੁੱਪਚਾਪ। ਉਸਨੂੰ ਸਿਰਫ ਆਖਿਆ,"ਤੁਸੀਂ ਬਹੁਤਾ ਲਾਡ ਨਾ ਕਰਿਆ ਕਰੋ ਪੁਸ਼ਪਾ ਨੂੰ। ਅੱਜ ਕੱਲ੍ਹ ਦੇ ਬੱਚੇ ਇਹਦੇ ਆਦੀ ਨੀ।"

[illegible] ਦਾ ਯੁੱਧ ਤਾਂ ਕਦੋਂ ਦਾ ਚੱਲ ਰਿਹਾ ਸੀ,ਪਰ ਅਮਰ ਨਾਥ ਨੂੰ ਇਸਦਾ ਪਤਾ ਨਹੀਂ ਸੀ ਚੱਲ ਰਿਹਾ। ਇਕ ਤਾਂ ਉਹ ਹੁਣ ਬੱਸ ਡਰਾਈਵਰ ਸੀ ਤੇ ਡਿਊਟੀਆਂ ਬੇਟਾਈਮੀਆਂ ਸਨ;ਦੂਜੇ ਪੁਸ਼ਪਾ ਰਾਣੀ ਬੜੀ ਮੀਸਣੀ ਸੀ,ਉਹਦੇ ਸਾਹਮਣੇ ਬੋਲਦੀ ਨਹੀਂ ਸੀ;ਤੀਜੇ ਚਿੰਤੀ ਸਾਰੇ ਵਾਰ ਆਪਣੇ ਪਿੰਡੇ ਤੇ ਜਰਦੀ ਸੀ,ਉਹਦੇ ਤੀਕ ਗੱਲ ਪੁੱਜਣ ਨਹੀਂ ਸੀ ਦਿੰਦੀ। ਨਤੀਜਾ ਇਹ ਨਿੱਕਲਿਆ ਕਿ ਚਿੰਤੀ ਨੂੰ ਅੰਦਰਲਾ ਗੁਬਾਰ ਖਾ ਗਿਆ ਤੇ ਹਾਰਦੀ ਹੀ ਚਲੀ ਗਈ। ਜਦੋਂ ਪਤਾ ਲੱਗਿਆ ਕਿ ਉਸਨੂੰ ਕੈਂਸਰ ਹੈ ਤਾਂ ਗਦਾਧਾਰੀ ਭੀਮ ਸੈਨ ਪੁਸ਼ਪਾ ਦੇ ਆਖੇ ਲੱਗ ਘਰੋਂ ਚਲਿਆ ਗਿਆ। ਬਹਾਨਾ ? ਬਹੁਤ ਵਧੀਆ !"ਨੌਕਰੀ ਨਾਲ ਤਾਂ ਕੁਝ ਬਣਦਾ ਨਹੀਂ। ਅਸੀਂ ਪੇਪਰ ਸ਼ਾਪ ਲੈਣੀ ਐ। ਕੁਝ ਮਾਇਆ ਵੀ ਢਿੱਲੀ ਕਰੋ।"ਅਮਰ ਨਾਥ ਨੇ ਚਿੰਤੀ ਦੇ ਕਹਿਣ ਤੇ ਪੰਜ ਹਜ਼ਾਰ ਪੌਂਡ ਦੇ ਦਿੱਤਾ।

"ਜਦੋਂ ਦਾ ਮੁੰਡੇ ਦਾ ਵਿਆਹ ਹੋਇਐ। ਮੈਂ ਮੁੰਡੇ ਤੂੰ ਬਹੂ ਤੋਂ ਇਕ ਪੈਨੀ ਵੀ ਨਹੀਂ ਲਈ !"ਚਿੰਤੀ ਦੇ ਮੂੰਹੋਂ ਏਡੀ ਵੱਡੀ ਗੱਲ ਸੁਣ ਉਹ ਡੌਰ ਗਿਆ। ਪਹਿਲਾਂ ਤਾਂ ਉਸਨੂੰ ਕਹਿਰ ਚੜ੍ਹਿਆ:"ਬਿਨਾਂ ਪੈਸਿਆਂ ਤੋਂ ਇੰਨ੍ਹਾਂ ਹਰਾਮਜ਼ਾਦਿਆਂ ਦੀ ਚਾਕਰੀ ਕਰੀ ਗਈ। ਤੈਨੂੰ ਤਾਂ ਕਦੋਂ ਦੀ ਮਰ ਜਾਣਾ ਚਾਹੀਦਾ ਸੀ।"

ਫਿਰ ਉਹਦੀ ਸੇਵਾ ਕਰਨ ਲਈ ਰੀਟਾਇਰਮੈਂਟ ਤੋਂ ਪਹਿਲਾਂ ਹੀ ਕੰਪਲਸਰੀ ਰੀਟਾਇਰਮੈਂਟ ਲੈ ਲਈ। ਚਿੰਤੀ ਨੇ ਪੁੱਗਣਾ ਹੀ ਸੀ,ਸੋ ਪੁੱਗ ਗਈ। ਲੰਡਨ ਰਹਿੰਦੀ ਧੀ ਹਰ ਰੋਜ਼ ਟੈਲੀਫੋਨ ਕਰ ਲੈਂਦੀ। ਉਹਦੀ ਵੀ ਪੇਪਰ ਸ਼ਾਪ ਸੀ। ਨਿਕਲਿਆ ਕਿੱਥੇ ਜਾਂਦਾ ਸੀ ! ਪਰ ਬੱਚਾ ਕੋਈ ਹੈ ਹੀ ਨਹੀਂ ਸੀ ਤੇ ਪਰਾਹੁਣਾ ਬੜਾ ਬੀਬਾ ਸੀ। ਕੁੜੀ ਦੋ ਮਹੀਨਿਆਂ ਪਿਛੋਂ ਆਉਂਦੀ ਤੇ ਹਫਤਾ-ਖੰਡ ਕਟਾ ਜਾਂਦੀ। ਉਹਨੇ ਆਪਣੀ ਚਿੰਤੀ ਦੀ ਪੁੱਜ ਕੇ ਸੇਵਾ ਕੀਤੀ। ਇੰਨੀ ਸੇਵਾ ਕਿ ਉਸਨੂੰ ਆਪ ਦਮਾ ਹੋ ਗਿਆ। ਕੁਰਕਸ਼ੇਤਰ ਦੇ ਮੈਦਾਨ ਵਿਚੋਂ ਜਦੋਂ ਚਿੰਤੀ ਦੀ ਲਾਸ਼ ਉਠੀ ਤਾਂ ਜਾਪਿਆ ਜਿਵੇਂ ਸੂਰਜ ਵੀ ਨਾਲ ਹੀ ਬੁਝ ਗਿਆ....

ਇਹ ਬਾਹਰ ਚੁੰਧਿਆ ਦੇਣ ਵਾਲੀਆਂ ਲਾਈਟਾਂ ਕਿੱਥੋਂ ਜਗ ਪਈਆਂ। ਕੋਚ ਲੰਡਨ ਦੇ ਨੇੜੇ ਪੁੱਜ ਚੱਲੀ ਸੀ। ਮੋਟਰ-ਵੇ ਦੇ ਕਿਨਾਰੇ ਲੱਗੀਆਂ ਲਾਈਟਾਂ ਬਰਫ ਦੀ ਚਮਕ ਨਾਲ ਹਨੇਰੇ ਵਿਚ ਜੁਗਨੂਆਂ ਵਾਂਗ ਟਹਿਕਣ ਲੱਗੀਆਂ। ਕਿੰਨੇ ਪਿਆਰੇ ਲਗਦੇ ਸਨ ਜੁਗਨੂੰ ਉਹਨੂੰ ! ਇਕ ਵਾਰ ਆਪਣੀ ਬੇਬੇ ਨਾਲ ਖੂਹ ਤੋਂ ਮੁੜ ਰਿਹਾ ਸੀ। ਹਨੇਰਾ ਉੱਤਰ ਆਇਆ ਸੀ। ਪਰ ਸੱਦੂਆਂ ਦੀਆਂ ਪਿਉਂਦੀ ਬੇਰੀਆਂ ਵਿਚ ਜੁਗਨੂੰ ਹੀ ਜੁਗਨੂੰ ਚਮਕ ਰਹੇ ਸਨ। ਉਹ ਖਲੋ ਗਿਆ ਸੀ। ਬੇਬੇ ਬੋਲੀ ਸੀ,"ਅਮਰ,ਖਲੋ ਕਿਉਂ ਗਿਆ ਪੁੱਤ ? ਛੇਤੀ ਕਰ,ਕੁੜੀਆਂ 'ਕੱਲੀਆਂ ਨੇ ਘਰ।"ਰਾਹ ਵਿੱਚ ਦੱਸਦੀ ਆਈ ਸੀ ਬੇਬੇ:"ਤੇਰਾ ਨਾਨਾ ਕਹਿੰਦਾ ਹੁੰਦਾ ਸੀ:ਜੁਗਨੂੰ ਪੋਤੇ ਹੁੰਦੇ ਨੇ। ਪੋਤਿਆਂ ਨਾਲ ਪਿਆਰ ਕਰਨ ਨਾਲ ਜ਼ਿੰਦਗੀ ਜੁਗਨੂੰਆਂ ਨਾਲ ਭਰ ਜਾਂਦੀ ਐ।"

...ਪੋਤੇ ?...ਹਾਂ,ਪੋਤੇ!...ਉਸਨੇ ਵੀ ਪੋਤਿਆਂ ਨਾਲ ਜੁਗਨੂਆਂ ਵਾਂਗ ਪਿਆਰ ਕੀਤਾ ਸੀ। ਹਰ ਨਵੀਂ ਖੇਡ ਉਨ੍ਹਾਂ ਨੂੰ ਲਿਆ ਕੇ ਦਿੰਦਾ ਸੀ ਉਨ੍ਹਾਂ ਨੂੰ ਨਾਲ ਪਾ ਲੈਂਦਾ ਤੇ ਆਪਣੇ ਬਾਪੂ ਦੇ ਖੇਲ੍ਹ 'ਤੇ ਚੜ੍ਹਨ ਬਾਰੇ,ਤਾਏ ਬਿਸ਼ੰਭਰ ਦੀ ਸੂਰਮਗਤੀ ਬਾਰੇ ਤੇ ਆਪਣੇ ਖੇਤਾਂ ਬਾਰੇ ਗੱਲਾਂ ਸੁਣਾਉਂਦਾ। ਹਸ਼ਰ ਕੀ ਹੋਇਆ ? ਪੁਸ਼ਪਾ ਰਾਣੀ ਨੇ ਆਪਣੇ ਪਤੀ ਨੂੰ,ਭੀਮ ਸੈਨ ਨੇ ਚਿੰਤੀ ਨੂੰ ਤੇ ਚਿੰਤੀ ਨੇ ਉਹਨੂੰ ਆਖਿਆ:"ਮੈਂ ਆਪਣੇ ਬੱਚਿਆਂ ਨੂੰ ਜੱਟ-

ਅਗਲੀ ਪੰਨਾ 21 ਉੱਤੇ


# Fine Automotive Ltd.

15220-56th. Ave., Surrey, B.C. V3S 4N7

**Automotive Repairs & Services**

ਕਿਸੇ ਵੀ ਵੱਡੀ ਮੁਰੰਮਤ ਦੇ 10% off ਅਤੇ ਫਰੀ courtesy Car

☐ Tune ups ☐ Brakes ☐ Shocks
☐ Lubrications ☐ Exhaust ☐ Gas
☐ Electrical Welding ☐ Propane Conversion

Sarjit Hunjan Ph. 576-2014
Malkiat Hoonjan Service Manager

# ਲੋਕ ਕਲਾ ਕੇਂਦਰ, ਵੈਨਕੂਵਰ ਵਲੋਂ ਔਲੀਵਰ ਮੇਲੇ ਵਿਚ ਭੰਗੜੇ ਦੀਆਂ ਧੁੰਮਾਂ

ਔਲੀਵਰ (ਬੀ.ਸੀ.):—ਇਥੇ ਇਕ ਆਯੋਜਿਤ ਬਹੁ-ਸਭਿਆਚਾਰਕ ਮੇਲੇ ਵਿਚ ਸਭ ਤੋਂ ਪ੍ਰਭਾਵ ਸ਼ਾਲੀ ਪ੍ਰਦਰਸ਼ਨ ਲੋਕ ਕਲਾ ਕੇਂਦਰ ਵੈਨਕੂਵਰ ਦੀ ਭੰਗੜਾ ਟੀਮ ਦਾ ਗਿਣਿਆ ਗਿਆ। ਜਦ ਸੈਂਕੜੇ ਦਰਸ਼ਕਾਂ ਨੇ ਭੰਗੜੇ ਦੀ ਟੀਮ ਦੇ ਹਰ ਐਕਸ਼ਨ ਉਤੇ ਜ਼ੋਰਦਾਰ ਤਾੜੀਆਂ ਮਾਰ ਮਾਰ ਪੰਜਾਬੀ ਲੋਕ-ਨਾਚ ਦਾ ਆਨੰਦ ਮਾਣਿਆ। ਪਿਛਲੇ ਸਨਿਚਰਵਾਰ ਔਲੀਵਰ ਕਮਿਊਨਿਟੀ ਲਈ ਇਹ ਪਹਿਲਾ ਮੌਕਾ ਸੀ ਜਦ ਉਨ੍ਹਾਂ ਭੰਗੜਾ ਨਾਚ ਵੇਖਿਆ। ਨੇੜੇ ਦੇ ਹੋਰ ਸ਼ਹਿਰਾਂ ਪਿਨਟਿਕਟਨ, ਕਰਮੀਅਸ ਤੇ ਸੋਈਅਸ ਆਦਿ ਥਾਵਾਂ ਤੋਂ ਵੀ ਲੋਕ ਉਥੇ ਅਪੜੇ ਹੋਏ ਸਨ।

ਲੋਕ ਕਲਾ ਕੇਂਦਰ, ਵੈਨਕੂਵਰ ਨੂੰ ਇਸ ਮੇਲੇ ਵਿਚ ਭਾਗ ਲੈਣ ਲਈ ਸੱਦਾ ਸ: ਮੇਜਰ ਸਿੰਘ ਧਾਲੀਵਾਲ ਔਲੀਵਰ ਰਾਹੀਂ ਮਿਲਿਆ ਤੇ ਸਮਾਗਮ ਦੇ ਪ੍ਰਬੰਧਕਾਂ ਨੇ ਲੋਕ ਕਲਾ ਕੇਂਦਰ ਅਤੇ ਸ੍ਰੀ ਧਾਲੀਵਾਲ ਦਾ ਵਿਸ਼ੇਸ਼ ਧੰਨਵਾਦ ਕੀਤਾ।

ਰਾਤ ਸਮੇਂ ਪ੍ਰਸਿਧ ਗਾਇਕਾਂ ਕਰਮਜੀਤ ਗਰੇਵਾਲ ਅਤੇ ਸੁਰਿੰਦਰ ਬੈਂਸ ਨੇ ਪੰਜਾਬੀ ਗੀਤ ਗਾ ਕੇ ਪੰਜਾਬੀ ਕਮਿਊਨਿਟੀ ਲਈ ਪਰੋਗਰਾਮ ਕੀਤਾ।



ਲੋਕ ਕਲਾ ਕੇਂਦਰ ਦੇ ਕਲਾਕਾਰ ਔਲੀਵਰ ਨਿਵਾਸੀਆਂ ਨਾਲ



ਲੋਕ ਕਲਾ ਕੇਂਦਰ ਵੈਨਕੂਵਰ ਦੇ ਭੰਗੜੇ ਦੇ ਕਲਾਕਾਰਾਂ ਦੀ ਪੇਸ਼ਕਸ਼



ਤੁਸੀਂ ਮੈਨੂੰ ਬੋਲਣ ਦੀ ਜਾਚ ਸਿਖਾਈ ਹੈ। ਮੈਂ ਲਾਭ ਇਹ ਖੱਟਿਆ ਕਿ ਤੁਹਾਨੂੰ ਕੋਸਣ ਲੱਗ ਪਿਆ।

—ਸ਼ੇਕਸਪੀਅਰ


A $10,000 INVESTMENT GREW IN VALUE TO

$1,133,684

THAT'S GROWTH!...THAT'S

TEMPLETON GROWTH

**It's a Fact!** An investment of $10,000 in 1954 when Templeton Growth Fund started ... assuming reinvestment of all dividends and capital gains distributions, increased in value to $1,133,684 by April 30, 1986

This is an update of the performance shown in the prospectus and covers a period of generally rising common stock prices Of course there is no guarantee of future performance but you should **find out how the Templeton approach has produced these investment results.**

32 GOOD YEARS

**Free Brochure**

Send coupon for a free brochure

Templeton ...the name says it all.

Name

Address

City Prov. Postal

Sold by prospectus only.



BUYING & SELLING

Farms, Home, Lots and Apartments

Contact:

Dilbag Singh Johal

ਦਿਲਬਾਗ ਸਿੰਘ ਜੌਹਲ

Ph. Off. (604)438-8161

Res. 325-0588



ਕਿਸੇ ਪ੍ਰਕਾਰ ਦੀ ਜਾਇਦਾਦ ਖ੍ਰੀਦਣ ਲਈ ਮਿਤਰਤਾ, ਈਮਾਨਦਾਰੀ ਅਤੇ ਤਜਰਬੇਕਾਰ ਸਲਾਹ ਮਸ਼ਵਰੇ ਲਈ ਸਾਨੂੰ ਮਿਲੋ ਜਾਂ ਫੋਨ ਕਰੋ

Canada Trust Realtor

The Canada Trust Company

2629 Kingsway, Vancouver, B.C. V5R 5H4





WRITE TO OR PHONE

Gurcharan Rampuri

Regal Capital Planners

# 100 - 1525 Robson St.

Vancouver, B.C. V6G 1C3

Bus: (604) 683-3111

Res: (604) 986-2883

# The Manitoba Mirror
# ਮੈਨੀਟੋਬਾ ਦਰਪਣ


Dino's at the New Location
ਡੀਨੋਜ਼ ਨਵੀਂ ਥਾਂ ਉਤੇ

**DINO'S GROCERY MART**

460 NOTRE DAME AVE. WINNIPEG, MAN. R3B 1R5

**Ph. 942-1526**

**ਵਿੰਨੀਪੈਗ ਦਾ ਸਭ ਤੋਂ ਵੱਡਾ ਭਾਰਤੀ ਗਰੌਸਰੀ ਸਟੋਰ**

ਜੋ ਹਫ਼ਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ

ਅਸੀਂ ਹੇਠ ਲਿਖੀਆਂ ਵਸਤਾਂ ਦੇ ਸਪੈਸ਼ਲਿਸਟ ਹਾਂ

- ਈਸਟ ਇੰਡੀਅਨ ਗਰੌਸਰੀ
- ਹਿੰਦੀ - ਪੰਜਾਬੀ - ਪਾਕਿਸਤਾਨੀ ਫਿਲਮਾਂ
- ਭਾਰਤੀ ਰੀਕਾਰਡ - ਕੈਸਟਾਂ ਤੇ ਭਾਂਡੇ
- ਤਾਜ਼ਾ ਸਬਜ਼ੀਆਂ
- ਤਾਜ਼ਾ ਬੱਕਰੇ ਦਾ ਮੀਟ
- ਗੁਰਦੁਆਰਿਆਂ, ਮੰਦਰਾਂ, ਵਿਆਹਾਂ, ਪਾਰਟੀਆਂ ਅਤੇ ਇਕੱਠੀ ਗਰੌਸਰੀ ਖ਼੍ਰੀਦਣ ਉਤੇ ਡਿਸਕਾਊਂਟ
- ਵਿੰਨੀਪੈਗ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਮੇਲ ਆਰਡਰ ਉਤੇ ਗਰੌਸਰੀ ਭੇਜੀ ਜਾਂਦੀ ਹੈ
- ਈਸਟ ਇੰਡੀਅਨ ਅਖਬਾਰ ਅਤੇ ਰਸਾਲੇ

**ਡੀਨੋਜ਼ ਉਤੇ ਇਕੋ ਸਮੇਂ ਸਾਰੀ ਸ਼ਾਪਿੰਗ ਕਰੋ ! ਵਧੀਆ ਕੁਆਲਟੀ, ਘੱਟ ਕੀਮਤਾਂ, ਤੇਜ਼ੀ ਨਾਲ ਸਰਵਿਸ ਅਤੇ ਦੋਸਤਾਨਾ ਮਾਹੌਲ ਡੀਨੋ ਦੇ ਸਟੋਰ ਉਤੇ "ਤੁਹਾਡੀ ਤਸੱਲੀ ਸਾਡਾ ਬਿਜ਼ਨਿਸ ਹੈ"**



**Locations Realty Inc.**

36, Roslyn Road, WINNIPEG, MAN. R3L 0G6

ਆਪਣਾ ਘਰ ਖ਼੍ਰੀਦਣ ਜਾਂ ਵੇਚਣ ਲਈ, ਕਮਰਸ਼ਲ, ਇੰਡਸਟਰੀਅਲ ਪ੍ਰਾਪਰਟੀ, ਜ਼ਮੀਨ ਜਾਂ ਹੋਰ ਰੀਅਲ ਇਸਟੇਟ ਸਬੰਧੀ ਪ੍ਰੋਫ਼ੈਸ਼ਨਲ ਰਾਇ ਲੈਣ ਲਈ ਵਿਨੀਪੈੱਗ ਵਿਚ ਤੁਹਾਡੀ ਸੇਵਾ ਲਈ ਹਾਜ਼ਰ ਹਨ

**ਪਾਲ ਬਾਹੀਆ**

ਪ੍ਰਾਪਰਟੀ ਬਾਰੇ ਜਾਣਕਾਰੀ ਲਈ ਫੋਨ ਕਰੋ :

**(204) 477-4600** (24 hrs.)

**Res. 694-3550**

LOCATIONS
REALTY INC.





AUTOPAC
PROTECTING MANITOBANS ON THE MOVE

**Dorion Insurance Agency**

**ਡੋਰੀਅਨ ਇਨਸ਼ੋਰੈਂਸ ਏਜੰਸੀ**

**ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ**

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

ਜਿਵੇਂ ਕਿ :—

- ਆਪਣੇ ਮਕਾਨ
- ਵਿਉਪਾਰ
- ਕਾਰ ਤੇ ਟਰੱਕ
- ਜੀਵਨ ਬੀਮਾ
- ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ ਬੀਮਾਰ ਹੋ ਜਾਣ ਤੇ ।
- ਆਟੋ ਪੈਕ ਰੀਨੀਊ ਕਰਾਉਣ ਲਈ
- ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

**ਕੁਲਵੰਤ ਸਿੰਘ ਬਰਾੜ** ਫੋਨ : 772-3301 775-1061



Kulwant S. Brar
Manager & Owner

Commissioner for oaths

509 ELLICE AVE. WINNIPEG, MAN.

**AJANTA TRAVELS**

**ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ**

The Manitoba Mirror

# ਮੈਨੀਟੋਬਾ ਦਰਪਣ

## V.I.P. SUPERMARKET

**Ph. 774-8671**

(ਨਵੇਂ ਪ੍ਰਬੰਧ ਹੇਠ)

ਸਟੇਨਲੈਸ ਸਟੀਲ ਦੇ ਬਰਤਨ ਖ੍ਰੀਦਣ ਲਈ ਸਭ ਤੋਂ ਵੱਡਾ ਗਰੌਸਰੀ ਸਟੋਰ

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ, ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ ਖ੍ਰੀਦੋ

ਗੋਲਗੱਪੇ ਅਤੇ ਸਮੋਸਾ ਮੇਕਰ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ ਮਿਲ ਸਕਦੇ ਹਨ

**V.I.P. SUPERMARKET**
739, Elice Ave. WINNIPEG, MAN.

## AMAN REALTY

1223 MARICHAM ROAD, WINNIPEG, MAN. R3T 4B1

MLS

ਹਰ ਤਰ੍ਹਾਂ ਦੀ ਜਾਇਦਾਦ ਜਿਵੇਂ : ਮਕਾਨ, ਅਪਾਰਟਮੈਂਟ ਬਲਾਕ, ਕੋਈ ਭੀ ਬਿਜ਼ਨਿਸ, ਕਮਰਸ਼ਲ ਪ੍ਰਾਪਰਟੀ, ਜ਼ਮੀਨ, ਹੋਟਲ ਜਾਂ ਮੋਟਲ

- ਖ੍ਰੀਦਣੀ ਜਾਂ ਵੇਚਣੀ ਹੋਵੇ
- ਮਾਰਗੇਜ਼ ਦਾ ਪ੍ਰਬੰਧ ਕਰਨਾ ਹੋਵੇ
- ਕੋਈ ਸਲਾਹ ਮਸ਼ਵਰਾ ਲੈਣਾ ਹੋਵੇ

ਤਾਂ ਸਾਡੇ 9 ਸਾਲਾਂ ਦੇ ਤਜਰਬੇ ਦਾ ਫਾਇਦਾ ਉਠਾਓ

ਨੋਟ : ਕੋਈ ਭੀ ਪ੍ਰਾਪਰਟੀ ਵੇਚਣ ਵੇਲੇ 7% ਕਮਿਸ਼ਨ ਦੇਣਾ ਕੋਈ ਜ਼ਰੂਰੀ ਨਹੀਂ

**CALL : Bus. 269-4411, Res. 261-7598, Pager 942-0141 Code 5697**

Member : WPG Real Estate Board, Manitoba Real Estate Assoc. Canadian Real Estate Association



BALDEV S. BEDI M.A. B.A. (Hons.)
BROKER AND COMMISSIONER FOR OATHS
in and for the Province of Manitoba

## NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ੍ਰੀਦਣ ਲਈ



**Sukhjinder S. Dhillon**
**Res: 669-2573**

ਰਾਜ ਸਿੰਘ ਮਾਨ

ਜਾਂ

ਸੁਖਜਿੰਦਰ ਸਿੰਘ ਢਿੱਲੋਂ

ਨੂੰ ਮਿਲੋ

● ਲਾਈਫ਼ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ ● ਮਾਰਗੇਜ ਇਨਸ਼ੋਰੈਂਸ
● ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



**Raj Singh Maan** Sales Manager
**Res. 694-0731**
Commissioner for oaths

# ਆਪਣੇ ਵਪਾਰ ਵਿਚ ਵਾਧਾ ਕਰਨ ਲਈ ਇਕੋ ਇੱਕ ਨਾਂ ਯਾਦ ਰੱਖੋ
# 'ਕੈਨੇਡਾ ਦਰਪਣ' ਫੋਨ (604) 581-4473

## GIL'S NEW & USED

**Furniture & Appliances Warehouse**

All kinds of New and Used Furniture — Color TV — Stereos — Major Appliances — Refrigerators —
—Air Conditioners

**WE BUY SELL TRADE**

ਹਰ ਤਰ੍ਹਾਂ ਦਾ ਨਵਾਂ ਤੇ ਪੁਰਾਣਾ ਫਰਨੀਚਰ ਖ਼੍ਰੀਦਣ ਲਈ ਮਿਲੋ ਜਾਂ ਫੋਨ ਕਰੋ :

**582-8726**

121 SALTER STREET WINNIPEG, MAN.

## REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



**ਟੈਕਸੀਆਂ ਦੀ ਰੀਪੇਅਰ ਉਤੇ ਸਪੈਸ਼ਲ ਡਿਸਕਾਊਂਟ**

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.

## ਹਾਂਗਕਾਂਗ ਵਿਚ ਜੇ ਤੁਸੀਂ ਰੁਕ ਕੇ ਜਾਣਾ ਚਾਹੋ ਤਾਂ ਬੈਂਸ ਟਰੈਵਲ ਸਰਵਿਸ ਇਹ ਪ੍ਰਬੰਧ ਕਰ ਸਕਦੇ ਹਨ

ਭਾਰਤ ਜਾਣ ਵਾਲਿਆਂ ਲਈ ਜੇ ਰਾਹ ਵਿਚ
ਕਿਤੇ ਰੁਕਣਾ ਨਹੀਂ ਚਾਹੁੰਦੇ, ਲਈ ਸਿੱਧੀਆਂ
ਫਲਾਈਟਾਂ ਦਾ ਵੀ ਪ੍ਰਬੰਧ ਹੈ



ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਡਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

## BAINS TRAVEL SERVICE

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363

## ਪੰਜਾਬੀ ਮਾਰਕਿਟ ਵਿਚ

# ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ,
ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS'
SHOES AND LEATHER
LUGGAGE & ACCESSORIES

**Mohinder Singh Mann**

**ਮੁਹਿੰਦਰ ਸਿੰਘ ਮਾਨ**

**321-4353**

**MANN SHOE STORE**

6570 MAIN ST., VANCOUVER, B.C.

# D.P. Pandia & Associates

**Immigration Consultants**

**Serving the Community Since 1939**

**Ph. (604) 684-3716 or 684-8601**

# 61 - 553 Granville St., Vancouver, B.C



# ਸਾਹਿਤ ਤੇ ਕਲਾ



ਕਹਾਣੀ

## ਅਮਰਨਾਥ ਦੀ ਯਾਤਰਾ

—ਰਘੁਬੀਰ ਢੰਡ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਭੂਆ ਤਾਂ ਮਰ ਚੁੱਕੀ ਸੀ ਪਰ ਉਹਦਾ ਪੁੱਤ ਮਾੜਾ-ਮੋਟਾ ਵਰਤਦਾ ਸੀ,ਇਹੋ ਜਿਹਾ ਗਰੀਬ ਰਿਸ਼ਤੇਦਾਰ ਨਾਲ ਵਰਤੀਦਾ ਹੈ। ਬੇਬੇ ਨੇ ਉਸਤੋਂ ਚਿੱਠੀ ਲਿਆ ਆਪਣੇ ਅਮਰ ਨਾਥ ਨੂੰ ਦੇ ਦਿੱਤੀ । ਭੂਆ ਦਾ ਦੂਜਾ ਪੁੱਤ ਗਲਾਸਗੋ ਰਹਿੰਦਾ ਸੀ। "ਉਹਦੇ ਕੋਲ ਚਲਿਆ ਜਾਵੀਂ। ਤੈਨੂੰ ਪਰਦੇਸ਼ਾਂ ਵਿਚ ਸਾਂਭ ਲਵੇਗਾ,"ਬੇਬੇ ਕਾਕੜਿਆਂ ਜਿੱਡੇ ਹੰਝੂ ਕੇਰਦੀ ਬੋਲੀ ਸੀ।

ਉਹ ਸਮੁੰਦਰੀ ਜ਼ਹਾਜ਼ ਵਿਚ ਬੈਠ,ਅਠਾਰ੍ਹਾਂ ਵੀਹ ਦਿਨ ਉਲਟੀਆਂ ਕਰਦਾ,ਅੱਧ-ਮੋਇਆ ਜਿਹਾ ਹੋਇਆ ਸਾਊਥੈਪਟਨ ਪੁੱਜ ਗਿਆ। ਉਹਦੇ ਚੰਗੇ ਭਾਗਾਂ ਨੂੰ ਉਥੇ ਇੱਕ ਆਪਣਾ ਭਾਈਬੰਦ ਮਿਲ ਗਿਆ ਜਿਹੜਾ ਉਹਨੂੰ ਗਲਾਸਗੋ ਲੈ ਗਿਆ । ਘੰਟਾ ਕੁ ਖੱਜਲ-ਖੁਆਰ ਹੋਣ ਤੋਂ ਬਾਦ ਉਹਦੀ ਭੂਆ ਦਾ ਪੁੱਤ ਬਿਕਰਮਾਜੀਤ ਮਿਲ ਗਿਆ।

"ਨਮਸਤੇ ਵੀਰ ਜੀ! ਮੇਰਾ ਨਾਂ ਅਮਰ ਨਾਥ ਐ। ਮੈਂ ਜੰਡਾਲੀਉਂ ਤੁਹਾਡੇ ਮਾਮੇ ਦਾ ਪੁੱਤ ਆਂ। ਸਿੱਧਾ ਹੀ ਇੰਡੀਆ ਤੋਂ ਆਇਆਂ। ਆਹ ਚਿੱਠੀ ਐ ਤੁਹਾਡੇ ਵੀਰ ਜੀ ਨੇ ਦਿੱਤੀ ਐ।"ਅਮਰ ਨਾਥ ਨੇ ਸਾਦਾ ਲੋਕਾਂ ਵਰਗੀ ਸਿੱਧੀ ਤੇ ਸਪਸ਼ਟ ਬੋਲੀ ਵਿਚ ਆਖਿਆ।

ਬਿਕਰਮਾਜੀਤ ਨੇ ਬੂਹੇ ਦੇ ਬਾਹਰ ਖਲੋਤਿਆਂ ਹੀ ਚਿੱਠੀ ਫੜ ਲਿਫਾਫਾ ਇੰਜ ਪਾੜਿਆ ਜਿਵੇਂ ਸਹੇ ਨੂੰ ਬਘਿਆੜ ਲੀਰੋ-ਲੀਰ ਕਰ ਦਿੰਦਾ ਐ। ਚਿੱਠੀ ਪੜ੍ਹ ਰਹੇ ਬਿਕਰਮਾਜੀਤ ਵੱਲ ਤੱਕਦਿਆਂ ਉਸਨੂੰ ਇੰਜ ਲੱਗਿਆ ਜਿਵੇਂ ਉਹ ਚਿੱਠੀ ਪੜ੍ਹਦਾ ਵੀ ਕੋਈ ਅਹਿਸਾਸ ਕਰ ਰਿਹਾ ਹੋਵੇ। ...ਨਾ ਕੋਈ ਮੁਸਕਾਣ,ਨਾ ਹੀ ਕੋਈ ਮਿਹਰਬਾਨੀ ਝਲਕ। ਚਿੱਠੀ ਪੜ੍ਹੀ ਗਈ ਤੇ ਬਿਕਰਾਜੀਤ ਬੋਲਿਆ,"ਵੇਖ,ਮੇਰੇ ਕੋਲ ਨਾ ਤਾਂ ਕੋਈ ਕੰਮ ਹੈ,ਨਾ ਹੀ ਕੋਈ ਰਿਹਾਇਸ਼। ਮੈਂ ਆਪ ਕਿਸੇ ਦੇ ਫਲੈਟ ਵਿਚ ਰਹਿ ਰਿਹਾ ਹਾਂ ਸੌਰੀ !"

ਉਹਦੇ ਪੈਰਾਂ ਹੇਠੋਂ ਧਰਤੀ ਨਿਕਲ ਗਈ। ਬੜੀ ਘਬਰਾਹਟ ਵਿਚ ਬੋਲਿਆ,"ਵੀਰ ਜੀ,ਪਰਦੇਸ਼ਾਂ ਦਾ ਮਾਮਲੈ। ਮੈਂ ਹੋਰ ਕਿਥੇ ਜਾਵਾਂ...?"

"ਇਹ ਮੇਰੀ ਸਿਰਦਰਦੀ ਨਹੀਂ...ਸੌਰੀ !"ਬਿਕਰਾਜੀਤ ਨੇ ਵਿਚਕਾਰੋਂ ਹੀ ਟੋਕ ਕੇ ਆਖਿਆ।

"ਆਏਂ ਕਰੋ। ਮੈਨੂੰ ਪੰਜ-ਦਸ ਦਿਨ ਰੱਖ ਲਵੋ। ਮੈਂ ਭੱਜ-ਨੱਠ ਕਰਕੇ ਕੰਮ ਲੱਭ ਲਵਾਂਗਾ। ਫਿਰ ਕੋਈ ਟਿਕਾਣਾ ਵੀ ਮਿਲ ਜਾਏਗਾ। ਮੈਂ ਤੁਹਾਨੂੰ ਖੇਚਲ ਨੀ ਦਿੰਦਾ,ਭੁੰਜੇ ਹੀ ਸੌਂ ਜਾਇਆ ਕਰਾਂਗਾ।"

"ਭੁੰਜੇ ਹੀ ਸੌਂ ਜਾਇਆ ਕਰਾਂਗਾ!...ਇਹ ਕੋਈ ਇੰਡੀਆ ਨਹੀਂ ਹੈ। ਇਥੇ ਜ਼ਰਾ ਤਮੀਜ਼ ਤੇ ਤਹਿਜ਼ੀਬ ਨਾਲ ਰਹਿਣਾ ਪੈਂਦਾ ਹੈ...ਤੈਨੂੰ ਆਖਿਆ ਨਾ,ਮੈਂ ਆਪ ਕਿਸੇ ਕੋਲ ਰਹਿੰਦਾ ਹਾਂ।"

ਇੰਨੇ ਨੂੰ ਇੱਕ ਮਹੀਨ ਨਕਸ਼ਾਂ ਵਾਲੀ ਗੋਰੀ ਆਈ ਤੇ ਮੱਥੇ 'ਤੇ ਤਿਊੜੀਆਂ ਪਾ ਬਿਕਰਮਾਜੀਤ ਨੂੰ ਸੰਬੋਧਨ ਹੋਈ,"ਕੀ ਗੱਲ ਏ,ਵਿੱਕੀ? ਕੌਣ ਏ ਇਹ ?"

"ਬਲੱਡੀ ਇੰਡੀਅਨ !"ਵਿਕੀ ਇੰਜ ਸਹਿਜ-ਸੁਭਾ ਬੋਲਿਆ ਜਿਵੇਂ ਹਰ ਇੰਡੀਅਨ ਹੀ ਬਲੱਡੀ ਇੰਡੀਅਨ ਹੁੰਦਾ ਹੈ।

"ਵ੍ਹਾਟ ਯੂ ਮੀਨ ਬਾਈ ਬਲੱਡੀ ਇੰਡੀਅਨ ?" ਇੰਜ ਟਿੱਪਣੀ ਕਰ ਅਮਰ ਨਾਥ ਵਲ ਮੁੜੀ," ਤੂੰ ਇਸਦਾ ਰਿਸ਼ਤੇਦਾਰ ਏਂ ਜਾਂ ਇਹਦੇ ਪਿੰਡੋਂ ਆਇਆ ਏਂ ?"

"ਆਈ-ਐਮ-ਹਿਜ਼-ਕਜ਼ਨ ।"ਦਸਵੀਂ ਪਾਸ ਅਮਰ ਨਾਥ ਨੇ ਇੰਨਾ ਫਿਕਰਾ ਹੌਲੀ ਹੌਲੀ ਜੋੜ ਲਿਆ।

"ਕਮ ਇਨ ਦੈੱਨ।"ਉਹ ਬਾਹੋਂ ਫੜ ਉਸਨੂੰ ਅੰਦਰ ਲੈ ਗਈ। ਅਮਰ ਨਾਥ ਨੇ ਆਪਣੇ ਡੌਲੇ 'ਤੇ ਗੋਰੀ ਦਾ ਹੱਥ ਇੰਜ ਮਹਿਸੂਸ ਕੀਤਾ ਜਿਵੇਂ ਉਹਦੀ ਭੈਣ ਬਿਮਲਾ ਨੇ ਉਹਨੂੰ ਸੰਭਾਲ ਲਿਆ ਹੋਵੇ।

ਉਹ ਅਮਰ ਨਾਥ ਨੂੰ ਸਿਟਿੰਗ ਰੂਮ ਵਿੱਚ ਲੈ ਗਈ। ਕੁਰਸੀ ਹੀਟਰ ਦੇ



ਕੋਲ ਖਿੱਚ ਹੀਟਰ ਤੇਜ਼ ਕਰ ਦਿੱਤਾ। ਗਰਮ ਗਰਮ ਚਾਹ ਤੇ ਬਿਸਕੁਟ ਖਾਣ ਨੂੰ ਦਿੱਤੇ। ਸ਼ਾਮ ਨੂੰ ਖਾਣਾ ਖੁਆਇਆ ਤੇ ਸਿਟਿੰਗ ਰੂਮ ਦੀ ਸੈੱਟੀ ਦਾ ਬੈੱਡ ਬਣਾ ਪਾ ਦਿੱਤਾ। ਗੁੱਡ ਨਾਈਟ ਆਖਣ ਲੱਗੀ ਬੋਲੀ,"ਥੱਕਿਆ ਹੋਵੇਂਗਾ ਦੋ ਚਾਰ ਦਿਨ ਆਰਾਮ ਕਰ ਲੈ। ਫਿਰ ਤੇਰੇ ਲਈ ਕੋਈ ਕੰਮ ਲੱਭਾਂਗੇ। ਠੀਕ ਏ ਨਾ ?"

"ਨਹੀਂ,ਮੈਂ ਆਰਾਮ ਨੀ ਕਰਨਾ । ਜ਼ਹਾਜ਼ 'ਚ ਆਰਾਮ ਕਰਦਾ ਆਇਆਂ। ਕੱਲ੍ਹ ਹੀ ਕੰਮ ਲੱਭ ਦੇਵੋ।"ਉਸਨੇ ਜਿਵੇਂ ਤਰਲਾ ਹੀ ਕੀਤਾ।

"ਸ਼ਿਅਰ ?"ਉਹ ਬੋਲੀ।

"ਯੈਸ।"ਉਹ ਬੋਲਿਆ।

"ਓ-ਕੇ ਦੈਨ,ਦਸ ਵਜੇ।"

"ਥੈਂਕ ਯੂ,ਭਾਬੀ ਜੀ !"ਉਸਨੇ ਧੰਨਵਾਦ ਵਜੋਂ ਆਖਿਆ।

"ਇਹ ਕੀ:ਬਾ-ਬਾ ਜੀ ?"ਉਸਨੇ ਜ਼ਰਾ ਉਤਸੁਕਤਾ ਨਾਲ ਪੁੱਛਿਆ।

"ਵੱਡੇ ਭਰਾ ਦੀ ਵਹੁਟੀ ਨੂੰ ਭਾਬੀ ਕਹਿੰਦੇ ਨੇ ਤੇ ਜੀ ਇੱਜ਼ਤ ਦਾ ਪ੍ਰਤੀਕ ਐ

"ਮੈਂ ਇਸਦੀ ਵਹੁਟੀ ਨਹੀਂ ਹਾਂ। ਪਰ ਇਹ ਸ਼ਬਦ ਮੈਨੂੰ ਚੰਗਾ ਲਗਦਾ ਹੈ-ਬਾ-ਬਾ ਜੀ !...ਭਾਬੀਆਂ ਅੱਗੋਂ ਕੀ ਆਖਦੀਆਂ ਨੇ ?"

ਉਹ ਹੁਣ 'ਐਟ ਹੋਮ'’ਮਹਿਸੂਸ ਕਰਨ ਲੱਗ ਪਿਆ ਸੀ। ਬੋਲਿਆ,"ਉਂਜ ਤਾਂ ਨਾਂ ਹੀ ਲੈਂਦੀਆਂ ਨੇ। ਪਰ ਲਗਦਾ ਦੇਵਰ ਹੁੰਦਾ।"ਉਸਨੇ 'ਦਿਓਰ ਨੂੰ ਜ਼ਰਾ ਪੌਸ਼-ਜਿਹਾ ਬਣਾਣ ਦੀ ਨੀਤ ਨਾਲ ਆਖਿਆ।

"ਡੇਵ...ਜ਼ਰਾ ਮੁਸ਼ਕਲ ਲਗਦਾ ਹੈ...ਡੇਵ ਚਲੇਗਾ ?"

"ਚਲੇਗਾ !"

ਦੂਜੇ ਦਿਨ ਸਵੇਰੇ ਹੀ ਉਹ ਤਿਆਰ ਹੋ ਕੇ ਬਹਿ ਗਿਆ। ਗੋਰੀ ਭਾਬੀ ਨੇ ਉਹਨੂੰ ਚਾਹ ਤੇ ਆਮਲੇਟ ਖੁਆਇਆ। ਜਦੋਂ ਤੁਰਨ ਲੱਗੇ ਤਾਂ ਬਿਕਰਮਾਜੀਤ ਬੋਲਿਆ,"ਆਪਣਾ ਟਿਕਾਣਾ ਲੱਭੀਂ ਕਿਤੇ। ਇਥੇ ਛੌਣੀ ਪਾ ਕੇ ਹੀ ਨਾ ਬਹਿ ਜਾਈਂ।

ਅਮਰ ਨਾਥ ਨੂੰ ਸ਼ਿਪ ਯਾਰਡ ਵਿਚ ਕੰਮ ਮਿਲ ਗਿਆ।

ਜਿੰਨਾ ਵੀ ਓਵਰ ਟਾਈਮ ਮਿਲਦਾ ਉਹ ਥੈਂਕ ਯੂ ਆਖ ਸਵੀਕਾਰ ਕਰ ਲੈਂਦਾ। ਜਦੋਂ ਵੀਕ-ਐਂਡ ਤੇ ਬਾਰ੍ਹਾਂ ਪੌਂਡਾਂ ਦਾ ਲਫਾਫਾ ਮਿਲਿਆ ਤਾਂ ਉਹ ਬਾਗੋਬਾਗ ਹੋ ਗਿਆ। ਤੇਰ੍ਹਾਂ ਦੇ ਭਾਅ ਨੂੰ ਮਹੀਨੇ ਦਾ ਛੇ-ਸੱਤ ਸੌ ਹੋ ਗਿਆ,ਉਸਨੇ ਮੋਟਾ ਜਿਹਾ ਹਿਸਾਬ ਜੋੜਿਆ । ਸਾਰੀਆਂ ਤੰਗੀਆਂ ਕੱਟੀਆਂ ਜਾਣਗੀਆਂ। ਜਦੋਂ ਬਾਹਰ ਨਿਕਲਿਆ ਤਾਂ ਬਿਕਰਮਾਜੀਤ ਉਸਨੂੰ ਜ਼ਰੂਰਤ ਤੋਂ ਜ਼ਿਆਦਾ ਤਪਾਕ ਨਾਲ ਮਿਲਿਆ ਤੇ ਇਹ ਆਖ ਲਫਾਫਾ ਉਸਤੋਂ ਫੜ ਲਿਆ ਕਿ ਇੱਥੇ ਜੇਬ ਕਤਰੇ ਬਹੁਤ ਨੇ। ਮੈਂ ਜਮ੍ਹਾਂ ਕਰੀ ਜਾਂਦਾ ਹਾਂ। ਤੂੰ ਦੱਬ ਕੇ ਕੰਮ ਕਰੀ ਚੱਲ।

ਚਾਰ ਹਫਤੇ ਲੰਘ ਗਏ । ਇੱਕ ਦਿਨ ਉਸਨੇ ਆਪਣੇ ਭਰਾ ਨੂੰ ਆਖਿਆ,"ਵੀਰ ਜੀ,ਪੰਜਾਹ ਪੌਂਡ ਦੇ ਦੇਵੋ। ਪਿੰਡ ਨੂੰ ਮਨੀ ਆਰਡਰ ਕਰ ਦੇਵਾਂ। ਉਥੇ ਬੜੀ ਲੋੜ ਐ।"

"ਕਿਹੜੇ ਪੰਜਾਹ ਪੌਂਡ ? ਤੂੰ ਰੋਟੀ ਨੀ ਖਾਂਦਾ ? ਇਹ ਕੋਈ ਧਰਮਸ਼ਾਲਾ ਹੈ ? ਦਸ ਪੌਂਡ ਵੀਕ 'ਤੇ ਤਾਂ ਅਗਲੇ ਮੰਜਾ ਬਿਸਤਰਾ ਵੀ ਨਹੀਂ ਦਿੰਦੇ।"ਬਿਕਰਮਾਜੀਤ ਨੇ ਗੱਲ ਹੀ ਮੁਕਾ ਦਿੱਤੀ। ਦੂਜੇ ਦਿਨ ਉਹ ਕੰਮ 'ਤੇ ਇੰਜ ਤੁਰਿਆ ਫਿਰਦਾ ਸੀ ਜਿਵੇਂ ਮੋਤੀ ਦੇ ਨਾਲ ਭੋਲੂ ਬਲਦ ਵੀ ਮਰ ਗਿਆ ਹੋਵੇ।

ਦੁਪਹਿਰੇ ਸੈਂਡਵਿੱਚ ਖਾਂਦਿਆਂ ਇੱਕ ਪੰਜਾਬੀ ਮੁੰਡਾ ਉਹਦੇ ਕੋਲ ਆ ਕੇ ਬਹਿ ਗਿਆ। "ਬਾਈ ਸਿਆਂ,ਕੁਸ਼ ਉਦਾਸ ਉਦਾਸ ਲਗਦੈਂ !"

ਉਸਨੇ ਮਸਾਂ ਆਪਣਾ ਰੋਣ ਰੋਕਿਆ ਤੇ ਸਾਰੀ ਵਿਥਿਆ ਸੁਣਾ ਦਿੱਤੀ । ਪੰਜਾਬੀ ਮੁੰਡਾ ਆਖਣ ਲੱਗਿਆ,"ਭਰਾਵਾ,ਬੁਰਾ ਨਾ ਮਨਾਈਂ,ਇਹ ਬਿਕਰਮਾਜੀਤ ਹੈ ਤਾਂ ਤੇਰੀ ਭੂਆ ਦਾ ਪੁੱਤ,ਪਰ ਬਨਾਰਸ ਦਾ ਠੱਗ ਐ ਪੂਰਾ। ਵਿਹਲਾ ਰਹਿੰਦਾ। ਸਾਰੇ ਪੰਜਾਬੀਆਂ ਦੇ ਇਹਨੇ ਪੈਸੇ ਦੇਣੇ ਨੇ। ਦਸ ਮੈਥੋਂ ਵੀ ਲੈ ਗਿਆ ਸੀ। ਵਿਹਲਾ ਰਹਿਣ ਕਰਕੇ ਇਹਨੂੰ ਗੱਲ ਬੜੀ ਆਉਂਦੀ ਐ। ਆਪਣੇ ਆਪ ਨੂੰ ਕਿਤੇ ਨਾ ਕਿਤੇ ਦਾ ਪ੍ਰਿੰਸ ਆਖ ਕੋਈ ਨਾ ਕੋਈ ਕੁੜੀ ਫਸਾ ਲੈਂਦੇ। ਸਕਾਟ ਕੁੜੀਆਂ ਬੜੀਆਂ ਭੋਲੀਆਂ ਹੁੰਦੀਆਂ ਨੇ।"

"ਪਰ ਮਹਿੰਦਰਾ,ਮੈਂ ਜਾਵਾਂ ਕਿਥੇ ? ਵਣ ਵਿੱਚ। 'ਕੱਲਾ ਆਂ ਦੋਸਤਾ !"

"ਤੂੰ ਇਹ ਗੱਲ ਕੀ ਕੀਤੀ,ਯਾਰ ! ਮੇਰੇ ਕੋਲ ਰਹਿ। ਮੇਰੇ ਕੋਲ ਆਪਣਾ ਇੱਕ ਪੁਰਾਣਾ ਜਿਹਾ ਫਲੈਟ ਐ। ਬਾਪੂ ਜੀ ਨੇ ਖਰੀਦਿਆ ਸੀ। ਲੜਾਈ ਤੋਂ ਪਿੱਛੋਂ ਫੌਜੀ ਬਾਪੂ ਜੀ ਇੱਥੇ ਆ ਗਿਆ ਸੀ। ਉਹ ਤਾਂ ਹੁਣ ਰਹੇ ਨੀ। ਇੱਕ ਕਮਰਾ ਹੈ ਮੇਰੇ ਕੋਲ ਬਾਕੀ ਕਿਰਾਏ 'ਤੇ ਦਿੱਤੇ ਹੋਏ ਨੇ। 'ਕੱਠੇ ਰਹਾਂਗੇ। ਜੀਅ ਲੱਗਿਆ ਰਹੇਗਾ।"

ਹੁਣ ਕੁਰਕਸ਼ੇਤਰ ਦਾ ਮੈਦਾਨ ਗਲਾਸਗੋ ਦਾ ਸ਼ਿਪ-ਯਾਰਡ ਸੀ। ਜਿੱਥੇ ਉਹ ਵਾਹ ਲੱਗਦੀ ਸੱਤੇ ਦਿਨ ਬਾਰ੍ਹਾਂ ਬਾਰ੍ਹਾਂ ਘੰਟੇ ਕੰਮ ਕਰਦਾ ਸੀ। ਦੋਵੇਂ ਦੋਸਤ ਥੱਕ ਕੇ ਵੀ ਥਕੇਵਾਂ ਮਹਿਸੂਸ ਨਹੀਂ ਸਨ ਕਰਦੇ। ਰਾਤਾਂ ਨੂੰ ਆਪਣੇ ਬੈੱਡਾਂ 'ਤੇ ਪੈ ਆਪਣੇ ਵਤਨ ਨੂੰ,ਆਪਣੇ ਘਰਦਿਆਂ ਨੂੰ ਯਾਦ ਕਰਦੇ ਤੇ ਸੌਂ ਜਾਂਦੇ। ਸੁਪਨਿਆਂ ਵਿਚ ਅਮਰ ਨਾਥ ਹਰੀਆਂ ਕਣਕਾਂ ਨਾਲ ਅੱਖਾਂ ਠਾਰਦਾ ਰਹਿੰਦਾ,ਬੇਬੇ ਤੋਂ ਅਸ਼ੀਰਵਾਦ ਲੈਂਦਾ ਤੇ ਚਿੰਤੀ ਨਾਲ ਪਿਆਰ-ਵਿਗੁੱਤੀਆਂ ਬਾਤਾਂ ਪਾਉਂਦਾ । ਔਖੀ ਤਾਂ ਸੀ,ਪਰ ਜ਼ਿੰਦਗੀ ਤੁਰ ਪਈ ਸੀ ਤੇ ਤੁਰਨ ਵਿਚ ਹੀ ਮੁਕਤੀ ਸੀ।

ਇਕ ਦਿਨ ਘਰ ਆਇਆ ਤਾ ਪਿੰਡੋਂ ਚਿੱਠੀ ਆਈ ਪਈ ਸੀ। ਪੜ੍ਹੀ ਤੇ ਮਹਿੰਦਰ ਨੂੰ ਗੱਲਵਕੜੀ ਵਿਚ ਪੀਚ ਲਿਆ।

"ਮੇਰੀ ਚਿੰਤੀ ਨੇ ਮੁੰਡੇ ਤੇ ਕੁੜੀ ਨੂੰ ਜਨਮ ਦਿੱਤੇ! ਜੱਚਾ ਤੇ ਬੱਚੇ ਨੌਂ-ਬਰ ਨੌਂ ਨੇ।"

"ਮਤਲਬ ਜੌੜੇ ?"ਮਹਿੰਦਰ ਵੀ ਗੱਦ-ਗੱਦ ਹੋ ਗਿਆ।

"ਹਾਂ,ਜੌੜੇ। ਪਰਿਵਾਰ ਸੰਪੂਰਣ ਹੋ ਗਿਐ।...ਬਹੁਤ ਖੁਸ਼ ਆਂ,ਮੈਂ,ਮਹਿੰਦਰਾ

"ਹੁਣੇ ਹੀ ਸੰਪੂਰਨ ? ਅਜੇ ਤਾਂ ਛੋਪ 'ਚੋਂ ਪੂਣੀ ਵੀ ਨੀ ਕੱਤੀ।"

"ਨਹੀਂ,ਮਹਿੰਦਰਾ,ਤੂੰ ਨੀ ਸਮਝ ਸਕਦਾ। ਤੂੰ ਤਾਂ ਕੱਲਾ-ਕੇਰ੍ਹਾਂ ਏਂ ਨਾ। ਬਹੁਤੇ ਬੱਚੇ ਤਾਂ ਜਿਉਂਦਿਆਂ ਕਸਾਈਆਂ ਦੇ ਦੇਣ ਵਾਲੀ ਗੱਲ ਐ। ਮੇਰੀਆਂ ਪੰਜ ਭੈਣਾਂ ਨੇ । ਮੇਰੀ ਬੇਬੇ ਨੇ ਕਦੇ ਪੂਰੀ ਨੀਂਦ ਲਈ !"

ਇਸ ਨਵੇਂ ਕੁਰਕਸ਼ੇਤਰ ਦੇ ਮੈਦਾਨ ਵਿੱਚ ਉਹ ਜਾਨ ਹੂਲ ਕੇ ਲੜਿਆ। ਹਫਤੇ ਦਿਨਾਂ ਵਾਂਗ ਤੇ ਸਾਲ ਮਹੀਨਿਆਂ ਵਾਂਗ ਲੰਘਦੇ ਚਲੇ ਗਏ। ਭੈਣਾਂ ਦੇ ਵਿਆਹ ਧਰੇ। ਪਿੰਡੋਂ ਚਿੱਠੀ ਆਈ:"ਵੀਰ,ਤੂੰ ਆਪ ਆ ਕੇ ਸਾਡੀ ਡੋਲੀ ਤੋਰ ਜਾ। ਬਾਬਲ ਤਾਂ ਨਾ ਹੋਇਆ ਵਰਗਾ ਹੈ...।"

"ਕੋਈ ਗੱਲ ਨੀ ਬੀਬੀਓ,ਬਹੁਤਾ ਖਰਚ ਹੋਵੇਗਾ। ਕੰਮ ਵੀ ਟੁੱਟ ਜਾਵੇਗਾ। ਖੂਹ ਦੀ ਬਾਕੀ ਵੀ ਧਰੀ ਜਾਊ। ਤੁਹਾਡੀ ਭਾਬੀ ਜਿਉਂ ਹੈ। ਸਾਰੀਆਂ ਰੀਝਾਂ ਪੂਰੀਆਂ ਕਰੇਗਾ;ਪੈਸੇ ਪਹੁੰਚੇ ਕਿ ਪਹੁੰਚੇ !"

ਫਿਰ ਭੈਣਾਂ ਦੇ ਖੱਤ ਆਏ:"ਅਸੀਂ ਪੁੱਜ ਕੇ ਸੁਖੀ ਆਂ। ਭਾਬੀ ਨੇ ਸਾਡੀ ਕੋਈ ਰੀਝ ਅਣਪੂਰੀ ਨਹੀਂ ਰਹਿਣ ਦਿੱਤੀ। ਸਾਡੀ ਭਾਬੀ ਤਾਂ ਬਿਨਾਂ ਪੱਗ ਤੋਂ ਮਰਦ ਐ !"

ਸਾਲ ਮੁੜ ਉੱਡਣ ਲੱਗੇ। ਚਿੱਠੀ ਆਈ,ਬਾਪੂ ਪੂਰਾ ਹੋ ਗਿਆ। ਖੇਲ੍ਹ ਤੇ ਚੜ੍ਹਨ ਵਾਲਾ ਦਿੱਗ ਜੇਡਾ ਈਸ਼ਰ ਪੰਡਤ ਘਟਦਾ ਘਟਦਾ ਘਟ ਗਿਆ ਤੇ ਬਿਲਕੁਲ ਕਰੰਗ ਹੋ ਕੇ ਮਰਿਆ। ਮਰਨ ਲੱਗਿਆ ਇਹੀ ਆਖੀ ਗਿਆ,"ਜੇ ਮੁੰਡਾ ਇੱਥੇ ਹੁੰਦਾ ਤਾਂ ਅਰਥੀ ਨੂੰ ਮੋਢਾ ਹੀ ਦੇ ਦਿੰਦਾ...ਓਹ ਜਾਣੇ,ਮੇਰੀ ਮਟੀ ਬਿਸ਼ੰਭਰ ਦੇ ਨਾਲ ਬਣਾਇਓ।"ਉਸਨੇ ਬਹੁਤ ਦੁਖੀ ਮਨ ਨਾਲ ਬਹੁਤ ਹੌਸਲੇ ਵਾਲਾ ਖੱਤ ਲਿਖਿਆ ਸੀ,"ਬੇਬੇ,ਬਾਪੂ ਦੀ ਵਧੀਆ ਸੀਮਿੰਟ ਦੀ ਮਟੀ ਬਣਾਇਓ;ਤਾਏ ਦੇ ਖੱਬੇ ਪਾਸੇ।"

ਪੰਜਾਂ ਵਿਚੋਂ ਚਾਰ ਭੈਣਾਂ ਤਾਂ ਸੁਖੀ ਸਨ। ਵਾਹੀ ਵਾਲੇ ਲਾਣਿਆਂ ਵਿਚ ਵਿਆਹੀਆਂ ਹੋਈਆਂ ਸਨ। ਕੰਮ ਤਾਂ ਬਥੇਰਾ ਕਰਨਾ ਪੈਂਦਾ ਸੀ,ਪਰ ਘਰ ਵਿਚ ਉਨ੍ਹਾਂ ਦੀ ਪੂਰੀ ਪੁਗਦੀ ਸੀ। ਸਚਿਆਰੀ ਬੇਬੇ ਨੇ ਉਨ੍ਹਾਂ ਅੰਦਰ ਦੁਨੀਆਦਾਰੀ ਦੇ ਏਨੇ ਗੁਣ ਪੈਦਾ ਕੀਤੇ ਸਨ ਕਿ ਜਾਂਦੀਆਂ ਨੇ ਹੀ ਸੱਸਾਂ ਸੌਹਰਿਆਂ ਨੂੰ ਜਿੱਤ ਲਿਆ ਸੀ। ਜੇ ਬੇਬੇ ਦਿਨ ਤਿਹਾਰ ਕਰਦੀ ਤਾਂ ਵੀ ਆਖਦੇ,"ਚੁਧਰਾਣੀਏ,ਸਾਖਿਆਤ ਲੱਛਮੀਆਂ ਤਾਂ ਦੇ ਦਿੱਤੀਆਂ,ਅਜੇ ਵੀ ਕੋਈ ਕਸਰ ਰਹਿ ਗਈ।"...ਪਰ ਜਿਹੜੀ ਸ਼ਹਿਰ ਵਿੱਚ ਸੀ,ਆੜ੍ਹਤੀਆਂ ਦੇ ਘਰ,ਉਹ ਆਪਣੀ ਉਮਰ ਨਾਲੋਂ ਦਸ ਸਾਲ ਵੱਡੀ ਜਾਪਦੀ ਸੀ। ਕਦੇ ਵੀ ਸਾਲਿਆਂ ਦਾ ਬੱਬਰ ਨਹੀਂ ਸੀ ਭਰਦਾ। ਫਸਲਾਂ ਬੀਜਣ ਤੇ ਫਸਲਾਂ ਲੁੱਟਣ ਵਾਲਿਆਂ ਵਿੱਚ ਕਿੰਨਾ ਫਰਕ ਹੁੰਦਾ ਹੈ,ਉਸਨੇ ਅੱਖੀਂ ਵੇਖ ਲਿਆ ਸੀ।

ਬੇਬੇ ਦੀ ਚਿੱਠੀ ਕਿਸੇ ਭੈਣ ਤੋਂ ਲਿਖਵਾਈ ਆਉਂਦੀ,"ਅਮਰ,ਪੁੱਤ,ਹੁਣ ਕਬੀਲਦਾਰੀ ਕਿਓਟੀ ਗਈ ਐ। ਚਿੰਤੀ

ਬਾਕੀ ਪੰਨਾ 20 'ਤੇ


## ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

**BOMBAY SWEETS MANUFACTURER INC.**

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:

**NARESH SHUKLA & BROS.**

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75

ਪੰਨਾ 19 ਤੋਂ ਅਗਲੀ

ਤੇ ਬੱਚਿਆਂ ਨੂੰ ਲੈ ਜਾ ਪੁੱਤ। ਖੜ੍ਹੇ ਤਾਂ ਪਾਣੀ ਦੀ ਮੁਸ਼ਕ ਜਾਂਦੇ ਨੇ।"

ਉਹ ਇਹੀ ਗੱਲ ਚਿੰਤੀ ਨੂੰ ਲਿਖ ਦਿੰਦਾ ਤੇ ਉਹ ਮੋੜਵਾਂ ਜਵਾਬ ਦਿੰਦੀ,"ਮੈਂ ਬੇਬੇ ਨੂੰ ਕੱਲੀ ਛੱਡ ਕੇ ਨਹੀਂ ਆਉਣਾ। ਮੁੰਡਾ ਬੀ.ਏ.ਦੇ ਆਖਰੀ ਸਾਲ ਵਿਚ ਐ,ਕੁੜੀ ਬੇਸਿਕ ਕਰਕੇ ਪਿੰਡ ਹੀ ਟੀਚਰ ਲੱਗੀ ਹੋਈ ਹੈ। ਬਲਾ ਸੋਹਣੀ ਐ,ਜਿਹੋ ਜਿਹੀ ਤੁਹਾਡੀ...ਹੁੰਦੀ ਸੀ।"

ਨੁਕਤਿਆਂ ਦਾ ਮਤਲਬ ਸਮਝ ਉਹ ਫੋਟੋ ਚੁੱਕਦਾ ਤੇ ਇੱਕ ਦਿਨ ਦਾ ਇਕ ਨਕਸ਼ ਠਹਿਰਾ ਠਹਿਰਾ ਵੇਖਦਾ ਤੇ ਵੇਖਦਾ ਹੀ ਤੁਰਿਆ ਜਾਂਦਾ ਕਿੰਨੀ ਰਾਤ ਤੱਕ ਉਹਨੂੰ ਨੀਂਦ ਨਾ ਆਉਂਦੀ..."ਕੀ ਜੂਨ ਐ ਸਾਲੀ !ਸਾਰੀ ਜਵਾਨੀ ਦਾ ਲਹੂ ਤੁਪਕਾ ਤੁਪਕਾ ਕਰਕੇ ਇਨ੍ਹਾਂ ਬਰਫਾਂ ਵਿਚ ਖੋਰ ਦਿੱਤਾ। ਉਮਰ ਬੀਤ ਗਈ। ਟੱਬਰ ਦਾ ਮੂੰਹ ਵੇਖਿਆਂ...ਸੌਂ ਜਾ ਸੌਂ ਜਾ,ਨਹੀਂ ਤਾਂ ਭਲਕੇ ਦਿਹਾੜੀ ਨੀ ਲੱਗਣੀ !"

ਫਿਰ ਇਕ ਹੋਰ ਚਿੱਠੀ ਆਈ ਜਿਸਦੀ ਇਕ ਨੁੱਕਰ ਪਾਟੀ ਹੋਈ ਸੀ। ਪਾੜ੍ਹੀ,ਪੜ੍ਹੀ:ਬੇਬੇ ਪੂਰੀ ਹੋ ਗਈ !"

ਕੀ ਹੋ ਗਿਆ ਸੀ ਉਹਨੂੰ ? ਰੋਣਾ ਕਿਉਂ ਨੀ ਆਉਂਦਾ? ਪੱਥਰ ਹੋ ਗਿਆ ਸੀ। ਉਹ ! ਬਾਹਰ ਹਵਾ ਸ਼ੂਕ ਰਹੀ ਸੀ। ਕਿੰਨੇ ਦਿਨਾਂ ਤੋਂ ਜੰਮੀ ਬਰਫ ਖੁਰਨ ਦਾ ਨਾਂ ਨਹੀਂ ਸੀ ਲੈ ਰਹੀ। ਸਿਆਲ ਦੀ ਠੰਢ ਤੇ ਕੋਰੇ ਨੇ ਦਰਖਤਾਂ ਦੀ ਸਾਰੀ ਹਰਿਆਲੀ ਖੋਹ ਲਈ ਸੀ। ਬੱਸ ਖਲੋਤੇ ਸਨ,ਕਾਲੇ,ਡੁੰਬੇ ਹੋਏ-ਜਿਵੇਂ ਮੌਸਮ ਦਾ ਹੀ ਨਹੀਂ ਆਪਣੀ ਕਿਸਮਤ ਦਾ ਵੀ ਮਾਤਮ ਕਰ ਰਹੇ ਹੋਣ।...ਖਲੋਤਿਆਂ ਖਲੋਤਿਆਂ ਉਹਦੀਆਂ ਅੱਖਾਂ ਸਾਹਵੇਂ ਪਿੰਡ ਦਾ ਬਰੋਟਾ ਉੱਗ ਆਇਆ-ਦਰਵਾਜ਼ੇ ਮੂਹਰੇ,ਦਾਦਿਆਂ ਪੜਦਾਦਿਆਂ ਵੇਲੇ ਦਾ ਬਰੋਟਾ !...ਇਕ ਰਾਤ ਅੰਤਾਂ ਦਾ ਝੱਖੜ ਝੁਲਿਆ ਸੀ। ਦੂਜੇ ਦਿਨ ਲੋਕਾਂ ਨੇ ਵੇਖਿਆ ਕਿ ਬਰੋਟਾ ਧਰਤੀ 'ਤੇ ਚੁਫਾਲ ਡਿੱਗਿਆ ਪਿਆ ਹੈ।...ਕਿੱਥੇ ਕਿੱਥੇ ਜਾ ਡਿੱਗਿਆ ਸੀ ਬੋਹੜ !...ਉਸ ਦਿਨ ਸਾਰਾ ਪਿੰਡ ਆਖ ਰਿਹਾ ਸੀ:ਯਾਰੋ,ਕਦੇ ਖਿਆਲ ਹੀ ਨਹੀਂ ਸੀ ਕੀਤਾ ਕਿ ਬਰੋਟਾ ਏਡਾ ਵੱਡਾ ਹੈ।"...ਨਾਲ ਹੀ ਆਲ੍ਹਣੇ ਖਿਲਰੇ ਪਏ ਸਨ ਜਿਨ੍ਹਾਂ ਵਿੱਚ ਬੇਅੰਤ ਪੰਛੀ ਤੜਫ ਤੜਫ ਮਰ ਗਏ ਸਨ। ਕੀ ਪੰਛੀ ਉਡ ਸਕਦੇ ਸਨ ?...ਜ਼ਰੂਰ ਉੜ ਸਕਦੇ ਸਨ !ਫਿਰ ਉੜੇ ਕਿਉਂ ਨਹੀਂ ?...ਸ਼ਾਇਦ ਉਨ੍ਹਾਂ ਨੇ ਸੋਚਿਆ ਹੋਵੇ:

-ਫਲ ਖਾਏ ਇਸ ਬ੍ਰਿਕਸ਼ ਕੇ,ਬੀਠ ਲਬੇੜੇ ਪਾਤ
ਅਬ ਉੜਨੇ ਦਾ ਧਰਮ ਨਹੀਂ,ਜਲਲੇਂਗੇ ਇਸ ਕੇ ਸਾਥ !

...ਤੇ ਐਨ ਉਸੇ ਸਮੇਂ ਉਸਨੂੰ ਸੱਤੇ-ਸਿਧ ਅਹਿਸਾਸ ਹੋਇਆ:ਬੇਬੇ ਏਡੀ ਵੱਡੀ ਸੀ! ਆਲ੍ਹਣਾ ਤਾਂ ਡਿੱਗ ਪਿਆ। ਪ੍ਰਦੇਸ਼ਾਂ ਵਿਚ ਵਿਲਕਦੇ ਪੰਛੀ ਨੇ ਹੁਣ ਖੱਟਾ ਉਡੀਕਣਾ ਸੀ। ਟਿਕਟ ਕਟਾਈ ਤੇ ਵਤਨਾਂ ਨੂੰ ਉਡ ਗਿਆ।

ਦੋ ਮਹੀਨੇ ਪਿੰਡ ਰਿਹਾ। ਰੋਜ਼ ਤਾਏ ਤੇ ਬਾਪੂ ਦੀਆਂ ਮਟੀਆਂ ਤੇ ਦੀਵੇ ਬਾਲਣ ਜਾਂਦਾ। ਚਿੰਤੀ ਨੂੰ ਮਿਲਿਆ। ਉਹਦੇ ਚਿਹਰੇ 'ਤੇ ਵੀਹ ਸਾਲ ਤਾਂ ਸਾਫ ਲਿਖੇ ਹੋਏ ਵਿਖਾਈ ਦਿੰਦੇ ਸਨ ਪਰ ਕਿਰਤ ਤੇ ਸੰਘਰਸ਼ ਨੇ ਉਹਨੂੰ ਇਕ ਟਾਈਪ ਬਣਾ ਦਿੱਤਾ ਸੀ। ਸ਼ਖਸੀਅਤ 'ਚ ਠਰ੍ਹੰਮਾ,ਸੰਜਮ ਤੇ ਸਵੈ-ਵਿਸ਼ਵਾਸ!

"ਮਾਫ ਕਰੀਂ,ਚਿੰਤੀਏ ! ਰਾਮ ਚੰਦਰ ਜੀ ਨਾਲੋਂ ਵੀ ਛੇ ਵਰ੍ਹੇ ਜ਼ਿਆਦਾ ਕੱਟੇ ਨੇ ਤੂੰ ਬਣਵਾਸ ਵਿੱਚ।"

ਰਾਤ ਨੂੰ ਉਸਨੇ ਨਿਮ੍ਰਤਾ ਦੇ ਲਹਿਜੇ ਵਿਚ ਚਿੰਤੀ ਨੂੰ ਆਖਿਆ।

"ਸੀਤਾ ਨੂੰ ਵੱਖਰਿਆਂ ਥੋੜ੍ਹੋ ਰਹਿਣਾ ਪਿਆ ਸੀ ?...।"ਇੰਨਾ ਆਖ ਉਹ ਉਦਾਸ ਮੁਸਕਾਣ ਮੁਸਕਾਈ ਸੀ।

"ਮਜ਼ਬੂਰ ਸਾਂ ਚਿੰਤੀਏ,ਭੈਣਾਂ ਵਿਆਹੀਆਂ ਹੋਈਆਂ ਸਨ। ਗਹਿਣੇ ਕੀਤੀ ਜ਼ਮੀਨ ਛੁਡਵਾਉਣੀ ਸੀ। ਕੁਰਕਸ਼ੇਤਰ ਦੇ ਮੈਦਾਨ 'ਚੋਂ ਭੱਜਿਆਂ ਸਰਦਾ ਨਹੀਂ ਸੀ।"

"ਮੈਂ ਸਮਝਦੀ ਆਂ। ਮੈਂ ਤਾਂ ਤੁਹਾਡੀ ਹੀ ਚਿੰਤਾ ਵਿੱਚ ਗਰਕ ਰਹਿੰਦੀ ਸਾਂ ਮੈਂ ਤਾਂ ਭਰੇ ਘਰ 'ਚ ਰਹਿੰਦੀ ਸਾਂ। ਬੱਚੇ ਮੇਰੇ ਕੋਲ ਸਨ।"ਚਿੰਤੀ ਦੀਆਂ ਅੱਖਾਂ ਭਰ ਆਈਆਂ।

ਬੱਚਿਆਂ ਨੂੰ ਮਿਲਿਆ। ਧੀ ਸ਼ੁਦੇਸ਼,ਪੁੱਜ ਕੇ ਸੋਹਣੀ ਤੇ ਸੁਚੱਜੀ। ਇੰਨੀ ਸੋਹਣੀ ਮਲਵਈ ਬੋਲਦੀ ਸੀ। ਜਿਵੇਂ ਨਹਿਰ ਦਾ ਪਾਣੀ ਡਲ੍ਹਕ ਰਿਹਾ ਹੋਵੇ। ਮੁੰਡਾ ਮਿਲਿਆ। ਕੋਈ ਸ਼ਖਸੀਅਤ ਹੀ ਨਹੀਂ ਸੀ। ਐਵੇਂ ਪੰਜ ਕੁ ਫੁੱਟ ਦਾ ਘਸਿਆ ਜਿਹਾ। ਘੁੱਗੂ ਜਿਹਾ ਬਣਿਆ ਕੋਲੋਂ ਬੈਠਾ ਰਹਿੰਦਾ,ਜਿਵੇਂ ਉਹਦੀ ਆਪਣੀ ਕੋਈ ਮਰਜ਼ੀ ਹੀ ਨਹੀਂ ਹੁੰਦੀ।

ਭੈਣਾਂ ਨੂੰ ਮਿਲਿਆ। ਚਾਰ ਭੈਣਾਂ ਇੱਕੋ ਪਿੰਡ ਬ੍ਰਾਹਮਣ ਵਾਲੇ ਤਾਏ-ਚਾਚਿਆਂ ਦੇ ਮੁੰਡਿਆਂ ਨੂੰ ਵਿਆਹੀਆਂ ਹੋਈਆਂ ਸਨ। ਪੁੱਜ ਕੇ ਸੁੱਖੀ। ਨਈਂ-ਭੋਈਂ ਦੇ ਮਾਲਕ ਜੱਟ ਬ੍ਰਾਹਮਣ ਧਰਤੀ 'ਚੋਂ ਸੋਨਾ ਉਗਾ ਦਿੰਦੇ ਸਨ ਦਾਨੇ ਜੀਜੇ,ਸਰੂਆਂ ਵਰਗੇ ਭਾਣਜੇ,ਸਚਿਆਰੀਆਂ ਭਾਣਜੀਆਂ !

"ਨਿਰਮਲਾ ਕਿਵੇਂ ਐ ?"ਉਹਨੇ ਭੈਣਾਂ ਨੂੰ ਪੁੱਛਿਆ।

"ਪੁੱਜ ਕੇ ਦੁੱਖੀ। ਵੀਰ,ਬੇਬੇ ਤੇ ਭਾਬੀ ਨੇ ਸਾਰਾ ਘਰ ਕੁਲੰਜ ਕੁਲੰਜ ਦੇ ਦਿੱਤਾ ਪਰ ਉਨ੍ਹਾਂ ਦੀ ਭੁੱਖ ਨੀ ਮਿਟੀ। ਨਿਰੇ ਕਰਾੜ ਬ੍ਰਾਹਮਣ ਨੇ ਹਰਾਮੀ।...ਸਭ ਤੋਂ ਸੁਨੱਖੀ ਹੁੰਦੀ ਸੀ ਨਿਰਮਲਾ,ਪਰ ਹੁਣ ਜਮ੍ਹਾਂ ਬੁੜ੍ਹੀ ਲਗਦੀ ਐ...ਬੱਸ ਸਾਲ ਦੋ ਸਾਲ ਨੂੰ ਤਪਦਿਕ ਤੁਪਦਿਕ ਹੋ ਕੇ ਮਰ ਜਾਵੇਗੀ।"

"ਤੁਸੀਂ ਮਰ ਗਈਆਂ ਸੀ ? ਨਾ ਹੀ ਮੈਨੂੰ ਦੱਸਿਆ ਕਿਸੇ ਨੇ।"ਉਹ ਖਿਝ ਕੇ ਪਿਆ ਵੱਡੀ ਭੈਣ ਨੂੰ।

"ਵੀਰ ਮਰ ਨੀ ਗਈਆਂ ! ਸਾਡੇ ਤਾਂ ਪੰਜਾਹ ਜੀਅ ਨੇ ਘਰ ਦੇ। ਸਾਰੇ ਕੋਟਲੇ ਨੂੰ ਖਪਾ ਦੇਣਗੇ।...

ਪਰ ਅੱਗੇ ਤਾਇਆ ਫਾਂਸੀ ਚੜ੍ਹ ਗਿਆ ਸੀ ਤਾਂ ਸਾਰਾ ਘਰ ਰੁੱਲ ਗਿਆ ਸੀ ਜਦੋਂ ਵੱਡੀ ਭੈਣ ਨੇ ਦਸਿਆ ਕਿ ਨਿਰਮਲਾ ਨੂੰ ਸੌਹਰਾ ਤੀਕ ਵੀ ਮਾਰਦਾ ਹੈ-ਸੱਸ,ਨਨਾਣ ਤੇ ਪਰਾਹੁਣੇ ਦਾ ਤਾਂ ਖੈਰ ਨਿਤਨੇਮ ਹੀ ਹੈ ਤਾਂ ਜੰਡਾਲੀ ਵਾਲੇ ਸੂਰਮੇ ਪੰਡਤਾਂ ਵਾਲਾ ਖੂਨ ਅੰਗੜਾਈਆਂ ਲੈ ਖੌਲਣ ਲੱਗਿਆ ਤੇ ਉਹ ਦੂਜੇ ਦਿਨ ਵੱਡੇ ਜੀਜੇ ਤੇ ਦੋ ਭਾਣਜੀਆਂ ਨੂੰ ਨਾਲ ਲੈ ਕੇ ਮਾਲੇਰ ਕੋਟਲੇ ਜਾ ਵੜਿਆ।

ਬਿਲਕੁਲ ਪੁੱਗੀ ਪਈ ਸੀ ਭੈਣ !ਉਹਦੇ ਮੱਥੇ 'ਤੇ ਪੱਟੀ ਬੰਨ੍ਹੀ ਹੋਈ ਸੀ। ਪੱਟੀ 'ਤੇ ਲਹੂ ਜੰਮਿਆ ਹੋਇਆ ਸੀ। ਵੇਖਦਿਆਂ ਸਾਰ ਨਿਰਮਲਾ ਉਹਨੂੰ ਆ ਚਿੰਬੜੀ ਤੇ ਚਿੰਬੜੀ ਹੀ ਰਹੀ। ਉਹਨੇ ਆਪਣੀ ਮਾਂ-ਜਾਈ ਨੂੰ ਮਸਾਂ ਤੋੜ ਕੇ ਪਰ੍ਹਾਂ ਕੀਤਾ।

"ਆਹ ਪੱਟੀ ਕਿਉਂ ਬੰਨ੍ਹੀ ਐ ਨਿਰਮਲਾ ?"ਉਸਨੇ ਜਾਣਦਿਆਂ ਵੀ ਪੁੱਛਿਆ।

ਨਿਰਮਲਾ ਦੇ ਕੁੱਝ ਜਵਾਬ ਦੇਣ ਤੋਂ ਪਹਿਲਾਂ ਹੀ ਇੱਕ ਪੰਦਰਾਂ ਕੁ ਸਾਲਾਂ ਦਾ ਮੁੰਡਾ ਬੋਲਿਆ:"ਦਾਦੀ ਨੇ ਡੁਕਣਾ ਮਾਰ ਕੇ ਗਲੀ ਕਰ ਦਿੱਤੀ ਨਿਰਮਲਾ ਹਟਕੋਰੇ ਲੈ ਰੋਣ ਲੱਗ ਪਈ।

"ਮਾਸੀ,ਇਹ ਚੰਦ ਤੁਸੀਂ ਚਾੜ੍ਹਿਐ ? ਕੀ ਵਿਗਾੜਿਐ ਇਹਨੇ ਵਿਚਾਰੀ ਨੇ ਤੁਹਾਡਾ !"

"ਦਫਾ ਹੋ ਜਾ ਇਥੋਂ ! ਇਸ ਗਏ ਹੋਏ ਖਲਣੇ ਦੀ ਨੂੰ ਸਾਡੇ ਹੀ ਪੱਲੇ ਪਾਉਣਾ ਸੀ ?"

ਰੌਲਾ ਸੁਣ ਜੀਜਾ ਤੇ ਮਾਸੜ ਜੀ ਵੀ ਆ ਗਏ।

"ਸੁਕਰ ਕਰ ਅਸੀਂ ਏਸ ਨੂੰ ਪਾਗਲਖਾਨੇ ਨਹੀਂ ਭੇਜਿਆ !"ਟੋਪੀ ਵਾਲਾ ਸੜਿਆ ਜਿਹਾ ਮਾਸੜ ਬੋਲਿਆ।

"ਇਹ ਹਰਾਮਜ਼ਾਦੀ ਸਾਡੇ ਘਰ ਸਜਦੀ ਐ ? ਬੜਾ ਆਇਆ ਹਮਦਰਦੀ ਵਿਖਾਣ ਵਾਲਾ। ਸ਼ੁਕਰ ਕਰ ਇਹਦੀਆਂ ਲੱਤਾਂ ਨਹੀਂ ਤੋੜੀਆਂ।"ਹੀਜੜਾ ਜਿਹਾ ਜੀਜਾ ਬੋਲਿਆ।

ਜੰਡਾਲੀ ਵਾਲੇ ਸੂਰਮੇ ਪੰਡਤਾਂ ਵਾਲਾ ਖੂਨ ਪਾਟਣ ਤੇ ਆ ਗਿਆ। ਜੇ ਅੱਜ ਬਿਸ਼ੰਭਰ ਤਾਇਆ ਹੁੰਦਾ ਤਾਂ ਕੂਹਣੀਆਂ ਖਪਾ ਦਿੰਦਾ। ਪਰ ਉਮਰ ਦੀ ਪੁਖਤਗੀ,ਲੰਮੀ ਜਦੋਜਹਿਦ,ਤੇ ਤਾਏ ਦੀ ਮੌਤ ਪਿੱਛੋਂ ਹੋਈ ਬਰਬਾਦੀ ਤੇ ਪੱਛਮ ਦੀ ਮਸ਼ੀਨੀ ਜ਼ਿੰਦਗੀ ਨੇ ਉਹਦੇ ਅੰਦਰ ਕਾਫੀ ਠਰ੍ਹੰਮਾ ਲੈ ਆਂਦਾ ਸੀ। ਇਸ ਲਈ ਹੱਥ ਚੁੱਕਣ ਤੋਂ ਪਹਿਲਾਂ ਉਸਨੇ ਆਪਣੇ ਹੀਜੜੇ ਜਿਹੇ ਜੀਜੇ ਨੂੰ ਵੰਗਾਰਿਆ,"ਅੱਛਾ ਇਹ ਗੱਲ ਐ ! ਲਾ ਫੇਰ ਹੱਥ ਜੇ ਸੱਤਿਆ ਹੈ ਤਾਂ।"

ਤੇ ਵੱਡੇ ਭਾਣਜੇ ਨੇ ਪਸਤੌਲ ਦੇ ਖੋਲ ਨੂੰ ਠੋਰਿਆ। ਸਾਰੇ ਕੋੜਮੇ ਨੂੰ ਜਿਵੇਂ ਤੰਦੂਆ ਪੈ ਗਿਆ।

"ਜਿੰਨ੍ਹਾਂ ਕੱਪੜਿਆਂ 'ਚ ਖੜ੍ਹੀ ਐਂ,ਇਨ੍ਹਾਂ ਨਾਲ ਹੀ ਤੁਰ ਪੈ। ਕੁਸ਼ ਨਾ ਚੱਕੀਂ ਇਨ੍ਹਾਂ ਕਲੰਕੀਆਂ ਦਾ।"ਉਸਨੇ ਆਪਣੀ ਭੈਣ ਨੂੰ ਆਖਿਆ। ਨਿਰਮਲਾ ਮੁੰਡੇ ਦੇ ਕੋਲ ਹੋਈ ਤਾਂ ਉਹ ਆਖਣ ਲੱਗਿਆ,"ਬੀਬੀ,ਮੈਂ ਵੀ ਨਾਲ ਹੀ ਜਾਣਾ ਹੈ !"

ਅਮਰ ਨਾਥ ਬੋਲਿਆ,"ਲੈ ਪੰਡਤ ਜੀ,ਲੈ ਚਲਿਆਂ ਆਪਣੀ ਭੈਣ ਤੇ ਭਾਣਜੇ ਨੂੰ। ਸਾਂਭੋ ਜੋ ਕੁਸ਼ ਮੇਰੀ ਭੈਣ ਦਾ ਤੁਹਾਡੇ ਕੋਲ ਐ। ਖੱਫਣਾਂ ਦੇ ਕੰਮ ਆਵੇਗਾ। ਨੱਕ ਨਾਲ ਲਕੀਰਾਂ ਕੱਢਿਆਂ ਵੀ ਨਹੀਂ ਤੋਰਾਂਗੇ।"

"ਧੀਆਂ ਤਾਂ ਰਾਜਿਆਂ ਮਹਾਰਾਜਿਆਂ ਤੋਂ ਨੀ ਰੱਖੀਆਂ ਗਈਆਂ। ਹੋਰ ਚੌਂਹ ਦਿਨਾਂ ਨੂੰ ਇਥੇ ਹੀ ਭੱਜੇ ਆਵੋਗੇ।"ਸੱਸ ਬੋਲੀ,ਉਂਜ ਉਹਦੀ ਡਰ ਦੇ ਮਾਰੇ ਜੀਭ ਸੁੱਕੀ ਪਈ ਸੀ।

"ਪੰਡਤਾਣੀ ਰਾਜਿਆਂ ਤੋਂ ਹੀ ਨਹੀਂ ਰੱਖੀਆਂ ਗਈਆਂ। ਅਸੀਂ ਰੱਖ ਲਵਾਂਗੇ। ਦਾਨਾ ਵੱਡਾ ਜੀਜਾ ਫੈਸਲਾਕੁਨ ਅਵਾਜ਼ ਵਿਚ ਬੋਲਿਆ। ਤੁਰਨ ਤੋਂ ਪਹਿਲਾਂ ਭਾਣਜੇ ਬੋਲੇ,"ਮਾਮਾ,ਮਾੜਾ ਜਿਹਾ ਹੱਥ ਤਾਂ ਖੋਲ੍ਹ ਲੈਣ ਦਿੰਦਾ !"

ਪਿੰਡ ਪਰਤਿਆ ਤਾਂ ਚਿੰਤੀ ਨੂੰ ਆਖਣ ਲੱਗਿਆ,"ਨਿਰਮਲਾ ਦੇ ਕਸ਼ਟ ਕੱਟ ਆਇਆਂ। ਪਿੰਡ ਰਹੂਗੀ। ਪੰਜਾਹ ਵਿੱਘੇ ਝੋਟੇ ਦੇ ਸਿਰ ਵਰਗੀ ਜ਼ਮੀਨ ਐ। ਏਸਤੋਂ ਮੁੱਕਦੀ ਨੀ। ਭਾਣਜਾ ਮੰਡੀ ਦੇ ਸਕੂਲ ਪੜ੍ਹੇਗਾ। ਜੇ ਕੋਈ ਬਣਤ ਬਣੀ ਤਾਂ ਇਹਨੂੰ ਇੰਗਲੈਂਡ ਵੀ ਬੁਲਾ ਲਵਾਂਗੇ।"

ਦੋ ਮਹੀਨੇ ਪਿੰਡ ਕੱਟ ਉਹ ਮੁੜ ਗਲਾਸਗੋ ਆ ਗਿਆ। ਕੰਮ ਛੱਡ ਕੇ ਗਿਆ ਸੀ। ਕੰਮ ਮਿਲਿਆ ਨਾਂ। ਉਨ੍ਹਾਂ ਦਿਨਾਂ ਵਿਚ ਮਹਿੰਦਰ ਵੀ ਬਰੈਡਫੋਰਡ ਆਪਣੇ ਰਿਸ਼ਤੇਦਾਰਾਂ ਕੋਲ ਗਰੌਸਰੀ ਦੀ ਸ਼ਾਪ ਲੈਣ ਦਾ ਮਨ ਬਣਾਈ ਬੈਠਾ ਸੀ। ਉਹ ਵੀ ਬਰੈਡਫੋਰਡ ਆ ਗਿਆ ਤੇ ਬੱਸ ਕੰਡਕਟਰ ਲੱਗ ਗਿਆ।

ਹੁਣ ਚਿੰਤੀ ਤੇ ਬੱਚਿਆਂ ਤੋਂ ਬਿਨਾਂ ਰਹਿਣ ਦਾ ਕੀ ਅਰਥ ਸੀ ? ਸਾਲ ਨਹੀਂ ਪੈਣ ਦਿੱਤਾ ਉਹ ਵੀ ਆ ਗਏ। ਗੀਤਾ ਪੜ੍ਹਦੀ ਪੁਸ਼ਪਾ ਰਾਣੀ ਨੂੰ ਚਿੰਤੀ ਪਸੰਦ ਕਰ ਆਈ ਤੇ ਸਾਲ ਦੇ ਅੰਦਰ ਅੰਦਰ ਉਹ ਵੀ ਆ ਗਈ

ਅਮਰ ਨਾਥ ਨੂੰ ਨੂੰਹ ਦਾ ਅੰਤਾਂ ਦਾ ਚਾਅ ਸੀ। ਉਸਨੇ ਸੋਚਿਆ ਸੀ,"ਬੇਬੇ ਵੀ ਤੰਗੀਆਂ ਕੱਟਦੀ ਮੁੱਕ ਗਈ। ਚਿੰਤੀ ਨੇ ਵੀ ਸਾਰੀ ਜਵਾਨੀ ਉਹਦੇ ਟੱਬਰ ਨੂੰ ਕਿਓਂਟਣ ਤੇ ਲਾ ਦਿੱਤੀ। ਹੁਣ ਸਾਰੀਆਂ ਰੀਝਾਂ ਪੂਰੀਆਂ ਕਰਾਂਗਾ। ਵੇਖ ਵੇਖ ਜੀਵਾਂਗਾ ਆਪਣੀ ਪੁਸ਼ਪਾ ਬੇਟੀ ਨੂੰ। ਕੁੜੀ ਤਾਂ ਪਰਾਇਆ ਧਨ ਹੁੰਦਾ। ਇਸੇ ਨੇ ਸਾਡੀ ਵੇਲ ਲੱਗੇ ਵਧਾਉਣੀ ਹੈ।

ਖੈਰ,ਵੇਲ ਤਾਂ ਅੱਗੇ ਜ਼ਰੂਰ ਵਧੀ। ਸੁੱਖ ਨਾਲ ਦੋ ਸਾਲ ਵਿਚ ਹੀ ਦੋ ਲਾਲ ਹੋ ਗਏ। ਪਰ ਪੁਸ਼ਪਾ ਰਾਣੀ ਨੇ ਉਹ ਪੁਸ਼ਪ ਖਿੜਾਏ ਕਿ ਨਾ ਕਦੀ ਉਹਦੇ ਬੁੱਲ੍ਹਾਂ ਤੇ ਮੁਸਕਾਣ ਆਈ ਤੇ ਨਾ ਹੀ ਉਹਦੇ ਅਮਲਾਂ ਤੋਂ ਕਦੀ ਸ਼ਰਧਾ-ਭਾਵਨਾ ਦਾ ਪ੍ਰਗਟਾਵਾ ਨਹੀਂ ਹੋਇਆ।

ਇੱਕ ਦਿਨ ਪੁਸ਼ਪਾ ਕੰਮ ਤੋਂ ਆਈ। ਉਸਨੇ ਉਠ ਕੇ ਉਸਨੂੰ ਗੱਲਵਕੜੀ 'ਚ ਲੈ ਲਿਆ ਤੇ ਬੋਲਿਆ,"ਮੇਰਾ ਪੁੱਤ ਤਾਂ ਬਹੁਤ ਥੱਕ ਗਿਆ ਹੋਵੇਗਾ। ਚਿੰਤੀਏ,ਕੋਈ ਕੰਮ ਨਾ ਕਰਾਈਂ ਮੇਰੀ ਧੀ ਤੋਂ। ਰੋਟੀ ਤੂੰ ਪਕਾ ਭਾਂਡੇ ਮੈਂ ਧੋ ਦੇਵਾਂਗਾ"

ਦੂਜੇ ਦਿਨ ਮੁੰਡੇ ਨੇ ਬੜਾ ਭਾਰਾ ਉਲਾਂਭਾ ਦਿੱਤਾ ਆਪਣੀ ਮਾਂ ਨੂੰ,"ਬੀਬੀ,ਭਾਪੇ ਨੇ ਪੁਸ਼ਪਾ ਨੂੰ ਜੱਫੀ ਪਾਈ। ਬੜਾ ਹੀ ਮਾਈਂਡ ਕੀਤਾ ਪੁਸ਼ਪਾ ਨੇ। ਸਹੁਰੇ ਵੀ ਨੂੰਹਾਂ ਨੂੰ ਜੱਫੀਆਂ ਪਾਉਂਦੇ ਨੇ।"

ਜਿਥੇ ਕਿੰਨਾ ਕੁੱਝ ਹੋਰ ਜਰਦੀ ਸੀ,ਉਥੇ ਇਹ ਵੀ ਪੀ ਗਈ ਚਿੰਤੀ ਚੁੱਪਚਾਪ। ਉਸਨੂੰ ਸਿਰਫ ਆਖਿਆ,"ਤੁਸੀਂ ਬਹੁਤਾ ਲਾਡ ਨਾ ਕਰਿਆ ਕਰੋ ਪੁਸ਼ਪਾ ਨੂੰ। ਅੱਜ ਕੱਲ੍ਹ ਦੇ ਬੱਚੇ ਇਹਦੇ ਆਦੀ ਨੀ।"

[illegible] ਦਾ ਯੁੱਧ ਤਾਂ ਕਦੋਂ ਦਾ ਚੱਲ ਰਿਹਾ ਸੀ,ਪਰ ਅਮਰ ਨਾਥ ਨੂੰ ਇਸਦਾ ਪਤਾ ਨਹੀਂ ਸੀ ਚੱਲ ਰਿਹਾ। ਇੱਕ ਤਾਂ ਉਹ ਹੁਣ ਬੱਸ ਡਰਾਈਵਰ ਸੀ ਤੇ ਡਿਊਟੀਆਂ ਬੇਟਾਈਮੀਆਂ ਸਨ;ਦੂਜੇ ਪੁਸ਼ਪਾ ਰਾਣੀ ਬੜੀ ਮੀਸਣੀ ਸੀ,ਉਹਦੇ ਸਾਹਮਣੇ ਬੋਲਦੀ ਨਹੀਂ ਸੀ;ਤੀਜੇ ਚਿੰਤੀ ਸਾਰੇ ਵਾਰ ਆਪਣੇ ਪਿੰਡੇ ਤੇ ਜਰਦੀ ਸੀ,ਉਹਦੇ ਤੀਕ ਗੱਲ ਪੁੱਜਣ ਨਹੀਂ ਸੀ ਦਿੰਦੀ। ਨਤੀਜਾ ਇਹ ਨਿੱਕਲਿਆ ਕਿ ਚਿੰਤੀ ਨੂੰ ਅੰਦਰਲਾ ਗੁਬਾਰ ਖਾ ਗਿਆ ਤੇ ਹਾਰਦੀ ਹੀ ਚਲੀ ਗਈ। ਜਦੋਂ ਪਤਾ ਲੱਗਿਆ ਕਿ ਉਸਨੂੰ ਕੈਂਸਰ ਹੈ ਤਾਂ ਗਦਾਧਾਰੀ ਭੀਮ ਸੈਨ ਪੁਸ਼ਪਾ ਦੇ ਆਖੇ ਲੱਗ ਘਰੋਂ ਚਲਿਆ ਗਿਆ। ਬਹਾਨਾ ? ਬਹੁਤ ਵਧੀਆ !"ਨੌਕਰੀ ਨਾਲ ਤਾਂ ਕੁਝ ਬਣਦਾ ਨਹੀਂ। ਅਸੀਂ ਪੇਪਰ ਸ਼ਾਪ ਲੈਣੀ ਐ। ਕੁਝ ਮਾਇਆ ਵੀ ਢਿੱਲੀ ਕਰੋ।"ਅਮਰ ਨਾਥ ਨੇ ਚਿੰਤੀ ਦੇ ਕਹਿਣ ਤੇ ਪੰਜ ਹਜ਼ਾਰ ਪੌਂਡ ਦੇ ਦਿੱਤਾ।

"ਜਦੋਂ ਦਾ ਮੁੰਡੇ ਦਾ ਵਿਆਹ ਹੋਇਐ। ਮੈਂ ਮੁੰਡੇ ਤੋਂ ਖਬੂ ਤੋਂ ਇੱਕ ਪੈਨੀ ਵੀ ਨਹੀਂ ਲਈ !"ਚਿੰਤੀ ਦੇ ਮੂੰਹੋਂ ਏਡੀ ਵੱਡੀ ਗੱਲ ਸੁਣ ਉਹ ਭੁੱਸ਼ ਗਿਆ। ਪਹਿਲਾਂ ਤਾਂ ਉਸਨੂੰ ਕਹਿਰ ਚੜ੍ਹਿਆ:"ਬਿਨਾਂ ਪੈਸਿਆਂ ਤੋਂ ਇੰਨ੍ਹਾਂ ਹਰਾਮਜ਼ਾਦਿਆਂ ਦੀ ਚਾਕਰੀ ਕਰੀ ਗਈ। ਤੈਨੂੰ ਤਾਂ ਕਦੋਂ ਦੀ ਮਰ ਜਾਣਾ ਚਾਹੀਦਾ ਸੀ।"

ਫਿਰ ਉਹਦੀ ਸੇਵਾ ਕਰਨ ਲਈ ਰੀਟਾਇਰਮੈਂਟ ਤੋਂ ਪਹਿਲਾਂ ਹੀ ਕੰਪਲਸਰੀ ਰੀਟਾਇਰਮੈਂਟ ਲੈ ਲਈ। ਚਿੰਤੀ ਨੇ ਪੁੱਗਣਾ ਹੀ ਸੀ,ਸੋ ਪੁੱਗ ਗਈ। ਲੰਡਨ ਰਹਿੰਦੀ ਧੀ ਹਰ ਰੋਜ਼ ਟੈਲੀਫੋਨ ਕਰ ਲੈਂਦੀ। ਉਹਦੀ ਵੀ ਪੇਪਰ ਸ਼ਾਪ ਸੀ। ਨਿਕਲਿਆ ਕਿੱਥੇ ਜਾਂਦਾ ਸੀ ! ਪਰ ਬੱਚਾ ਕੋਈ ਹੈ ਹੀ ਨਹੀਂ ਸੀ ਤੇ ਪਰਾਹੁਣਾ ਬੜਾ ਬੀਬਾ ਸੀ। ਕੁੜੀ ਦੋ ਮਹੀਨਿਆਂ ਪਿੱਛੋਂ ਆਉਂਦੀ ਤੇ ਹਫਤਾ-ਖੰਡ ਕਟਾ ਜਾਂਦੀ। ਉਹਨੇ ਆਪਣੀ ਚਿੰਤੀ ਦੀ ਪੁੱਜ ਕੇ ਸੇਵਾ ਕੀਤੀ। ਇੰਨੀ ਸੇਵਾ ਕਿ ਉਸਨੂੰ ਆਪ ਦਮਾ ਹੋ ਗਿਆ। ਕੁਰਕਸ਼ੇਤਰ ਦੇ ਮੈਦਾਨ ਵਿਚੋਂ ਜਦੋਂ ਚਿੰਤੀ ਦੀ ਲਾਸ਼ ਉਠੀ ਤਾਂ ਜਾਪਿਆ ਜਿਵੇਂ ਸੂਰਜ ਵੀ ਨਾਲ ਹੀ ਬੁਝ ਗਿਆ....

ਇਹ ਬਾਹਰ ਚੁੰਧਿਆ ਦੇਣ ਵਾਲੀਆਂ ਲਾਈਟਾਂ ਕਿੱਥੋਂ ਜਗ ਪਈਆਂ। ਕੋਚ ਲੰਡਨ ਦੇ ਨੇੜੇ ਪੁੱਜ ਚੱਲੀ ਸੀ। ਮੋਟਰ-ਵੇ ਦੇ ਕਿਨਾਰੇ ਲੱਗੀਆਂ ਲਾਈਟਾਂ ਬਰਫ ਦੀ ਚਮਕ ਨਾਲ ਹਨੇਰੇ ਵਿਚ ਜੁਗਨੂਆਂ ਵਾਂਗ ਟਹਿਕਣ ਲੱਗੀਆਂ। ਕਿੰਨੇ ਪਿਆਰੇ ਲਗਦੇ ਸਨ ਜੁਗਨੂੰ ਉਹਨੂੰ ! ਇਕ ਵਾਰ ਆਪਣੀ ਬੇਬੇ ਨਾਲ ਖੂਹ ਤੋਂ ਮੁੜ ਰਿਹਾ ਸੀ। ਹਨੇਰਾ ਉਤਰ ਆਇਆ ਸੀ। ਪਰ ਸੱਦੂਆਂ ਦੀਆਂ ਪਿਉਂਦੀ ਬੇਰੀਆਂ ਵਿਚ ਜੁਗਨੂੰ ਹੀ ਜੁਗਨੂੰ ਚਮਕ ਰਹੇ ਸਨ। ਉਹ ਖਲੋ ਗਿਆ ਸੀ। ਬੇਬੇ ਬੋਲੀ ਸੀ,"ਅਮਰ,ਖਲੋ ਕਿਉਂ ਗਿਆ ਪੁੱਤ ? ਛੇਤੀ ਕਰ,ਕੁੜੀਆਂ 'ਕੱਲੀਆਂ ਨੇ ਘਰ।"ਰਾਹ ਵਿੱਚ ਦੱਸਦੀ ਆਈ ਸੀ ਬੇਬੇ:"ਤੇਰਾ ਨਾਨਾ ਕਹਿੰਦਾ ਹੁੰਦਾ ਸੀ:ਜੁਗਨੂੰ ਪੋਤੇ ਹੁੰਦੇ ਨੇ। ਪੋਤਿਆਂ ਨਾਲ ਪਿਆਰ ਕਰਨ ਨਾਲ ਜ਼ਿੰਦਗੀ ਜੁਗਨੂੰਆਂ ਨਾਲ ਭਰ ਜਾਂਦੀ ਐ।"

...ਪੋਤੇ ?...ਹਾਂ,ਪੋਤੇ!...ਉਸਨੇ ਵੀ ਪੋਤਿਆਂ ਨਾਲ ਜੁਗਨੂਆਂ ਵਾਂਗ ਪਿਆਰ ਕੀਤਾ ਸੀ। ਹਰ ਨਵੀਂ ਖੇਡ ਉਨ੍ਹਾਂ ਨੂੰ ਲਿਆ ਕੇ ਦਿੰਦਾ ਸੀ ਉਨ੍ਹਾਂ ਨੂੰ ਨਾਲ ਪਾ ਲੈਂਦਾ ਤੇ ਆਪਣੇ ਬਾਪੂ ਦੇ ਖੇਲ੍ਹ 'ਤੇ ਚੜ੍ਹਨ ਬਾਰੇ,ਤਾਏ ਬਿਸ਼ੰਭਰ ਦੀ ਸੂਰਮਗਤੀ ਬਾਰੇ ਤੇ ਆਪਣੇ ਖੇਤਾਂ ਬਾਰੇ ਗੱਲਾਂ ਸੁਣਾਉਂਦਾ। ਹਸ਼ਰ ਕੀ ਹੋਇਆ ? ਪੁਸ਼ਪਾ ਰਾਣੀ ਨੇ ਆਪਣੇ ਪਤੀ ਨੂੰ,ਭੀਮ ਸੈਨ ਨੇ ਚਿੰਤੀ ਨੂੰ ਤੇ ਚਿੰਤੀ ਨੇ ਉਹਨੂੰ ਆਖਿਆ:"ਮੈਂ ਆਪਣੇ ਬੱਚਿਆਂ ਨੂੰ ਜੱਟ-

ਅਗਲੀ ਪੰਨਾ 21 ਉੱਤੇ


# Fine Automotive Ltd.

15220-56th. Ave., Surrey, B.C. V3S 4N7

**Automotive Repairs & Services**

ਕਿਸੇ ਵੀ ਵੱਡੀ ਮੁਰੰਮਤ ਦੇ 10% off ਅਤੇ ਫਰੀ courtesy Car

☐ Tune ups ☐ Brakes ☐ Shocks
☐ Lubrications ☐ Exhaust ☐ Gas
☐ Electrical Welding ☐ Propane Conversion

**Sarjit Hunjan Ph. 576-2014**

**Malkiat Hoonjan** Service Manager

ਪੰਨਾ ੨੦ ਦੀ ਬਾਕੀ

ਬੁਟ ਨਹੀਂ ਬਣਾਣਾ। ਮੈਂ ਤਾਂ ਇਨ੍ਹਾਂ ਨੂੰ ਇਸ ਮੁਲਕ ਵਾਂਗ ਢਾਲਣਾ ਹੈ।"

ਤੇ ਬੱਚੇ ਢਲਦੇ ਢਲਦੇ ਸੌ ਫੀਸਦੀ ਕਾਲੇ ਅੰਗਰੇਜ਼ ਬਣ ਗਏ। ਜਿਸ ਦਿਨ ਪੁਸ਼ਪਾ ਰਾਣੀ ਨੂੰ ਵਿਸ਼ਵਾਸ ਹੋ ਗਿਆ ਕਿ ਉਹਦੇ ਮੁੰਡੇ ਇੱਕ ਵੀ ਸ਼ਬਦ ਪੰਜਾਬੀ ਦਾ ਨਹੀਂ ਬੋਲ ਸਕਦੇ ਅਤੇ ਜਦੋਂ ਕੋਈ ਦੇਸੀ ਬੰਦਾ ਘਰ ਆਉਂਦਾ ਹੈ ਤਾਂ ਬੱਚੇ ਆਪਣੀ ਮਾਂ ਨੂੰ ਜਾ ਕੇ ਇਹ ਕਹਿਣ ਲੱਗ ਪਏ ਹਨ:"ਮੰਮੀ,ਸਮ ਬਲੱਡੀ ਇੰਡੀਅਨ!"...ਉਸ ਦਿਨ ਪੁਸ਼ਪਾ ਅੰਤਾਂ ਦੀ ਪ੍ਰਸੰਨ ਹੋਈ ਅਤੇ ਉਸੇ ਹਫਤੇ ਹੇਅਰ ਡਰੈਸਰ ਦੇ ਜਾ ਆਪਣ ਵਾਲ ਕਟਵਾ ਦਿੱਤੇ ਅਤੇ ਨਾਲ ਆਪਣੇ ਪਤੀ ਦੀਆਂ ਮੁੱਛਾਂ ਵੀ। ਉਸੇ ਐਤਵਾਰ ਨੂੰ ਲੀਡਜ਼ ਰੋਡ ਮੰਦਰ ਵਿੱਚ ਆਰਤੀ ਕਰਵਾਈ ਗਈ ਅਤੇ ਆਪਣੇ ਵਰਗੀਆਂ ਹੋਰਾਂ ਨੂੰ ਮਹਾਂ ਪ੍ਰਸੰਨਤਾ ਦੇ ਵੇਗ ਵਿਚ ਆਖਿਆ ਸੀ,"ਹਮਾਰੀ ਫੈਮਿਲੀ ਤੋ ਅਬ ਏਕ ਆਦਰਸ਼ਕ ਹਿੰਦੂ ਫੈਮਿਲੀ ਹੈ !"

ਚਿੰਤੀ ਦੀ ਮੌਤ ਨਾਲ ਉਹ ਬਿਲਕੁਲ ਟੁੱਟ ਗਿਆ ਸੀ ਤੇ ਦਮੇ ਦੇ ਪਰਿਵਾਰ ਵਲੋਂ ਅੰਤਾਂ ਦੀ ਬੇਰੁਖੀ ਨੇ ਉਸਨੂੰ ਇਨਾ ਹਰਾ ਤੇ ਇਕੱਲਾ ਕਰ ਦਿੱਤਾ ਕਿ ਉਸਨੂੰ ਆਪਣਾ ਆਪ ਬੇਲੋੜਾ ਜਿਹਾ ਜਾਪਣ ਲੱਗ ਪਿਆ। ਪਰ ਉਸਨੇ ਚਾਲੀ ਸਾਲ ਕਿਰਤ ਕੀਤੀ ਸੀ ਤੇ ਏਡੀ ਮਹਾਨ ਔਰਤ ਦਾ ਸਾਥ ਮਾਣਿਆ ਸੀ ਕਿ ਉਹ ਵਿਚਾਰਾ ਬਣ ਕੇ ਮੌਤ ਨਹੀਂ ਸੀ ਉਡੀਕਣਾ ਚਾਹੁੰਦਾ। ਇਸੇ ਲਈ ਉਹ ਘਰੋਂ ਨਿੱਕਲ ਤੇਰਿਆ ਸੀ ਕਿ ਸ਼ਾਇਦ ਕੋਈ ਜੀਵਨ-ਚਿਣੰਗ ਉਹਦੇ ਲਈ ਬਾਕੀ ਬਚੀ ਪਈ ਹੋਵੇ ਕਿਤੇ। ਉਸਨੂੰ ਲੰਡਨ ਦੀਆਂ ਲਾਈਟਾਂ ਮੱਧਮ ਤਾਂ ਜਾਪਦੀਆਂਸਨ ਪਰ ਬੁਝੀਆਂ ਹੋਈਆਂ ਨਹੀਂ ਸਨ।

ਤੇ ਉਹ ਆਪਣੀ ਧੀ ਸੁਦੇਸ਼ ਦੇ ਘਰ ਪੁੱਜ ਗਿਆ।

ਧੀ ਵਾਹੋਦਾਹੀ ਨੱਸੀ ਤੇ ਆਪਣੇ ਬਾਪ ਨੂੰ ਚਿੰਬੜ ਗਈ। ਇਸੇ ਤਰ੍ਹਾਂ ਪਰਾਹੁਣਾ ਮੋਹਣ,ਗੋਡੀਂ ਹੱਥ ਲਾ ਉਸ ਨਾਲ ਬਗਲਗੀਰ ਹੁੰਦਿਆਂ ਬੋਲਿਆ,"ਭਾਪਾ ਜੀ,ਤੁਸੀਂ ਤਾਂ ਬਿਲਕੁਲ ਹਾਰ ਗਏ। ਤਬੀਅਤ ਤਾਂ ਠੀਕ ਏ ਨਾ ?"

"ਹਾਂ!"ਬੱਸ ਏਨਾ ਹੀ ਜਵਾਬ ਦਿੱਤਾ ਸੀ ਮਹਾਂਭਾਰਤ ਦੇ ਯੋਧੇ ਨੇ। ਇਸ ਜਵਾਬ ਵਿੱਚ ਸਾਰੇ ਹੀ ਜਵਾਬ ਮੌਜੂਦ ਸਨ।

ਧੀ ਤੇ ਜੁਆਈ ਨੇ ਰਾਤ ਨੂੰ ਕੋਲ ਬਿਠਾ ਉਸਨੂੰ ਬੜੇ ਆਦਰ ਨਾਲ ਆਖਿਆ,"ਭਾਪਾ ਜੀ,ਤੁਸੀਂ ਪੁਰਾਣੀਆਂ ਘਸੀਆਂ ਪਿਟੀਆਂ ਰਸਮਾਂ-ਰੀਤਾਂ ਛੱਡ ਦੇਵੋ ਕਿ ਧੀ ਕੋਲ ਕਿਉਂ ਰਹੀਏ। ਅਸੀਂ ਤਾਂ ਦੋਵੇਂ ਗਰੌਸਰੀ ਦੀ ਸ਼ੌਪ ਵਿਚ ਰੁੱਝੇ ਰਹਿੰਦੇ ਹਾਂ। ਉਪਰ ਥਾਂ ਸੁੱਖ ਨਾਲ ਬਥੇਰੀ ਖੁੱਲ੍ਹੀ ਐ। ਸਾਡੇ ਕੋਲ ਰਹੋ। ਸਾਡਾ ਵੀ ਜੀਅ ਲੱਗਿਆ ਰਹੇਗਾ।"

ਅਮਰ ਨਾਥ ਪਸੀਜ ਗਿਆ ਤੇ ਉਹਦੀਆਂ ਅੱਖਾਂ ਭਰ ਆਈਆਂ। ਕਿੰਨੇ ਸਾਲ ਬੀਤ ਗਏ ਨੇ! ਮਹਾਰਾਜ ਕੁੜੀ ਨੂੰ ਕੋਈ ਬੱਚਾ ਹੀ ਦੇ ਦਿੰਦਾ ਉਹਦੀਆਂ ਅੱਖਾਂ ਹੋਰ ਭਰ ਗਈਆਂ ਤੇ ਭਰੀਆਂ ਅੱਖਾਂ ਧੀ ਨੇ ਪਛਾਣ ਲਈਆਂ। ਮਾਂ ਤੇ ਪਤਨੀ ਤੋਂ ਬਾਦ ਜੇ ਕੋਈ ਬਾਪ ਦੀ ਨਾੜ-ਨਾੜ ਨੂੰ ਪਛਾਣਦਾ ਹੈ ਤਾਂ ਉਹ ਧੀ ਹੁੰਦੀ ਹੈ। ਉਸਨੇ ਆਪਣੇ ਪਿਆਰੇ ਤੇ ਦੁੱਖੀ ਭਾਪਾ ਜੀ ਨੂੰ ਜ਼ਰਾ ਰੰਗ ਵਿੱਚ ਲਿਆਉਣ ਲਈ ਅਵਾਜ਼ ਦਿੱਤੀ,"ਬਾਊਂਸਰ,ਏ ਬਾਊਂਸਰ ! ਏਧਰ ਆਂ;ਵੇਖ ਭਾਪਾ ਜੀ ਆਏ ਨੇ। ਆ,ਪੈਰੀਂ ਹੱਥ ਲਾ ਇਨ੍ਹਾਂ ਦੇ।"

ਅਮਰ ਨਾਥ ਨੇ ਬਾਊਂਸਰ ਤੋਂ ਹਿਸਾਬ ਲਾਇਆ ਕਿ ਥੈਚਰ ਦੇ ਰਾਜ ਵਿਚ ਚੋਰੀਆਂ ਤੇ ਖੋਹਾਂ ਬਹੁਤ ਹੁੰਦੀਆਂ ਨੇ। ਕੁੜੀ ਦੀ ਰਾਖੀ ਲਈ ਰੱਖਿਆ ਹੋਵੇਗਾ ਬਾਊਂਸਰ...

ਪਰ ਉਹ ਹੈਰਾਨ ਰਹਿ ਗਿਆ ਜਦੋਂ ਇਕ ਸ਼ੇਰ ਵਰਗਾ ਕੁੱਤਾ ਪੂੰਛ ਹਿਲਾਉਂਦਾ ਆਇਆ ਤੇ ਉਸਦੇ ਪੈਰਾਂ ਤੇ ਸਿਰ ਰੱਖ ਦਿੱਤਾ।

"ਸੁਦੇਸ਼,ਕਮਾਲ ਐ ! ਇੰਨਾ ਸੋਹਣਾ ਕੁੱਤਾ ਤੇ ਇੰਨਾ ਆਗਿਆਕਾਰ !"

"ਭਾਪਾ ਜੀ,ਅਜੇ ਹੋਰ ਕਮਾਲ ਵੇਖੋ !"..."ਬਾਊਂਸਰ,ਹੱਥ ਮਿਲਾ ਭਾਪਾ ਜੀ ਨਾਲ ਤੇ ਫਿਰ ਇਨ੍ਹਾਂ ਦੇ ਕੋਲ ਬੈਠ ਜਾ।"

ਕੁੱਤਾ ਆਇਆ,ਹੱਥ ਮਿਲਾਇਆ ਤੇ ਕੋਲ ਬਹਿ ਗਿਆ। ਅਮਰ ਨਾਥ ਖੁਸ਼ ਹੋ ਕੇ ਕਹਿਣ ਲੱਗਿਆ,"ਕਮਾਲ ਐ ! ਇਹ ਤਾਂ ਪੰਜਾਬੀ ਵੀ ਚੰਗੀ ਤਰ੍ਹਾਂ ਸਮਝ ਲੈਂਦੈ।"

ਇੰਨੇ ਨੂੰ ਬੈਲ ਹੋਈ ਤੇ ਸੁਦੇਸ਼ ਆਖਣ ਲੱਗੀ,"ਬਾਊਂਸਰ ਵੇਖ,ਕੌਣ ਏ ਦੁਕਾਨ 'ਚ !"

ਬਾਊਂਸਰ ਗਿਆ ਤੇ ਵਾਪਸ ਆ ਸੁਦੇਸ਼ ਨੂੰ ਦੁਕਾਨ ਵਿਚ ਨੂੰ ਖਿਚੂਣ ਲੱਗਿਆ। "ਕੋਈ ਗਾਹਕ ਏ,ਭਾਪਾ ਜੀ। ਮੈਂ ਹੁਣੇ ਆਈ।"

ਜਦੋਂ ਸੁਦੇਸ਼ ਵਾਪਸ ਆਈ ਤਾਂ ਅਮਰ ਨਾਥ ਆਖਣ ਲੱਗਿਆ,"ਸੁਦੇਸ਼,ਇਹ ਕੁੱਤਾ ਕਾਹਦੈ,ਇਹ ਤਾਂ ਪੂਰਾ ਆਦਮੀ ਐ। ਅੱਜ ਕੱਲ੍ਹ ਦੇ ਨਿਆਣਿਆਂ ਨਾਲੋਂ ਕਿਤੇ ਚੰਗਾ,ਜਿਹੜਾ ਪੰਜਾਬੀ ਤਾਂ ਸਮਝਦੈ ਪਰ ਬੇਟਾ,ਮੈਨੂੰ ਇਹਦਾ ਨਾਂ ਪਸੰਦ ਨੀ। ਬਾਊਂਸਰ ਐਵੇਂ ਜ਼ਾਲਮ ਜਿਹਾ ਨਾਂ ਲਗਦੈ..."

"ਠੀਕ ਏ,ਭਾਪਾ ਜੀ,ਜਿਹੜਾ ਨਾਂ ਤੁਹਾਨੂੰ ਪਸੰਦ ਏ,ਰੱਖ ਲਵੋ।"

"ਮੈਨੂੰ ਤਾਂ ਬੇਟਾ,ਮੋਤੀ ਨਾਂ ਪਸੰਦ ਐ।"

ਸੁਦੇਸ਼ ਨੇ ਕੁੱਤੇ ਨੂੰ ਕੋਲ ਬੁਲਾਇਆ ਤੇ ਉਹਦੇ ਕੰਨ ਕੋਲ ਮੂੰਹ ਕਰਕੇ ਆਖਣ ਲੱਗੀ,"ਵੇਖ,ਅੱਜ ਤੋਂ ਤੇਰਾ ਨਾਂ ਮੋਤੀ ਏ ਮੋਤੀ...ਸਮਝਿਆ ?"

ਮੋਤੀ ਨੇ ਸਿਰ ਹਿਲਾ ਨਵੇਂ ਨਾਂ ਦੀ ਮਨਜ਼ੂਰੀ ਦੇ ਦਿੱਤੀ।

ਇਸ ਘਟਨਾ ਨੂੰ ਕਈ ਹਫਤੇ ਲੰਘ ਗਏ। ਬਰਫ ਬਿਲਕੁਲ ਢਲ ਗਈ ਸੀ। ਹਵਾ ਵੀ ਸ਼ੇਸ਼ ਨਾਗ ਵਾਂਗ ਸ਼ੂਕਾਂ ਨਹੀਂ ਸੀ ਪਾ ਰਹੀ। ਦਿਨ ਫਿਰ ਗਏ ਸਨ। ਪਰ ਬਰੈਡਫੋਰਡ ਦੇ ਇੰਡੀਅਨ ਹਲਕਿਆਂ ਵਿੱਚ ਕੀ ਮੰਦਰ,ਕੀ ਗੁਰਦੁਆਰੇ ਅਤੇ ਕੀ ਪੱਬਾਂ ਵਿੱਚ ਇੱਕ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਕਿ ਜੰਡਾਲੀ ਵਾਲਾ ਪੰਡਤ ਅਮਰ ਨਾਥ ਇੱਕ ਕੁੱਤਾ ਲਿਆਇਆ ਹੈ ਜਿਸਦਾ ਨਾਂ ਮੋਤੀ ਹੈ। ਆਏ ਗਏ ਨਾਲ ਹੱਥ ਮਿਲਾਉਂਦਾ ਤੇ ਪੈਰੀਂ ਹੱਥ ਲਾਉਂਦਾ ਹੈ। ਚੰਗੀ ਤਰ੍ਹਾਂ ਪੰਜਾਬੀ ਸਮਝਦਾ ਹੈ। ਇਸਦਾ ਹਸ਼ਰ ਇਹ ਹੋ ਰਿਹਾ ਹੈ ਕਿ ਰੀਟਾਇਰਡ ਬਜ਼ੁਰਗ,ਜਿਨ੍ਹਾਂ ਦੇ ਨੂੰਹ-ਪੁੱਤ ਦਿਨ-ਰਾਤ ਰਾਣੀ ਦੀ ਮੂਰਤ ਵਾਲੇ ਨੋਟ ਇਕੱਠੇ ਕਰਨ ਵਿੱਚ ਮਗਨ ਹਨ ਤੇ ਜਿਨ੍ਹਾਂ ਦੇ ਪੋਤੇ-ਪੋਤੀਆਂ ਪੰਜਾਬੀ ਨਹੀਂ ਬੋਲਦੇ ਤੇ ਸਮਝਦੇ ਤੇ ਨਾ ਹੀ ਉਨ੍ਹਾਂ ਦੀ ਦੇਖ ਭਾਲ ਕਰਦੇ ਹਨ...ਉਹ ਬਜ਼ੁਰਗ ਟੋਲੀਆਂ ਬਣਾ ਬਣਾ ਅਮਰ ਨਾਥ ਦੀ ਯਾਤਰਾ ਨੂੰ ਜਾ ਰਹੇ ਹਨ।

## ਡਾ.ਅੰਮ੍ਰਿਤ ਸਿੰਘ ਦੀ ਚਿੱਠੀ ਦੇ ਜਵਾਬ'ਚ ਇਕ ਪਾਠਕ ਦਾ ਪ੍ਰਤੀਕਰਮ

ਕੈਨੇਡਾ ਦਰਪਣ 'ਚ ਛਪੇ ਰਛਪਾਲ ਸਿੰਘ ਰਾਮੂੰਵਾਲੀਆ ਦੇ ਲੇਖ ਕੈਨੇਡਾ ਦੀ ਪੰਜਾਬੀ ਕਵਿਤਾ'ਦੇ ਉੱਤਰ ਵਿੱਚ ਯੁਬਾ ਸਿਟੀ ਤੋਂ ਡਾ.ਅੰਮ੍ਰਿਤ ਸਿੰਘ ਨੇ ਰਾਮੂੰਵਾਲੀਏ ਦੇ ਨਾਂ ਖੁੱਲ੍ਹੀ ਚਿੱਠੀ ਲਿਖੀ ਹੈ। ਇਸ ਚਿੱਠੀ ਵਿਚ ਕਈ ਮਹੱਤਵਪੂਰਨ ਨੁਕਤੇ ਉਠਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਰਛਪਾਲ ਦੀ ਕੈਨੇਡਾ ਦੀ ਕਵਿਤਾ ਵਾਰੇ ਆਲੋਚਨਾ ਹੋਰ ਵਿਸਥਾਰ ਦੀ ਮੰਗ ਕਰਦੀ ਸੀ। ਕੁੱਝ ਕਵੀਆਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਅਤੇ ਕੁੱਝ ਨੂੰ ਲੋੜੋਂ ਵੱਧ ਅਹਿਮੀਅਤ ਦਿੱਤੀ ਗਈ ਹੈ ਪਰ ਡਾ.ਅੰਮ੍ਰਿਤ ਸਿੰਘ ਦੀ ਇਸ ਚਿੱਠੀ ਦਾ ਮੰਤਵ ਵੀ ਕੁੱਝ ਖਾਸ ਵਿਅਕਤੀਆਂ ਨੂੰ ਧੱਕੇ ਨਾਲ ਕਵੀ ਸਿੱਧ ਕਰਨ ਦਾ ਲੱਗਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਤੁੱਕਬੰਦੀ ਵਾਲੀ ਕਵਿਤਾ ਵੀ ਵਧੀਆ ਕਵਿਤਾ ਹੋ ਸਕਦੀ ਹੈ। ਤੁੱਕਬੰਦੀ ਤੋਂ ਇਥੇ ਸਾਡਾ ਮਤਲਬ ਤੁਕਾਂਤ ਅਤੇ ਲੈਅ ਤੋਂ ਹੈ। ਇਸਦਾ ਮਤਲਬ ਇਹ ਨਹੀਂ ਕਿ ਹਰ ਤੁੱਕਬੰਦੀ ਕਰਨ ਵਾਲਾ ਕਵੀ ਬੁੱਲ੍ਹੇਸ਼ਾਹ,ਵਾਰਸ ਸ਼ਾਹ ਜਾਂ ਸ਼ਿਵ ਕੁਮਾਰ ਜਿੰਨੀਆਂ ਬੁਲੰਦੀਆਂ ਛੂਹ ਸਕੇ। ਬੁੱਲ੍ਹੇਸ਼ਾਹ ਜਾਂ ਵਾਰਸ ਸ਼ਾਹ ਦੀ ਕਵਿਤਾ ਦੀ ਕਦਰ ਅਜੇ ਵੀ ਪਹਿਲਾਂ ਜਿੰਨੀ ਹੀ ਹੈ,ਪਰ ਅਜਿਹੇ ਬਹੁਤ ਤੁੱਕਬੰਦੀ ਵਾਲੇ ਕਵੀ ਹੋਏ ਹਨ ਜਿਨ੍ਹਾਂ ਨੂੰ ਕੋਈ ਨਹੀਂ ਜਾਣਦਾ।

ਬਾਕੀ ਜੇ ਕੋਈ ਵਿਅਕਤੀ ਸਰਕਾਰੀ ਇਨਾਮ ਲੈ ਲਵੇ ਤਾਂ ਇਦਾ ਮਤਲਬ ਇਹ ਨਹੀਂ ਕਿ ਉਹ ਮਹਾਨ ਕਵੀ ਹੋ ਗਿਆ ਹੈ। ਸਭ ਜਾਣਦੇ ਹਨ ਕਿ ਇਹ ਸਰਕਾਰੀ ਇਨਾਮ ਕਿਵੇਂ ਮਿਲਦੇ ਹਨ। ਡਾ.ਅੰਮ੍ਰਿਤ ਸਿੰਘ ਨੇ ਜਿਸ ਵਿਅਕਤੀ ਨੂੰ ਇਸ ਇਨਾਮ ਨਾਲ ਸਬੰਧਤ ਕੀਤਾ ਹੈ,ਉਸ ਵਾਰੇ ਕੌਣ ਨਹੀਂ ਜਾਣਦਾ ? ਭਾਰਤ ਸਰਕਾਰ ਦੀ ਨੌਕਰੀ ਕਰਦੇ ਰਹੇ ਇਸ ਵਿਅਕਤੀ ਨੂੰ ਇਹ ਇਨਾਮ ਲੈਣ ਲਈ ਪਤਾ ਨਹੀਂ ਕੀ ਕੀ ਪਾਪੜ ਵੇਲਣੇ ਪਏ ਹੋਣਗੇ ਇੱਕ ਗੱਲ ਹੋਰ,ਇਹ ਇਨਾਮ ਉਸਨੂੰ ਭਾਰਤ 'ਚ ਰਹਿ ਕੇ ਕਵਿਤਾ ਲਿਖਣ ਕਰਕੇ ਮਿਲਿਆ ਹੋਵੇਗਾ ਨਾ ਕਿ ਕੈਨੇਡਾ 'ਚ। ਇਸ ਦੀ ਜਿੰਨੀ ਪ੍ਰਸੰਸਾ ਇਸ ਚਿੱਠੀ ਵਿਚ ਕੀਤੀ ਗਈ ਹੈ ਕੀ ਡਾ.ਅੰਮ੍ਰਿਤ ਸਿੰਘ ਇਹ ਦੱਸਣ ਦੀ ਖੇਚਲ ਕਰਨਗੇ ਕਿ ਕੈਨੇਡਾ ਦੇ ਪੰਜਾਬੀ ਸਾਹਿਤ ਨੂੰ ਅਜਿਹੇ ਕਵੀਆਂ ਦੀ ਕੀ ਦੇਣ ਹੈ। ਮੇਰੇ ਖਿਆਲ 'ਚ ਇਸ ਤਰ੍ਹਾਂ ਦੇ ਵਿਅਕਤੀਆਂ ਦੇ ਨਿੱਜੀ ਚਰਿੱਤਰ ਵਾਰੇ ਡਾ.ਹੋਰੀਂ ਚੰਗੀ ਤਰ੍ਹਾਂ ਜਾਣਦੇ ਹੋਵੋਗੇ। ਫਿਰਕੂ ਜਹਿਨੀਅਤ ਅਤੇ ਮੌਕਾ ਪ੍ਰਸਤ ਵਿਅਕਤੀਆਂ ਨੂੰ ਮਹਾਨ ਕਵੀ ਦਰਸਾਉਣ ਪਿੱਛੇ ਤੁਹਾਡਾ ਕੀ ਮੰਤਵ ਹੈ,ਅਸੀਂ ਕੁੱਝ ਨਹੀਂ ਕਹਿ ਸਕਦੇ। ਸਾਰੀ ਉਮਰ ਇਹ ਲੋਕ ਭਾਰਤ ਸਰਕਾਰ ਦੇ ਧੁਤਰੂ ਬਣ ਕੇ ਪ੍ਰਚਾਰ ਕਰਦੇ ਰਹੇ ਹਨ ਜਿਸਦੀ ਇਹ ਹੁਣ ਕਿਸੇ ਖਾਸ ਮੰਤਵ ਲਈ ਮਿੱਟੀ ਪੁੱਟ ਰਹੇ ਹਨ। ਕਿਸੇ ਵੀ ਸਾਹਿਤਕਾਰ ਦੀ ਕਿਰਤ ਨੂੰ ਉਸਦੀ ਨਿੱਜੀ ਜ਼ਿੰਦਗੀ ਤੋਂ ਵੱਖ ਕਰ ਕੇ ਨਹੀਂ ਦੇਖਿਆ ਜਾ ਸਕਦਾ। ਜੇ ਤੁਹਾਨੂੰ ਇਹੋ ਜਿਹੇ ਫਿਰਕੂ ਵਿਅਕਤੀਆਂ ਨੂੰ ਮਹਾਨ ਕਵੀ ਸਿੱਧ ਕਰਨ ਦੀ ਲੋੜ ਮਹਿਸੂਸ ਹੋਈ ਹੈ ਤਾਂ ਤੁਹਾਡੀ ਸੋਚ ਤੁਹਾਨੂੰ ਮੁਬਾਰਕ।

**ਕੈਨੇਡਾ ਦਰਪਣ ਦਾ ਇੱਕ ਪਾਠਕ**
**ਜਸਵਿੰਦਰ ਸਿੰਘ ਹੇਅਰ**
**ਸਰੀ**

## ਮੁਹੱਬਤਨਾਮੇ

## ਭੂਚਾਲ ਆਉਣ ਨਾਲ 100 ਮਰੇ

ਕੁਟੋ:—ਇਕਾਡੋਰ ਦੀ ਰਾਜਧਾਨੀ ਕੁਟੋ ਤੋਂ 110 ਕਿਲੋਮੀਟਰ ਦੂਰ ਟੈਨਾ ਸ਼ਹਿਰ 'ਚ ਭੂਚਾਲ ਅਤੇ ਹੜ੍ਹ ਆਉਣ ਨਾਲ 100 ਤੋਂ ਵੱਧ ਲੋਕ ਮਾਰੇ ਗਏ ਅਤੇ 15000 ਲੋਕ ਬੇਘਰ ਹੋ ਗਏ ਹਨ।

ਖਬਰਾਂ ਅਨੁਸਾਰ ਭੂਚਾਲ ਆਉਣ ਨਾਲ ਇਕ ਦਰਿਆ ਦਾ ਬੰਨ੍ਹ ਟੁੱਟ ਗਿਆ ਅਤੇ ਪਾਣੀ ਸ਼ਹਿਰ 'ਚ ਆ ਵੜਿਆ। ਸ਼ਹਿਰ ਦੇ ਮੇਅਰ ਕਾਰਲੋਸ ਔਨਾਟੇ ਨੇ ਕਿਹਾ ਕਿ ਪਾਣੀ ਦੇ ਭਾਰੀ ਵਹਾਅ ਨੇ ਬੰਨ੍ਹ ਤੋੜ ਦਿੱਤੇ ਅਤੇ ਲਗਭੱਗ 15000 ਘਰ ਰੁੜ੍ਹ ਗਏ।

ਇਸ ਹੜ੍ਹ ਨਾਲ 40 ਕਿਲੋਮੀਟਰ ਲੰਮੀ ਇਕ ਪਾਈਪ ਲਾਈਨ ਵੀ ਰੁੜ੍ਹ ਗਈ।

### ਗਜ਼ਲ

ਕਦੋਂ ਤੱਕ ਜੀਵੋਗੇ ਆਸਾਂ ਦੇ ਸਹਾਰੇ,
ਨਾ ਸਮਝੋਗੇ ਕਦ ਤੱਕ ਲਹਿਰਾਂ ਦੇ ਹੁਲਾਰੇ।

ਇੱਕ ਦਿਨ ਤਾਂ ਟੁੱਟੇਗੀ,ਇਸ਼ਾਵਾਂ ਦੀ ਆਸ਼ਾ,
ਤਾਂ ਸਮਝੋਗੇ "ਚਾਅ""ਸਧਰਾਂ" ਕਿਸਨੇ ਲਿਤਾੜੇ ?

ਬਚਾਉਗੇ ਕਦ ਤੱਕ ਆਪਣੀ ਅਸਲੀਅਤ ਤੋਂ ਕੰਡ,
ਜਦੋਂ ਜਾਬਰ ਆ ਸਿਰ ਤੇ ਮਾਰੇ ਕਿ ਮਾਰੇ ?

ਹਰ ਮੌਸਮ ਦੀ ਹਵਾ ਤਾਂ ਗਰਮ ਹੋ ਰਹੀ ਹੈ,
ਤਾਂ ਕਦ ਤੱਕ ਜੀਉਗੇ "ਠੰਡਾਂ"ਦੇ ਸਹਾਰੇ ?

ਬਹਾਰ ਦੇ ਸਾਏ ਤੇ ਰੁੱਤ ਜਿਭਾ ਹੋ ਰਹੀ ਹੈ,
ਕਿਸ ਅੱਧ ਖਿੜੇ ਬਸੰਤ ਦੇ ਫੁੱਲ ਲਿਤਾੜੇ ?

ਕਾਤਲ ਅਸਾਡੇ ਸਿਰ ਅਸਾਡੇ ਤੇ ਆਏ,
ਇੰਝ ਨਾ ਜੀਉ,ਤੇ ਕਰੋ "ਸੱਚ"ਤੋਂ ਕਿਨਾਰੇ।

ਰਾਜ ਕੰਵਲ ਬਕਾਲਵੀ
ਕੈਲਗਰੀ

## ਚੀਨ ਨਾਲ ਚੰਗੇ ਸਬੰਧਾਂ 'ਤੇ ਜ਼ੋਰ

ਹਨੋਈ:—ਸੋਵੀਅਤ ਯੂਨੀਅਨ ਅਤੇ ਵੀਅਤਨਾਮ ਨੇ ਇੱਕ ਸਾਂਝੇ ਬਿਆਨ ਵਿਚ ਚੀਨ ਨਾਲ ਚੰਗੇ ਸਬੰਧਾਂ 'ਤੇ ਜ਼ੋਰ ਦਿੱਤਾ ਹੈ।

ਸੋਵੀਅਤ ਯੂਨੀਅਨ ਦੇ ਬਿਦੇਸ਼ ਮੰਤਰੀ ਇਸ ਵੇਲੇ ਵੀਅਤਨਾਮ ਦੇ ਦੌਰੇ 'ਤੇ ਹਨ। ਵੀਅਤਨਾਮ ਦੇ ਬਿਦੇਸ਼ ਮੰਤਰੀ ਨਾਲ ਗੱਲਬਾਤ ਤੋਂ ਬਾਅਦ ਇਹ ਬਿਆਨ ਜਾਰੀ ਕੀਤਾ ਗਿਆ। ਬਿਆਨ 'ਚ ਕਿਹਾ ਗਿਆ ਹੈ ਕਿ ਇਨ੍ਹਾਂ ਮੁਲਕਾਂ ਦੇ ਸਹਿਯੋਗ ਨਾਲ ਏਸ਼ੀਆ 'ਚ ਸ਼ਾਤੀ ਕਾਇਮ ਕਰਨ ਲਈ ਮਹੱਤਵਪੂਰਨ ਕਦਮ ਚੁੱਕੇ ਜਾ ਸਕਦੇ ਹਨ।

ਇਹ ਵਰਨਣਯੋਗ ਹੈ ਕਿ ਚੀਨ ਅਤੇ ਵੀਅਤਨਾਮ ਦੀ ਸਰਹੱਦ 'ਤੇ ਤਣਾਉ ਹੋਣ ਦੇ ਬਾਵਜੂਦ ਵੀ ਵੀਅਤਨਾਮ ਨੇ ਚੀਨ ਨਾਲ ਸਹਿਯੋਗ ਦੀ ਪੇਸ਼ਕਸ਼ ਕੀਤੀ ਹੈ।


THINKING OF BUYING or SELLING
(RESIDENTIAL, COMMERCIAL, FARMS & INDUSTRIAL)

L/R
Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE



Call
NIRMAL (NEIL) DHALIWAL
Bus: 588-9955 Res: 597-2069
I know the signs of a good neighbourhood.
If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully


### ਨੇੜੇ ਤੇੜੇ



ਬਰਨਾਲਾ ਜੀ ਮੋਢਾ ਨਾ ਹਿਲਾਉਣਾ, ਮੇਰਾ ਨਿਸ਼ਾਨਾ ਠੀਕ ਬੈਠਿਆ ਹੋਇਆ ਹੈ।

## ਸੰਕਟ-1987

ਸੁਖਿੰਦਰ

ਬੇਰਹਿਮ ਸਮਿਆਂ ਵਿੱਚ
ਇੱਕ ਸ਼ਬਦ ਨੇ ਹੀ
ਸਾਨੂੰ ਬੌਣੇ ਬਣਾ ਦਿੱਤਾ ਹੈ—

ਲੇਖਕ ਹਨ—
ਸਮੇਂ ਦੀ ਨਜ਼ਾਕਤ ਨੂੰ ਸਮਝ
ਆਪਣੇ ਆਪ,ਰਾਤੋ ਰਾਤ,ਗਿੱਠ ਗਿੱਠ ਵੱਧ ਗਈਆਂ
ਮੌਸਮੀ ਸੰਗੀਤ ਦੀਆਂ ਧੁਨਾਂ ਸੰਗ
ਹਵਾ ਵਿੱਚ ਰੰਗੀਨ ਪਰਚਮਾਂ ਵਾਂਗ ਲਹਿਰਾਉਂਦੀਆਂ
ਆਪਣੀਆਂ,ਖੱਚਰੀਆਂ ਦਾਹੜੀਆਂਦੀ ਲੰਬਾਈ 'ਚੋਂ
ਆਪਣੀਆਂ ਤਿਰਛੀਆਂ,ਬਗਲੇ ਭਗਤੀ ਨਜ਼ਰਾਂ ਸੰਗ
ਆਪਣੇ ਭਵਿੱਖ ਦੇ ਸੁਪਣਿਆਂ ਦੀ ਪੂਰਤੀ ਨਾਪਦੇ ਹੋਏ
ਚੀਖਦੇ ਹਨ:ਸੰਕਟ ਹੈ

ਖੋਜੀ ਹਨ—
ਵਿਸ਼ੇ ਦੀ ਖੋਜ ਵਿੱਚ
ਮਨ ਦੀਆਂ ਸੜਕਾਂ ਉੱਤੇ
ਸਰਪੱਟ ਦੌੜਦੇ
ਸਾਹੋ ਸਾਹ ਹੋ

ਆਖੀਰ !
'ਲੰਗਰ ਦੀਆਂ ਰੋਟੀਆਂ ਵਿੱਚ ਵਰਤੇ ਜਾਂਦੇ ਆਟੇ ਦੀਆਂ ਕਿਸਮਾਂ
ਜਾਂ 'ਮੌਜੂਦਾ ਸਥਿਤੀਆਂ ਵਿੱਚ ਲੰਗਰ ਦੀ ਦਾਲ 'ਚੋਂ
ਕੌੜਕੂ ਲੱਭਣ ਦੀ ਸਮੱਸਿਆ 'ਜਿਹੇ
ਪਰ—ਆਧੁਨਿਕ ਵਿਸ਼ਿਆਂ ਵਿੱਚ ਉਲਝੇ ਹੋਏ
ਚੀਖਦੇ ਹਨ:ਸੰਕਟ ਹੈ

ਸ਼ਬਦਾਂ ਦੇ ਵਪਾਰੀ ਹਨ—
ਆਪਣੀ ਉਮਰ ਦੇ ਅਖੀਰਲੇ ਵਰ੍ਹਿਆਂ ਵਿੱਚ
ਕਿਸੇ ਅਦਿਸ ਭੈਅ ਨਾਲ ਕੰਬਦੇ ਹੋਏ
ਉਮਰ ਭਰ ਆਪਣੀਆਂ ਲਿਖਤਾਂ ਅਤੇ ਪ੍ਰਾਪਤੀਆਂ ਵਿੱਚ ਕੀਤੇ
ਸੱਚ ਦੇ ਰਾਹ ਦੀ ਤਲਾਸ਼ ਨੂੰ ਝੂਠ ਗਰਦਾਨਦੇ
ਧਰਮ ਧਰਮ ਕੂਕਦੇ,ਹਾਲੋਂ ਬੇਹਾਲ
ਹਨ੍ਹੇਰੀਆਂ ਗੁਫਾਵਾਂ ਦੇ ਦਰਵਾਜ਼ਿਆਂ ਮੂਹਰੇ ਨੱਕ ਰਗੜਦੇ ਹੋਏ
ਚੀਖਦੇ ਹਨ:ਸੰਕਟ ਹੈ

ਪੱਤਰਕਾਰ ਹਨ—
ਸਿਗਰਟਾਂ ਦੀਆਂ ਡੱਬੀਆਂ ਉੱਤੇ ਲਿਖੀ ਇਬਾਰਤ
'ਇਹ ਸਿਹਤ ਲਈ ਹਾਨੀਕਾਰਕ ਹੈ'ਵਾਂਗ

'ਧਰਮ ਇੱਕ ਅਫੀਮ ਹੈ'ਵਰਗੇ ਸ਼ਬਦਾਂ ਨਾਲ
ਨਿੱਤ ਆਪਣੀ ਪਤਰਕਾ ਦੇ ਸਫੇ ਕਾਲੇ ਕਰਦਿਆਂ
ਇਸ਼ਤਿਹਾਰਾਂ ਦੀ ਪ੍ਰਾਪਤੀ ਲਈ ਵੱਧ ਰਹੀ ਦੌੜ ਵਿੱਚ
ਧਾਰਮਕ ਸੰਸਥਾਵਾਂ ਦ ਬੂਹੇ ਖੜਕਾਉਂਦੇ ਹੋਏ
ਚੀਖਦੇ ਹਨ:ਸੰਕਟ ਹੈ

ਦਾਰਸ਼ਨਿਕ ਹਨ—
ਮੰਦਰਾਂ,ਮਸਜਿਦਾਂ,ਗੁਰਦੁਆਰਿਆਂ 'ਚੋਂ ਉਠ ਰਹੇ
ਚਾਕੂ,ਬਰਛੀਆਂ,ਤਲਵਾਰਾਂ,ਮਸ਼ੀਨ ਗੰਨਾਂ ਸੰਗ
ਨਿੱਤ ਡੁੱਲ੍ਹ ਰਹੇ ਬੇਗੁਨਾਹਾਂ ਦੇ ਖ਼ੂਨ ਨੂੰ ਵੇਖਦੇ ਹੋਏ
ਆਪਣੀ ਜ਼ੁਬਾਨ ਮੂੰਹ ਵਿੱਚੋਂ ਨ ਨਿੱਕਲ ਸਕਣ ਦੀਆਂ
ਆਪਣੀਆਂ ਨਿਪੁੰਸਕਤਾ ਦੀਆਂ ਘੜੀਆਂ ਬਾਰੇ ਚਿੰਤਿਤ ਹੋ
ਨਿੱਘੇ ਬਿਸਤਰਿਆਂ ਵਿੱਚ,ਆਪਣੇ ਠੰਢੇ ਹੋ ਚੁੱਕੇ
ਜਿਸਮਾਂ ਨੂੰ ਗਰਮਾਉਣ ਹਿਤ
ਆਪਣੀਆਂ ਪਿੱਠਾਂ ਪਿੱਛੇ ਉੱਗ ਆਈਆਂ ਪੂਛਾਂ ਨੂੰ
ਹਿਲਾਉਂਦੇ ਹੋਏ
ਚੀਖਦੇ ਹਨ:ਸੰਕਟ ਹੈ

ਆਲੋਚਕ ਹਨ—
ਕਾਂ ਨੂੰ ਹੰਸ ਦੇ ਭੇਸ ਵਿੱਚ ਦੇਖਦਿਆਂ ਹੋਇਆਂ ਵੀ
ਆਪਣੇ ਰਕੀਬਾਂ ਅਤੇ ਮਿਹਰਬਾਨਾਂ ਦੇ
ਰੁੱਸ ਜਾਣ ਤੋਂ ਡਰਦੇ ਹੋਏ
ਮਨ ਦੀ ਗੱਲ ਮਨ ਵਿੱਚ ਹੀ ਰੱਖ
ਆਪਣੀਆਂ ਲਿਖਤਾਂ ਵਿੱਚ ਸ਼ਬਦਾਂ ਸੰਗ
ਮਾਇਆ ਜਾਲ ਸੰਗ
ਨੀਲੂ ਨੂੰ ਸ਼ੇਰ ਆਖਦਿਆਂ ਹੋਇਆਂ
ਚੀਖਦੇ ਹਨ:ਸੰਕਟ ਹੈ

ਸਿਆਸੀ ਦੱਲੇ ਹਨ—
ਇੱਕ ਮੌਸਮ ਵਿੱਚ ਕ੍ਰਿਪਾਨ ਧਿਆਉਂਦੇ
ਇੱਕ ਮੌਸਮ ਵਿੱਚ ਮੱਥੇ ਉੱਤੇ ਤਿਲਕ ਲਗਾਉਂਦੇ
ਇੱਕ ਮੌਸਮ ਵਿੱਚ ਲਾਲ ਕਿਤਾਬ ਦਾ ਜਾਪ ਕਰਦਿਆਂ
ਨਿੱਤ ਨਵੇਂ ਰੰਗਾਂ ਦੀ ਤਲਾਸ਼ ਵਿੱਚ
ਲਲਾਰੀਆਂ ਦੇ ਬੂਹੇ ਅੱਗੇ ਬੈਠੇ
ਚੀਖਦੇ ਹਨ:ਸੰਕਟ ਹੈ

ਸ਼ਹਿਰ ਵਿੱਚ,ਉਂਜ ਤਾਂ
ਹੋਰ ਵੀ ਬਹੁਤ ਕੁਝ ਹੈ—

ਬੰਦ ਕਮਰਿਆਂ ਵਿੱਚ
ਧੂੰਆਂ ਧਾਰ,ਗਰਮਾ ਗਰਮ,ਗੁਪਤ
ਬਹਿਸਾਂ ਵਿੱਚ ਰੁੱਝੀਆਂ ਸਾਹਿਤ ਸਭਾਵਾਂ ਹਨ
ਕਾਵੀਏ,ਬਹਿਰ ਉੱਤੇ ਝੂਮਦੇ
ਵਿਸਕੀ ਦੇ ਘੁੱਟ ਭਰਦੇ ਲੇਖਕ ਹਨ
ਗਜ਼ਲ ਵਰਗੀ ਸੋਚ ਵਿੱਚ ਡੁੱਬੀਆਂ
ਠੰਢੀ ਕਾਫੀ ਦੇ ਸੁੜਕੇ ਮਾਰਦੀਆਂ ਕਵਿਤ੍ਰੀਆਂ ਹਨ

ਮੰਦਰ ਹਨ
ਮਸਜਿਦਾਂ ਹਨ
ਗੁਰਦੁਆਰੇ ਹਨ
ਯੂਨੀਵਰਸਿਟੀਆਂ ਹਨ
ਸਕੂਲ ਹਨ
ਦਫਤਰ ਹਨ
ਸੜਕਾਂ ਹਨ
ਰੇਲਾਂ ਹਨ
ਬੱਸਾਂ ਹਨ
ਘਰ ਹਨ

ਸ਼ਰਧਾਲੂ ਹਨ
ਅਧਿਆਪਕ ਹਨ
ਵਿਦਿਆਰਥੀ ਹਨ
ਕਰਮਚਾਰੀ ਹਨ
ਯਾਤਰੀ ਹਨ

ਢੋਲਕੀਆਂ ਵੱਜਦੀਆਂ ਹਨ
ਛੈਣੇ ਖੜਕਦੇ ਹਨ
ਭਾਸ਼ਨ ਹੁੰਦੇ ਹਲ
ਜੈਕਾਰੇ ਗੂੰਜਦੇ ਹਨ
ਨੱਕ ਘਿਸਰਦੇ ਹਨ
ਦਾਹੜੀਆਂ ਹਿਲਦੀਆਂ ਹਨ
ਝੰਡੇ ਝੂਲਦੇ ਹਨ

ਰੇਡੀਓ ਬੋਲਦੇ ਹਨ
ਟੀ.ਵੀ.ਚੱਲਦੇ ਹਨ
ਪੁਸਤਕਾਂ ਛੱਪਦੀਆਂ ਹਨ

ਸਰੋਤੇ ਸੁਣਦੇ ਹਨ
ਦਰਸ਼ਕ ਦੇਖਦੇ ਹਨ
ਪਾਠਕ ਪੜ੍ਹਦੇ ਹਨ

ਫਿਰ ਵੀ—
ਹਰ ਕੋਈ
ਇੱਕ ਦੂਜੇ ਦੇ ਕੰਨ ਵਿੱਚ
ਮੱਧਮ ਜਿਹੀ ਸੁਰ ਬਣਾ
ਚੀਖਦਾ ਹੈ:ਸੰਕਟ ਹੈ ?

# ਬਰਤਾਨੀਆਂ ਵਿਚਲੀ ਸਿੱਖ ਕਾਮਨਵੈਲਥ ਦੀ ਅਪੀਲ ਰੱਦ-ਰੂਸ ਅਮਰੀਕਾ ਵਲੋਂ ਵਿਰੋਧ

ਸੰਯੁਕਤ ਰਾਸ਼ਟਰ:—ਸੰਯੁਕਤ ਰਾਸ਼ਟਰ ਦੀ ਇਕ ਕਮੇਟੀ ਨੇ ਸਰਬ ਸੰਮਤੀ ਨਾਲ ਇਕ ਵੱਖਵਾਦੀ ਸਿਖ ਜਥੇਬੰਦੀ ਦੀ ਇਸ ਮਾਮਲੇ ਵਿਚ ਦਰਖਾਸਤ ਰੱਦ ਕਰ ਦਿੱਤੀ ਹੈ,ਜਿਸ ਵਿਚ ਕਿਹਾ ਗਿਆ ਸੀ ਕਿ ਉਸਨੂੰ ਕਨਸਲਟੇਟਿਵ ਦਰਜਾ ਦਿੱਤਾ ਜਾਵੇ। ਇਸ ਤੋਂ ਪਹਿਲਾਂ ਅਮਰੀਕਾ,ਰੂਸ ਅਤੇ ਹੋਰਨਾਂ ਦੇਸ਼ਾਂ ਨੇ ਇਸ ਗੱਲ ਦੀ ਪਹਿਲਾਂ ਹੀ ਸਖਤ ਸ਼ਬਦਾਂ ਵਿਚ ਨਿੰਦਿਆ ਕੀਤੀ ਸੀ।

ਇਸ ਸਿਲਸਿਲੇ ਵਿਚ ਉਕਤ ਕਮੇਟੀ ਨੇ ਗੈਰ ਸਰਕਾਰੀ ਸੰਸਥਾ ਦੀ ਦਰਖਾਸਤ ਇਕ ਬੇਮਿਸਾਲ ਢੰਗ ਨਾਲ ਰੱਦ ਕਰ ਦਿੱਤੀ ਹੈ। ਇਸ ਸੰਸਥਾ ਦਾ ਨਾਂ 'ਸਿੱਖ ਕਾਮਨਵੈਲਥ' ਹੈ। ਇਸ ਸੰਸਥਾ ਨੇ ਬਰਤਾਨੀਆਂ ਨੂੰ ਆਪਣਾ ਹੈਡ ਕੁਆਰਟਰ ਦੱਸਿਆ ਹੈ। ਇਸ ਸੰਸਥਾ ਬਾਰੇ ਰੂਸ ਨੇ ਕਿਹਾ ਸੀ ਕਿ ਇਸ ਜਥੇਬੰਦੀ ਨੇ ਸੰਯੁਕਤ ਰਾਸ਼ਟਰ ਦੇ ਚਾਰਟਰ ਦੀ ਉਲੰਘਣਾ ਕੀਤੀ ਹੈ। ਅਮਰੀਕਾ ਨੇ ਵੀ ਰੂਸ ਦੀ ਇਸ ਗੱਲ ਦੀ ਹਮਾਇਤ ਕੀਤੀ ਅਤੇ ਇਹ ਵਿਚਾਰ ਸਾਰੀ ਕਮੇਟੀ ਦਾ ਵਿਚਾਰ ਹੀ ਸਮਝਿਆ ਗਿਆ। ਇਸ ਕਮੇਟੀ ਦੇ 19 ਮੈਂਬਰ ਹਨ ਜਿਨ੍ਹਾਂ ਵਿਚ ਪਾਕਿਸਤਾਨ ਅਤੇ ਸ੍ਰੀਲੰਕਾ ਵੀ ਸ਼ਾਮਲ ਹਨ।

# ਸੰਧੂ ਦਾ ਵੱਡਾ ਭਰਾ ਗ੍ਰਿਫਤਾਰ ਕਰ ਲਿਆ

ਅੰਮ੍ਰਿਤਸਰ:—ਜੰਡਿਆਲਾ ਪੁਲਸ ਨੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਸ੍ਰ.ਹਰਮਿੰਦਰ ਸਿੰਘ ਸੰਧੂ ਦੇ ਵੱਡੇ ਭਰਾ ਉਪਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਪੁਲਸ ਦੀ ਰਿਪੋਰਟ ਮਨੁਸਾਰ ਉਪਿੰਦਰ ਸਿੰਘ ਨੂੰ ਦੇਸ਼ ਵਿਰੋਧੀ ਨਾਅਰੇ ਲਾਉਣ ਅਤੇ ਲੋਕਾਂ ਨੂੰ ਨਵੇਂ ਸੰਯੁਕਤ ਅਕਾਲੀ ਦਲ ਦਾ ਸਮਰਥਨ ਕਰਨ ਲਈ ਪ੍ਰੇਰਨਾ ਕਰਨ ਦੇ ਕਾਰਨ ਐਂਟੀ ਟੈਰਿਰੈਸਟ ਐਕਟ ਅਧੀਨ ਗ੍ਰਿਫਤਾਰ ਕੀਤਾ ਗਿਆ ਹੈ।


ਕਰਤਾਰ ਫੋਟੋ ਸਟੂਡੀਓ
1 HOUR PHOTO SERVICE
KARTAR PHOTO STUDIO
4279 - Fraser St. (27th Ave.)
Vancouver, B.C.
We Do Passport, 5 Mins. Service,
Portrait Photos & Weddings
Off; 872-6060



NEW YORK LIFE
NEW YORK LIFE INSURANCE COMPANY
BRITISH COLUMBIA GENERAL OFFICE
2030-1055 WEST GEORGIA STREET
VANCOUVER, BRITISH COLUMBIA
Life, Health, Group Insurance,
Annuities, Pension Plans
Temprary and Permanent Policies
Smokers & Non Smokers Rates
ਇਨਸ਼ੋਰੈਂਸ ਲਈ ਆਪਣੀ ਚੋਣ ਅਨੁਸਾਰ ਘੱਟ ਜਾਂ ਵੱਧ ਪੇਮੈਂਟ ਕਰ ਸਕਦੇ ਹੋ
ਹਰ ਤਰ੍ਹਾਂ ਦੀਆਂ ਜ਼ਿੰਦਗੀ ਬੀਮਾ ਪਾਲਸੀਆਂ ਲਈ ਮਿਲੋ ਜਾਂ ਫੋਨ ਕਰੋ :
Off: 685-7364 Bhupinder Dhaliwal Res: 589-1559



Bhupinder Dhaliwal

## ਵਿਅੰਗ

# ਰੇਡੀਓ ਇੰਟਰਵੀਊ

ਸਾਧੂ

ਹਰਬਾਤ ਸਿੰਘ (ਹ.ਸ): ਆਵਾਜ਼ ਦੀ ਦੁਨੀਆਂ ਦੇ ਦੋਸਤੋ ਤੁਹਾਡੇ ਹਰਮਨ ਪਿਆਰੇ ਰੇਡੀਓ ਹੋਸਟ ਮਿਸਟਰ ਹਰਬਾਤ ਸਿੰਘ ਵਲੋਂ ਨਮਸਤੇ,ਸਾਸਰੀ ਕਾਲ ਤੇ ਸਲਾਮਾ ਲੇਕਮ। ਇਕ ਵਾਰ ਫਿਰ ਤੁਹਾਨੂੰ ਵੱਡੇ ਮੀਟਰ ਏ.ਐਮ. ਰੇਡੀਓ ਤੋਂ ਛੋਟੀਆਂ ਗੱਲਾਂ ਦੇ ਪ੍ਰੋਗਰਾਮ ਵਿਚ ਮੈਂ ਵੈਲਕਮ ਕਰਦਾਂ। ਤੁਸੀਂ ਸੱਚ ਨਈਂ ਮੰਨਣਾ ਅੱਜ ਫੇਰ ਉਹੀ ਗੱਲ ਹੋਈ। ਜਿਹੜੇ ਸਾਡੇ ਗੈਸਟ ਆਏ ਹੋਏ ਹਨ,ਛੇਤੀ ਉਨ੍ਹਾਂ ਨਾਲ ਮੁਲਾਕਾਤ ਕਰਾਵਾਂਗੇ,ਉਨ੍ਹਾਂ ਨੇ ਵੀ ਮੈਥੋਂ ਉਹੀ ਗੱਲ ਪੁੱਛੀ। ਜਿਹੜੀ ਤੁਸੀਂ ਵੀ ਕਈ ਵਾਰੀ ਪੁੱਛਦੇ ਹੁੰਦੇ ਆਂ ਪਈ ਮੇਰਾ ਨਾਂ ਹਰਬਾਤ ਸਿੰਘ ਕਿਵੇਂ ਪੈ ਗਿਆ। ਕਹਾਣੀ ਥੋੜ੍ਹੀ ਜਿਹੀ ਲੰਮੀ ਕਰਕੇ ਮੈਂ ਅੱਗੇ ਨਈਂ ਦੱਸੀ। ਚਲੋ ਅੱਜ ਦੱਸ ਦਿੰਦੇ ਆਂ। ਦਰਅਸਲ ਘਰਦਿਆਂ ਨੇ ਤਾਂ ਮੇਰਾ ਨਾਂ ਰੱਖਿਆ ਸੀ ਕਾਕਾ ਜਗਮਿੰਦਰ ਪਾਲ ਸਿੰਘ। ਪਰ ਇੱਥੇ ਗੋਰਿਆਂ ਨੇ ਬਣਾ ਤਾ ਕੱਲਾ ਈ ਜੱਗ। ਗੋਰਿਆਂ ਨੇ ਤਾਂ ਜੱਗ ਈ ਬਣਾਇਆ ਸੀ ਆਪਣੇ ਭਾਈਬੰਦਾਂ ਨੇ ਗਾਹਾਂ ਜੱਗੀ ਬਣਾ ਤਾ। ਮੰਨ ਨੂੰ ਦੁੱਖ ਹੋਇਆ। ਅਸੀਂ ਕਿਸੇ ਨਵੇਂ ਨਾਂ ਦੀ ਖੋਜ ਵਿਚ ਸੀ ਕਿ ਇਕ ਦੋਸਤ ਨੇ ਸਾਡੇ ਰੇਡੀਓ ਉਪਰ ਦਿਖਾਏ ਜੌਹਰਾਂ ਕਰਕੇ ਇਕ ਦਿਨ ਸਾਡੀ ਸਿਫਤ ਕਰਦਿਆਂ ਕਿਹਾ,"ਜੀ ਤੁਸੀਂ ਤਾਂ ਹਰ ਗੱਲਬਾਤ ਇੰਨੇ ਸੁਲਝੇ ਹੋਏ ਤਰੀਕੇ ਨਾਲ ਕਰਦੇ ਹੋ। ਭਾਵੇਂ ਕੋਈ ਵਿਸ਼ਾ ਹੋਵੇ,ਤੁਸੀਂ ਉਸ ਵਿਚ ਮਾਹਰ ਨਜ਼ਰ ਆਉਂਦੇ ਹੋ। ਤੁਹਾਡਾ ਨਾਂ ਈ ਮਿਸਟਰ ਹਰਬਾਤ ਸਿੰਘ ਹੋਣਾ ਚਾਹੀਦਾ। ਕਿਉਂਕਿ ਹਰ ਬਾਤ ਵਿਚ ਮਾਹਿਰ ਹੋ ਤੁਸੀਂ।"ਲਉ ਜੀ ਅਸੀਂ ਤੁਰੰਤ ਮੰਨ ਗਏ। ਸਾਡੀ ਘਰ ਆਲੀ ਨੇ ਥੋੜ੍ਹਾ ਇਤਰਾਜ਼ ਕੀਤਾ। ਕਹਿੰਦੀ ਬੜਾ ਅਜੀਬ ਜਿਹਾ ਨਾਂ ਐ। ਮੈਂ ਕਿਹਾ ਡਾਰਲਿੰਗ ਸ਼ੋ ਬਿਜ਼ਨਸ ਵਿਚ ਨਾਂ ਅਜੀਬ ਈ ਹੋਣਾ ਚਾਹੀਦੈ। ਇਕ ਦੋਸਤ ਨੇ ਗਿਲਾ ਕੀਤਾ ਪਈ ਨਾਂ 'ਚ ਮਿਠਾਸ ਘੱਟ ਆ। ਮੈਂ ਉਹਨੂੰ ਕਿਹਾ ਮਿਠਾਸ ਨਾਂ 'ਚ ਨਹੀਂ ਹੁੰਦੀ ਨਾਂ ਲੈਣ ਵਾਲੇ ਦੀ ਜ਼ਬਾਨ ਵਿਚ ਹੁੰਦੀ ਆ। ਜਦੋਂ ਹੁਣ ਸਾਨੂੰ ਘਰ ਆਲੀ ਪਿਆਰ ਨਾਲ ਹਰਬਾਤੀ ਜੀ ਕਹਿੰਦੀ ਆ ਤਾਂ ਸ਼ਹਿਦ ਆਂਗ ਲਗਦੀ ਆ ਤੇ ਜਦੋਂ ਮੇਨ ਤੇ ਕੋਈ ਭਾਈਬੰਦ ਵਾਜ ਮਾਰਦਾ ਉਏ ਹਰਬਾਤੂ ਤਾਂ ਜ਼ਹਿਰ ਲਗਦੀ ਆ। ਗੱਲ ਜ਼ਬਾਨ ਦੀ ਮਿਠਾਸ ਦੀ ਤੁਰੀ ਤਾਂ ਆਉ ਤੁਹਾਡੀ ਮੁਲਾਕਾਤ ਜ਼ਬਾਨ ਦੀ ਮਿਠਾਸ ਦੇ ਇਕ ਮਾਹਿਰ,ਆਪਣੀ ਕਮਿਊਨਿਟੀ ਦੇ ਇਕ ਅਜਿਹੇ ਆਗੂ ਨਾਲ ਕਰਾਈਏ ਜੋ ਕਮਿਊਨਿਟੀ ਦੇ ਪਿਛਲੇ ਲੱਗਭੱਗ ਸੌ ਵਰ੍ਹੇ ਦੇ ਸਮੇਂ ਵਿਚ ਕਮਿਊਨਿਟੀ ਉਪਰ ਪੂਰੀ ਤਰ੍ਹਾਂ ਛਾਏ ਹੋਏ ਹਨ। ਉਨ੍ਹਾਂ ਨੂੰ ਇਸ ਤਰ੍ਹਾਂ ਰੇਡੀਓ ਤੇ ਆਉਣ ਦੀ ਕਦੀ ਵਿਹਲ ਨਹੀਂ ਹੁੰਦੀ। ਅੱਜ ਤਾਂ ਪਤਾ ਨਈਂ ਕਿਵੇਂ ਸਾਡੀ ਬੇਨਤੀ ਸਵੀਕਾਰ ਕੀਤੀ ਤੇ ਇਥੇ ਆਏ ਹਨ। ਹੁਣ ਮੇਰੇ ਸਾਹਮਣੇ ਅੱਖਾਂ ਮੁੰਦੀ ਸ਼ਾਂਤ ਬੈਠੇ ਹਨ। ਕੋਈ ਕਹਿ ਸਕਦਾ ਹੈ ਕਿ ਇਨ੍ਹਾਂ ਦੇ ਅੰਦਰ ਕੋਈ ਈਰਖਾ ਜਾਂ ਦਵੈਤ ਹੋਵੇਗਾ? ਕਦੀ ਨਹੀਂ। ਉਨ੍ਹਾਂ ਨੂੰ ਇਸ ਮੁਦਰਾ 'ਚੋਂ ਉਠਾਉਣ ਨੂੰ ਵੀ ਮੰਨ ਨਹੀਂ ਚਾਹ ਰਿਹਾ। ਪਰ ਤੁਹਾਡੇ ਨਾਲ ਮੁਲਾਕਾਤ ਤਾਂ ਕਰਾਉਣੀ ਹੋਈ। ਜਿੰਨਾ ਚਿਰ ਮੈਂ ਇਨ੍ਹਾਂ ਨੂੰ ਜਗਾਉਂਨਾ ਤੁਸੀਂ ਇਹ ਕਮਰਸ਼ਲ ਸੁਣੋ:

ਕਮਰਸ਼ਲ: ਬੀਬੀਓ,ਭੈਣੋ ਤੇ ਭਰਾਵੋ-ਖੁਸ਼ਖਬਰੀ -ਖੁਸ਼ਖਬਰੀ ਤੁਹਾਡੇ ਆਪਣੇ ਪਿੰਡ ਦੀ ਪੀੜ੍ਹੀਆਂ ਮੰਜੀਆਂ ਵਾਲੀ ਹੱਟੀ 'ਤੇ ਟੋਬੇ 'ਚੋਂ ਡੱਡੂ ਫੜ ਸੇਲ ਲੱਗ ਗਈ ਆ। ਹਾਂ ਜੀ ਹਾਂ। ਟੋਬੇ 'ਚੋਂ ਡੱਡੂ ਫੜ ਸੇਲ। ਇਨ੍ਹਾਂ ਕੋਲ ਹਰ ਕਿਸਮ ਦੇ ਮੰਜੇ — ਦੌਣਾਂ ਵਾਲੇ, ਦੌਣਾਂ ਤੋਂ ਬਿਨਾਂ, ਪਾਵਿਆਂ ਵਾਲੇ, ਪਾਵਿਆਂ ਤੋਂ ਬਿਨਾਂ। ਲੋਹੇ ਦੇ ਪਾਵਿਆਂ ਵਾਲੀਆਂ ਪੀੜ੍ਹੀਆਂ ਕਦੀ ਟੁੱਟ ਈ ਨਈਂ ਸਕਦੀਆਂ। ਇਨ੍ਹਾਂ ਕੋਲ ਤੂਤ ਦੇ ਟੋਕਰੇ ਵੀ ਆ। ਤੁਸੀਂ ਹੁੰਮ ਹੁਮਾ ਕੇ ਸਣੇ ਟੱਬਰ ਆਵੋ ਤੇ ਟੋਬੇ 'ਚੋਂ ਡੱਡੂ ਫੜ ਸੇਲ ਦਾ ਪੂਰਾ ਫਾਇਦਾ ਉਠਾਉ। ਇਹ ਮੌਕਾ ਫਿਰ ਨਹੀਂ ਹੱਥ ਲੱਗਣਾ। ਬਰਸਾਤ ਮੁਕੀ ਤੇ ਡੱਡੂ ਨਈਂ ਰਹਿਣੇ। ਹਾਂ ਫੇਰ ਬਿਨ ਬਾਦਲ ਬਰਸਾਤ ਨਾ ਹੋਗੀ। ਆਓ ਤੇ ਟੋਬੇ 'ਚੋਂ ਡੱਡੂ ਫੜ ਸੇਲ ਦਾ ਫਾਇਦਾ ਉਠਾਓ ....

ਹ.ਸ.: ਹਾਂ ਜੀ ਅਸੀਂ ਵਾਪਸ ਆ ਗਏ ਹਾਂ। ਸਾਡੇ ਅੱਜ ਦੇ ਗੈਸਟ ਉਠ ਚੁੱਕੇ ਹਨ। ਹੁਣ ਜਰਾ ਬਾਥਰੂਮ ਗਏ ਹਨ ਜਦ ਤਕ ਤੁਸੀਂ ਸਾਡੇ ਸੌਂਗਾਂ ਦੇ ਚਾਰਟ ਤੇ ਪਹਿਲੇ ਨੰਬਰ ਦਾ ਸੌਂਗ ਸੁਣੋ। ਲਉ ਜੀ ਗੀਤ ਹਾਜ਼ਰ ਹੈ:

ਡਿਸਕੋ ਡਿਸਕੋ ਡਿਸਕੋ
ਆਪਣੀ ਡਿਸਕੋ
ਬਿਗਾਨੀ ਡਿਸਕੋ
ਡਿਸਕੋ ਡਿਸਕੋ ਡਿਸਕੋ
ਦੇਸੀ ਡਿਸਕੋ
ਵਲੈਤੀ ਡਿਸਕੋ
ਡਿਸਕੋ.........
ਧਰਮੀ ਡਿਸਕੋ
ਅਧਰਮੀ ਡਿਸਕੋ
ਡਿਸਕੋ........
ਕੌਮੀ ਡਿਸਕੋ
ਗਦਾਰ ਡਿਸਕੋ
ਡਿਸਕੋ........
ਸਿਆਸੀ ਡਿਸਕੋ
ਪਿਆਸੀ ਡਿਸਕੋ
ਡਿਸਕੋ ਡਿਸਕੋ ਡਿਸਕੋ

ਹ.ਸ.: ਮੇਦ ਆ ਗਾਣਾ ਤੁਹਾਨੂੰ ਪਸੰਦ ਆਇਆ ਹੋਣਾ। ਇਹ ਗਾਣਾ ਅਸੀਂ ਤੁਹਾਨੂੰ ਮਿਸ ਹੋਰ ਕੋਈ ਦੀ ਫਰਮੈਸ਼ ਤੇ ਪੇਸ਼ ਕੀਤਾ ਸੀ। ਖੈਰ ਅਸੀਂ ਅੱਜ ਇਸ ਛੋਟੀਆਂ ਗੱਲਾਂ ਦੇ ਪ੍ਰੋਗਰਾਮ ਵਿਚ ਵੱਡੀ ਗੱਲ ਕਰਨੀ ਆ ਤੋ ਆਓ ਤੁਹਾਡੀ ਮੁਲਾਕਾਤ ਸਾਡੀ ਕਮਿਊਨਿਟੀ ਦੇ ਆਗੂ ਨਾਲ ਕਰਾਈਏ....

ਸਾਡੇ ਸਰੋਤਿਆਂ ਵਲੋਂ ਸਤਿ ਸ੍ਰੀ ਅਕਾਲ ਕੈਨੇਡਾ ਸਿੰਘ ਜੀ।

ਕੈਨੇਡਾ ਸਿੰਘ (ਕ.ਸ.) ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ।

ਹ.ਸ.:ਸਟੂਡੀਓ 'ਚ ਆਉਣ ਲਈ ਸ਼ੁਕਰੀਆ।

ਕ.ਸ.:ਪ੍ਰਮਾਤਮਾ ਦੇ ਭੇਜੇ ਆਏ ਹਾਂ ਗੁਰਮਖਾ ਅਸੀਂ ਤਾਂ। ਨਹੀਂ ਤਾਂ ਅੱਗੇ .ਨਾ ਆਏ।

ਹ.ਸ.:ਸੁਣਨ ਵਾਲਿਆਂ ਦੀ ਜਾਣ.....

ਕ.ਸ.:ਅਰਜ਼ ਕਰੋ।

ਹ.ਸ.:ਅਸੀਂ ਚਾਹਾਂਗੇ ਕਿ........

ਕ.ਸ.:ਜੀ ਹੁਕਮ ਕਰੋ।

ਹ.ਸ.:ਕੈਨੇਡਾ 'ਚ ਆਪਣੀ ਕਮਿਊਨਿਟੀ.......

ਕ.ਸ.:ਹਾਂ ਜੀ ਅਸੀਂ ਮਿਲੇ ਹਾਂ ਉਹਨੂੰ। ਬੜੀ ਗੁਰਸਿੱਖ ਹੈ।

ਹ.ਸ.:ਆਪਣੀ ਕਮਿਊਨਿਟੀ ਨੇ ਹੁਣ ਤਕ ਕੀ ਤਰੱਕੀ ਕੀਤੀ ਐ.......

ਕ.ਸ.:ਤਰੱਕੀਓ ਤਰੱਕੀ ਕੀਤੀ ਆ ਜੀ। ਬਲਾ ਤਰੱਕੀ ਕੀਤੀ ਆ।

ਹ.ਸ.:ਇਸ ਉਪਰ ਜਰਾ ਵਿਸਥਾਰ ਨਾਲ ਰੋਸ਼ਨੀ ਪਾਓ?

ਕ.ਸ.:ਸਤ ਬਚਨ ਮਹਾਂਪੁਰਸ਼ੋ।

ਹ.ਸ.:ਹੀਂ ਹੀਂ ਨਹੀਂ ਜੀ ਮਹਾਪੁਰਸ਼ ਤਾਂ ਤੁਸੀਂ ਹੋ।

ਕ.ਸ.:ਨਾ ਨਾ ਅਸੀਂ ਤਾਂ ਸੰਗਤਾਂ ਦੇ ਦਾਸ ਹਾਂ ਗੁਰਮੁਖੋ।

ਹ.ਸ.:ਕਿੰਨੀ ਹਲੀਮੀ ਤੇ ਸਾਦਗੀ ਵਾਹ ਵਾਹ। ਤੇ ਇੱਡੇ ਵੱਡੇ ਵਿਦਵਾਨ ਹੋ ਤੁਸੀਂ।

ਕ.ਸ.:ਉਸ ਪ੍ਰਮਾਤਮਾ ਦੇ ਨਾਂ ਤੋਂ ਬਿਨਾਂ ਸਭ ਗਿਆਨ ਝੂਠੇ ਆ।

ਹ.ਸ.:ਵਾਹ ਵਾਹ ਧੰਨ ਹੋ ਤੁਸੀਂ। ਤੁਹਾਨੂੰ ਇਸ ਮਹਾਨ ਸਚਾਈ ਤਕ ਪਹੁੰਚਣ ਲਈ ਬੇਖਬਰੇ ਕਿੰਨਾ ਚਿਰ ਮਣਾਂ-ਮੂੰਹੀ ਪੋਥੀਆਂ ਪੜ੍ਹਣੀਆਂ ਗੁੜਨੀਆਂ ਪਈਆਂ ਹੋਣਗੀਆਂ?

ਕ. ਸ.:ਪ੍ਰਮਾਤਮਾ ਮੇਹਰ ਕਰੇ ਤਾਂ ਕੁਝ ਕਰਨ ਦੀ ਲੋੜ ਨਈ ਗੁਰਮੁਖੋ।

ਹ.ਸ.:ਫੇਰ ਵੀ ਸਰੋਤਿਆਂ ਦੀ ਜਾਣਕਾਰੀ ਲਈ ਅਸੀਂ ਚਾਹਾਂਗੇ ਪਈ ਤੁਸੀਂ ਆਪਣੀ ਵਿਦਿਆ ਬਾਰੇ ਵਿਸਥਾਰ ਪੂਰਵਕ ਦੱਸੋ। ਅਕਸਰ ਨੂੰ ਤੁਸੀਂ ਸਾਡੀ ਸਾਰੀ ਕਮਿਊਨਿਟੀ ਦੇ ਇੰਨੇ ਲੰਮੇ ਸਮੇਂ ਤੋਂ ਆਗੂ ਚਲੇ ਆ ਰਹੇ ਹੋ। ਲੋਕ ਆਪਣੇ ਆਗੂ ਬਾਰੇ ਇਹੋ ਜਿਹੀਆਂ ਗੱਲਾਂ ਜਾਨਣ ਲਈ ਬੜੇ ਉਤਾਵਲੇ ਹੁੰਦੇ ਨੇ।

ਕ.ਸ.:ਛੋਟੇ ਮਨਾਂ 'ਚ ਛੋਟੀਆਂ ਗੱਲਾਂ ਲਈ ਉਤਾਵਲਾਪਨ ਹੁੰਦਾ ਏ। ਉਨ੍ਹਾਂ ਨੂੰ ਕਹੋ ਉਸ ਸੱਚੇ ਪਾਤਸ਼ਾਹ ਨਾਲ ਲਿਵ ਲਾਉਣ ਉਨ੍ਹਾਂ ਨੂੰ ਅਸਲੀ ਗਿਆਨ,ਅਸਲੀ ਚਾਨਣ ਹੋ ਜਾਵੇਗਾ।

ਹ.ਸ.:ਜ਼ਰੂਰ ਤੁਸੀਂ ਲੰਮਾ ਸਮਾਂ ਕਿਸੇ ਧਾਰਮਿਕ ਆਸ਼ਰਮ ਵਿਚ ਲਗਾਤਾਰ ਵਿਦਿਆ ਪ੍ਰਾਪਤ ਕੀਤੀ ਹੋਵੇਗੀ,ਜਿਵੇਂ ਇਧਰ ਇਸਾਈਆਂ ਦੇ ਧਾਰਮਿਕ ਆਗੂ ਕਰਦੇ ਹਨ।

ਕ.ਸ.:ਨਾ ਗੁਰਮੁਖੋ।

ਹ.ਸ.:ਅੱਛਾ ਜੀ ਤਾਂ ਆਪਣੇ ਪਬਲਿਕ ਅਦਾਰਿਆਂ ਚੋਂ ਹੀ ਪੜ੍ਹ ਕੇ ਤੁਸੀਂ ਏਨੇ ਵਿਦਵਾਨ ਬਣੇ ਹੋ।

ਕ.ਸ.:ਨਾ ਗੁਰਮੁਖੋ। ਉਥੇ ਤਾਂ ਅਸੀਂ ਛੋਟੀ ਉਮਰੇ ਮਸਾਂ ਚਾਰ ਪੰਜ ਸਾਲ ਘਰਦਿਆਂ ਦੇ ਧੱਕੇ ਗਏ ਸਾਂ। ਮੰਨ ਉਪਰਾਮ ਹੋ ਗਿਆ ਸੀ। ਅਸਲੀ ਗਿਆਨ ਉਨ੍ਹਾਂ ਸਕੂਲਾਂ 'ਚ ਕਿਥੇ ਮਿਲਦਾ।

ਹ.ਸ.:ਠੀਕ ਫੁਰਮਾਇਆ ਆਪ ਨੇ। ਵਾਹ ਵਾਹ। ਤਾਂ ਫੇਰ ਆਪਣੇ ਆਪ ਹੀ ਤੁਸਾਂ ਏਨੀ ਵਿਦਿਆ ਪ੍ਰਾਪਤ ਕੀਤੀ। ਕਿੰਨਾ ਜਜ਼ਬਾ,ਕਿੰਨਾ ਸਵੈ-ਜਬਤ।

ਕ.ਸ.:ਚੌਥੀ ਜਮਾਤ ਚੋਂ ਜਿਉਂ ਸਕੂਲ ਨੂੰ ਤਿਲਾਂਜਲੀ ਦਿਤੀ। ਆਪਾਂ ਕਦੀ ਕਿਤਾਬ ਨੂੰ ਹੱਥ ਨਹੀਂ ਲਾਇਆ। ਬੱਸ ਸੰਤਾਂ,ਮਹਾਤਮਾਂ ਦੀ ਸੇਵਾ ਕੀਤੀ ਹੈ। ਵੇਲੇ ਕੁਵੇਲੇ ਉਨ੍ਹਾਂ ਦੀ ਸੰਗਤ ਕਰਨ ਨਾਲ ਹੀ ਅਸਲੀ ਗਿਆਨ ਹੋ ਗਿਆ।

ਹ.ਸ.:ਜਾਣੀ ਕਿ ਤੁਸੀਂ ਪੜ੍ਹਿਆ ਲਿਖਿਆ ਕੁਛ ਨਈ ਸੰਤਾਂ ਮਹਾਤਮਾਂ ਦੀ ਸੰਗਤ ਨਾਲ ਈ ਗਿਆਨਵਾਨ ਹੋਏ ਹੋ।

ਕ.ਸ.:ਮੈਂ ਅਸਲੀ ਗਿਆਨ ਦੀ ਗੱਲ ਕਰ ਰਿਹਾਂ ਗੁਰਮੁਖੋ। ਉਹ ਪਹੁੰਚੇ ਹੋਏ ਲੋਕਾਂ ਦੀ ਸੰਗਤ ਨਾਲ ਈ ਮਿਲਦਾ। ਤੂੰ ਜੋ ਇਹ ਸਕੂਲ ਗਿਆਨ ਦੀ ਗੱਲ ਕਰ ਰਿਹੈਂ ਇਹ ਫਜ਼ੂਲ ਆ ਬੇ-ਮੈਨਾ।

ਹ.ਸ.:ਅੱਛਾ ਜੀ,ਚਲੋ ਗਿਆਨ ਦੀਆਂ ਗੱਲਾਂ ਤਾਂ ਅਸੀਂ ਤੁਹਾਥੋਂ ਸੁਣਦੇ ਹੀ ਰਹਿੰਨੇ ਹਾਂ। ਹੁਣ ਕੁਛ ਹੋਰ ਗੱਲ ਕਰਦੇ ਆਂ। ਪਰ ਉਹ ਤੋਂ ਪਹਿਲਾਂ ਇਹ ਕਮਰਸ਼ਲ ਸੁਣੋ।

ਕਮਰਸ਼ਲ:ਬੀਬੀਓ,ਭੈਣੋ ਤੇ ਭਰਾਵੋ। ਖੁਸ਼ਖਬਰੀ ਖੁਸ਼ਖਬਰੀ। ਪਹੁੰਚ ਗਏ ਪਹੁੰਚ ਗਏ। ਤੁਹਾਡੀ ਮਾੜੀ ਕਿਸਮਤ ਆਲਿਆਂ ਦੀ ਕਿਸਮਤ ਚਮਕਾਉਣ ਲਈ। ਤੁਹਾਡੀ ਰੇਖ 'ਚ ਮੇਖ ਮਾਰਨ ਲਈ। ਦੂਜਿਆਂ ਪਿੰਡਾਂ ਦੇ ਲੋਕਾਂ ਦਾ ਭੂਤ,ਭਵਿੱਖਤ ਸੁਆਰਦੇ ਹੋਏ,ਤੁਹਾਡੇ ਆਪਣੇ ਪਿੰਡ ਪਹੁੰਚ ਗਏ ਹਨ,ਪਹੁੰਚੇ ਹੋਏ ਮਹਾਨ ਸ਼ਾਸਤਰੀ,ਸਰਬ ਸ੍ਰੀ ਪੰਡਤ ਰੇਖ 'ਚ ਮੇਖ ਚੰਦ ਜੀ। ਹਾਂ ਜੀ ਪੰਡਤ ਰੇਖ 'ਚ ਮੇਖ ਚੰਦ ਜੀ ਉਹ ਕਾਰਨਾਮੇ ਕਰ ਸਕਦੇ ਹਨ ਜੋ ਕਦੀ ਨਾ ਤੁਸੀਂ ਸੁਣੇ ਹੋਣ ਤੇ ਨਾ ਕਿਸੇ ਨੂੰ ਦੱਸੇ ਹੋਣ। ਨਮੂਨੇ ਵਜੋਂ ਉਹਨੀਂ ਦੇਸ਼ੋਂ ਬੰਦੇ ਮੰਗਾਉਣ ਦਾ ਇਕ ਨਵਾਂ ਰਾਹ ਖੋਜ ਕੀਤਾ ਹੈ ਜਿਹਦੇ ਤੋਂ ਤੁਸੀਂ ਵੀ ਲਾਭ ਉਠਾ ਸਕਦੇ ਹੋ। ਜੇ ਕੋਈ ਤੁਹਾਡਾ ਸਿਆਣੀ ਉਮਰ ਦਾ ਮਾਈ ਬਾਪ ਜਾਂ ਸਬੰਧੀ ਦੇਸ਼ ਹੈ,ਜਿਹਨੂੰ ਤੁਸੀਂ ਇਥੇ ਮੰਗਾਉਣਾ ਚਾਹੁੰਦੇ ਆਂ,ਉਹਨੂੰ ਇਮੀਗਰੇਸ਼ਨ ਰਾਹੀਂ ਨਹੀਂ ਪ੍ਰਮਾਤਮਾ ਦੀ ਰਾਹੀਂ ਮੰਗਵਾਓ। ਪੰਡਤ ਰੇਖ 'ਚ ਮੇਖ ਚੰਦ ਜੀ ਸਲਾਹ ਦਿੰਦੇ ਹਨ ਕਿ ਇਕ ਦਮ ਦੇਸ਼ ਨੂੰ ਪੈਸੇ ਪਾਉਣੇ ਬੰਦ ਕਰ ਦਿਓ ਤਾਂ ਕਿ ਤੁਹਾਡੇ ਸਰਬੰਧੀ ਭੁੱਖ ਨਾਲ ਜਲਦੀ ਤੋਂ ਜਲਦੀ ਇਸ ਦੁਨੀਆਂ ਤੋਂ ਸਰੀਰ ਤਿਆਗ ਦੇਣ ਤੇ ਉਸ ਤੋਂ ਬਾਅਦ ਜਿਹੜਾ ਤੁਹਾਡੇ ਘਰ ਇਥੇ ਬੱਚਾ ਪੈਦਾ ਹੋਵੇਗਾ। ਉਹਦੇ ਵਿਚ ਤੁਹਾਡੇ ਸਰਬੰਧੀ ਦੀ ਰੂਹ ਆ ਸਕਦੀ ਹੈ। ਇਸ ਬਾਰੇ ਹੋਰ ਜਾਣਕਾਰੀ ਲਈ ਪੰਡਤ ਹੋਰਾਂ ਨੂੰ ਸਿਖਰ ਦੁਪਹਿਰੇ ਫੋਨ ਕਰੋ ਕਿਉਂਕਿ ਬਾਕੀ ਦਾ ਟਾਈਮ ਉਹ ਸੁੱਤੇ ਹੁੰਦੇ ਹਨ।

ਹ.ਸ.:ਹਾਂ ਜੀ,ਅੱਛਾ ਜੀ ਅਸੀਂ ਆਪਣੇ ਆਗੂ ਜੀ ਹੋਰਾਂ ਨਾਲ ਗੱਲਬਾਤ ਕਰ ਰਹੇ ਸੀ। ਮੁਆਫ ਕਰਨਾ ਕਮਰਸ਼ਲ ਜ਼ਰਾ ਲੰਮੀ ਹੋ ਗਈ।

ਕ.ਸ.:ਕੋਈ ਗੱਲ ਨਈ ਭਲਿਆ ਲੋਕਾਂ ਚੰਗੇ ਕੰਮਾਂ ਨੂੰ ਟੈਮ ਲਗਦਾ ਈ ਆ। ਨਾਲੇ ਮੈਨੂੰ ਵੀ ਪੰਡਤ ਦਾ ਫੋਨ ਦਈਂ। ਬੰਦਾ ਕਾਫੀ ਸਿਆਣਾ ਲਗਦਾ। ਸਾਡੇ ਵੀ ਇਕ ਦੋ ਬੰਦੇ ਅੜੇ ਹੋਏ ਆ ਪਿਛੇ ਜੇ ਕੋਈ ਗੱਲ ਬਣ ਸਕੇ।

ਹ.ਸ.:ਅੱਛਾ ਜੀ,ਤੁਸੀਂ ਸਾਨੂੰ ਇਹ ਦੱਸੋ ਪਈ ਤੁਸੀਂ ਇਸ ਮੁਲਕ 'ਚ ਕਦੋਂ ਪਧਾਰੇ।

ਕ.ਸ.:ਫਜ਼ੂਲ ਸਵਾਲ ਹੈ ਸਾਈਂ ਲੋਕਾ। ਅਸੀਂ ਹਮੇਸ਼ਾ ਹੀ ਆਉਂਦੇ ਰਹੇ ਹਾਂ ਜਦੋਂ ਤੋਂ ਸੰਗਤ ਨੇ ਇਧਰ ਨੂੰ ਚਾਲੇ ਪਾਏ ਆ।

ਹ.ਸ.:ਧੰਨ ਹੋ ਤੁਸੀਂ ਮਹਾਰਾਜ,ਅੱਛਾ ਇਹ ਦੱਸੋ ਪਈ ਤੁਹਾਡੀ ਹਮੇਸ਼ਾ ਹੀ ਇਸੇ ਤਰ੍ਹਾਂ ਮਹਿਮਾ ਰਹੀ ਹੈ ਜਾਂ ਕਦੀ ਕੋਈ ਮੁਸ਼ਕਲਾਂ ਦਾ ਵੀ ਸਾਹਮਣਾ ਕਰਨਾ ਪਿਆ।

ਕ.ਸ.:ਨਾ ਜੀ,ਰੱਬ ਦੀ ਮਿਹਰ ਨਾਲ ਹਮੇਸ਼ਾ ਹੀ ਰਹੀ ਹੈ। ਹਾਂ ਉਹ ਥੋੜ੍ਹਾ ਚਿਰ ਪਹਿਲੀਆਂ 'ਚ ਜਦੋਂ ਨਾ ਦੇਸ਼ ਗਰੇਜ਼ ਵਿਰੁੱਧ ਲੜਾਈ ਜਾਰੀ ਸੀ ਤਾਂ ਇਥੇ ਸਾਨੂੰ ਕੁਝਮੁਸ਼ਕਲਾਂ ਆਈਆਂ ਸਨ। ਸਾਡੀ ਗੱਦੀ ਨੂੰ ਕੁਛ ਖਤਰਾ ਭਾਸਿਆ ਸੀ। ਉਦੋਂ ਕੁਝ ਨੌਜਵਾਨਾਂ 'ਚ ਖੂਨ ਤੱਤਾ ਸੀ। ਉਨ੍ਹਾਂ ਵਿਚੋਂ ਕਈ ਗਏ ਸੀ ਵਾਪਸ ਦੇਸ਼ ਗਰੇਜ਼ ਵਿਰੁਧ ਲੜਨ। ਸਾਡੇ ਕਈ ਸਾਥੀਆਂ ਨੇ ਉਨ੍ਹਾਂ ਵਿਰੁਧ ਹੁਕਮਨਾਮੇ ਵੀ ਜਾਰੀ ਕੀਤੇ ਸਨ ਪਈ ਇਹ ਸਾਡੇ ਸਿੰਘ ਈ ਨਈਂ। ਹਾਂ ਜੀ,ਕਈ ਤਾਂ ਉਨ੍ਹਾਂ 'ਚੋਂ ਸੀਗੇ ਕੌਮਨਿਸ਼ਟ। ਬਾਅਦ 'ਚ ਪਤਾ ਲੱਗਾ ਜੀ ਏਸ ਗੱਲ ਦਾ।

ਹ.ਸ.:ਧੰਨ ਹੋ ਤੁਸੀਂ ਤੇ ਤੁਹਾਡੀ ਕੌਮ ਪ੍ਰਤੀ ਸੇਵਾ। ਅੱਛਾ ਜੀ,ਫੇਰ ਉਸ ਤੋਂ ਬਾਅਦ ਤਾਂ ਕੋਈ ਮੁਸ਼ਕਲ ਪੇਸ਼ ਨਹੀਂ ਆਈ।

ਕ.ਸ.:ਅਜੇ ਤਕ ਤਾਂ ਕੋਈ ਨਈ ਆਈ ਗੁਰਮੁਖਾ।

ਹ.ਸ.:ਅੱਛਾ ਜੀ,ਵੈਸੇ ਜੀ ਇਹ ਬੜੀ ਹੈਰਾਨੀ ਦੀ ਗੱਲ ਆ ਪਈ ਹੁਣ ਤਾਂ ਕਈ ਆਪਣੇ ਆਪ ਨੂੰ ਬਹੁਤ ਪੜ੍ਹੇ ਲਿਖੇ ਕਹਾਉਣ ਵਾਲੇ ਲੋਕ ਵੀ ਸੰਗਤ ਵਿਚ ਹੈਗੇ ਆ ਉਹ ਵੀ ਤੁਹਾਡੀ ਗੱਦੀ ਨੂੰ ਨਹੀਂ ਹਿਲਾ ਸਕੇ।

ਬਾਕੀ ਪੰਨਾ ੮ ਤੇ

**ਜਗਦੀਸ਼ ਸਿੰਘ** ਨੋਟਰੀ ਪਬਲਿਕ (ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ **ਇਮੀਗਰੇਸ਼ਨ ਸਲਾਹਕਾਰ**

ਕ੍ਰਿਸਮਿਸ ਤੇ ਨਵਾਂ ਸਾਲ ਮੁਬਾਰਕ!

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੇਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

Off. 324-6727

Res. 324-4160

#201 - 2001 East 36th Ave. [at victoria]
Vancouver. B.C. V5P 1C9



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

# 'ਕੈਨੇਡਾ ਦਰਪਣ' ਫੋਨ (604)581-4473


## I CAN HELP

I'm an Investors professional financial planner. It's my job to help you create and follow a personal financial plan.
I can help with :

- **Investment Funds**
- **Guaranteed Investment Certificates**
- **Registeres Retirement Savings Plans**
- **Estate Planning**
- **Life and Disability Insurance**
- **Annuities**



## ਮੈਂ ਤੁਹਾਡੀ ਮੱਦਦ ਕਰ ਸਕਦਾ ਹਾਂ

ਮੈਂ ਇਨਵੈਸਟਰਜ਼ ਦਾ ਪ੍ਰੋਫੈਸ਼ਨਲ ਫਾਈਨੈਂਨਸ਼ਲ ਪਲੈਨਰ ਹਾਂ। ਮੇਰਾ ਕੰਮ ਤੁਹਾਡੇ ਜ਼ਾਤੀ ਫਾਈਨੈਂਨਸ਼ਲ ਪਲੈਨ ਵਿਚ ਮੱਦਦ ਕਰਨਾ ਹੈ। ਮੈਂ ਤੁਹਾਨੂੰ ਇਨ੍ਹਾਂ ਬਾਰੇ ਸਲਾਹ ਦੇ ਸਕਦਾ ਹਾਂ !

- ਇਨਵੈਸਟਮੈਂਟ ਫੰਡਜ਼
- ਗਰੰਟੀਡ ਇਨਵੈਸਟਮੈਂਟ ਸਰਟੀਫੀਕੇਟ
- ਰਜਿਸਟਰਡ ਰੀਟਾਇਰਮੈਂਟ ਸੇਵਿੰਗਜ਼ ਪਲੈਨ
- ਇਸਟੇਟ ਪਲੈਨਿੰਗ
- ਜੀਵਨ ਬੀਮਾ ਤੇ ਦੁਰਘਟਨਾ ਬੀਮਾ
- ਐਨੀਉਟੀਜ਼

**Hardial Sidhu (Dale)**
**Tel: Bus. 682-5431**

*Investors* SYNDICATE LIMITED
MAIN FL., 789 WEST PENDER STREET / VANCOUVER, B.C. V6C 1H2 TELEPHONE BUS. 682-5431

**ਹਰਦਿਆਲ ਸਿੱਧੂ (ਡੇਲ)**
**Res: 591-2697**



FOR ANYTHING AND EVERYTHING FOR YOUR MARRIAGE NEEDS DON'T MISS TO VISIT YOUR OWN SHOP

**WE LEAD OTHERS FOLLOW**

# BRIDE & GROOM SHOP

Contact : **Sukhdev S. Saini Ph. (604) 324-5662**



- WEDDING ACCESSORIES ■ WEDDING CAKES
- WEDDING INIVITATIONS ■ CAKE ORNAMENTS
- CAR DECORATIONS ■ WEDDING FLOWERS
- GIFTS AND ALLIED ITEMS, etc.

LADIES TAILOR FOR PUNJABI SUITS, SARI BLOUSES & DRESSES



*Limousine Service* [Daily or Hourly]



**206 East 49th Ave. (at Main St.) Vancouver, B.C.**



# Success Through Service & Experience

**AWARD WINNER**
OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**
**Without any obligation, contact**

Buying, Selling or Trading

ਮਕਾਨ ਵੇਚਣ ਜਾਂ ਖ਼੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

## UNITED REALTY LTD.

2443 Kingsway, Vancouver, B.C. V5R 5G8



**Ajaib S. Janda**



# BHANDAL DRYWALL LTD.

**3397 Kingsway, Vancouver, B.C.**

**Ph. 430-5011**



**Vice President**
**Karnail S. Bhandal**

**President**
**Jarnail S. Bhandal** M.A.

ਪੰਨਾ 23 ਦੀ ਬਾਕੀ

ਕ.ਸ.:ਮੈਂ ਪਹਿਲਾਂ ਵੀ ਅਰਜ਼ ਕੀਤੀ ਸੀ ਪਈ ਇਹ ਜਿਹੜੀਆਂ ਸਕੂਲੀ ਪੜ੍ਹਾਈਆਂ । ਕੀ ਤੁਸੀਂ ਗੱਲ ਕਰਦੇ ਹੋ ਨਾ ਉਹ ਸਭ ਬੇ ਮੈਨਾ ਆ ਫਜ਼ੂਲ ਆ । ਜਿਹੜੀ ਤੁਸੀਂ ਪੜ੍ਹਿਆਂ ਲਿਖਿਆਂ ਦੀ ਗੱਲ ਕਰਦੇ ਹੋਂ ਨਾ ਉਹ ਟਪੂਸੀਆਂ ਖਾਂਦੇ ਫਿਰਦੇ ਨੇ । ਕਿਸੇ ਜਗ੍ਹਾ ਉਹ ਸਾਡੇ ਹੱਕ 'ਚ ਹੋ ਜਾਂਦੇ ਆ ਕਿਸੇ ਜਗ੍ਹਾ ਉਲਟ । ਸੰਗਤ ਨੂੰ ਪਤੇ ਬਈ ਇਹ ਪੜ੍ਹਾਈਆਂ ਫਜ਼ੂਲ ਐ ਉਹ ਇਨ੍ਹਾਂ ਪੜ੍ਹਾਕੂਆਂ ਨੂੰ ਮੂੰਹ ਹੀ ਨਈਂ ਲਾਉਂਦੀ ।

ਹ.ਸ.:ਅੱਛਾ ਜੀ,ਹੁਣ ਆਪਾਂ ਆਪਣੀ ਅਸਲੀ ਗੱਲ ਵੱਲ ਆਈਏ । ਸਾਡੇ ਸੁਣਨ ਵਾਲਿਆਂ ਦੀ ਜਾਣਕਾਰੀ ਲਈ ਇਹ ਦੱਸੋ ਪਈ ਇਹ ਪਿਛਲੇ ਅੱਸੀਆਂ ਨੱਬਿਆਂ ਸਾਲਾਂ 'ਚ ਆਪਣੀ ਕਮਿਊਨਿਟੀ ਨੇ ਕੀ ਤਰੱਕੀ ਕੀਤੀ ਆ ?

ਕ.ਸ.:ਬਹੁਤ ਤਰੱਕੀ ਕੀਤੀ ਐ ਮੋਤੀਆਂ ਆਲਿਓ । ਹੁਣ ਦੱਸੋ ਅਸੀਂ ਕਿਥੋਂ ਸ਼ੁਰੂ ਕਰੀਏ ?

ਹ.ਸ.:ਵਾਹ ਵਾਹ ਸਭ ਤੁਹਾਡੀ ਮੇਹਰਬਾਨੀ ਨਾਲ ਹੀ ਹੋਇਆ ਹੋਵੇਗਾ ਹਾਂ ਜਦੋਂ ਪਹਿਲੀਆਂ 'ਚ ਆਪਣੇ ਇਥੇ ਕਾਫੀ ਲੋਕ ਆਏ ਤਾਂ ਸਭ ਤੋਂ ਪਹਿਲਾਂ ਸਾਂਝਾ ਕੰਮ,ਜਾਣੀ ਕਿ ਇਕ ਕਮਿਊਨਿਟੀ ਦੇ ਤੌਰ 'ਤੇ ਕਿਹੜਾ ਕੰਮ ਕੀਤਾ ?

ਕ.ਸ.:ਬਾਜੇ ਹੋ ਤੁਸੀਂ ਵੀ ਗੁਰਮੁਖੋ । ਪੁੱਛਦੇ ਹੋ ਸਭ ਤੋਂ ਪਹਿਲਾਂ ਕੰਮ ਕਿਹੜਾ ਕੀਤਾ । ਜੀ ਗੁਰਦਵਾਰਾ ਉਸਾਰਿਆ । ਸੰਗਤ ਦੇ ਸਿਰ ਢੱਕਣ ਲਈ ਗੁਰੂ ਘਰ ਦੀ ਉਸਾਰੀ ਕੀਤੀ ।

ਹ.ਸ.:ਵਾਹ ਵਾਹ ਧੰਨ ਹੋ ਤੁਸੀਂ ਤੇ ਤੁਹਾਡੇ ਕੰਮ ਵੀ ਧੰਨ ਧੰਨ । ਅੱਛਾ ਜੀ ਫੇਰ ਉਸ ਤੋਂ ਬਾਅਦ ?

ਕ.ਸ.:ਉਸ ਤੋਂ ਬਾਅਦ ਕੀ ?

ਹ.ਸ.:ਜਾਣੀ ਕਿ ਕਮਿਊਨਿਟੀ ਨੇ ਸਾਂਝੇ ਤੌਰ 'ਤੇ ਹੋਰ ਕਿਹੜਾ ਕੰਮ ਕੀਤਾ ?

ਕ.ਸ.:ਉਹ ਜੀ ਫੇਰ ਜਿਉਂ ਜਿਉਂ ਸੰਗਤ ਵਧੀ ਤੇ ਹੋਰਨਾਂ ਮਿਲਾਂ 'ਚ ਕੰਮ ਮਿਲਣ ਲੱਗੇ ਫੇਰ ਉਥੇ ਵੀ ਗੁਰੂ ਘਰਾਂ ਦੀ ਉਸਾਰੀ ਕੀਤੀ ਗਈ ।

ਹ.ਸ.:ਅੱਛਾ ਜੀ,ਸੱਚ ਉਹ ਪਹਿਲਾਂ ਗੁਰਦੁਆਰਾ ਕਿਹੜੀ ਜਗ੍ਹਾ ਉਸਾਰਿਆ ਗਿਆ ਸੀ ?

ਕ.ਸ.:ਗੁਰਮੁਖਾ ਤੂੰ ਤਾਂ ਸੱਚੀ ਢੋਲਾ ਈ ਆਂ । ਤੈਨੂੰ ਆਪਣੀ ਕੌਮ ਦੇ ਇਤਿਹਾਸ ਬਾਰੇ ਰਤਾ ਵੀ ਜਾਣਕਾਰੀ ਨਈ । ਪਹਿਲਾ ਗੁਰੂ ਘਰ ਵੈਨਕੂਵਰ ਸ਼ਹਿਰ,ਜਿਹੜੀ ਕਿ ਮਸ਼ਹੂਰ ਬੰਦਰਗਾਹ ਸੀ ਉਥੇ ਪਾਇਆ ਸੀ ਉਸ ਗੁਰੂ ਘਰ ਤਾਂ ਬੜੀਆਂ ਇਤਿਹਾਸਕ ਘਟਨਾਵਾਂ ਵਾਪਰੀਆਂ ਸਨ । ਉਹ ਤਾਂ ਸਾਰੇ ਨਾਰਥ ਅਮਰੀਕਾ 'ਚ ਪਹਿਲਾ ਗੁਰੂ ਘਰ ਸੀ ਜੋ ਅਸੀਂ ਉਸਾਰਿਆ ਸੀ । ਮੇਰਾ ਮੰਨ ਦੁਖੀ ਆ ਗੁਰਮੁਖਾ ਤੇਰੇ 'ਤੇ ਤੈਨੂੰ ਆਪਣੇ ਇਤਿਹਾਸ ਦੀ ਵਾਕਫੀ ਵੀ ਨਹੀਂ ਮਾਣ ਕੀ ਹੋਵੇਗਾ । ਇਹਦੇ ਬਾਰੇ ਕੁਝ ਪੜ੍ਹਿਆ ਪੁੜਿਆ ਕਰ ਤੂੰ ਤਾਂ ਸੁਣਿਆਂ ਪੋਥੀ ਵਾਚ ਲੈਨਾਂ ।

ਹ.ਸ.:ਹੀਂ ਹੀਂ ਤੁਹਾਡੀ ਗੱਲ ਤਾਂ ਠੀਕ ਆ ਜੀ । ਉਦਾਂ ਤਾਂ ਮੈਂ ਜੀ ਐਮ.ਏ.ਪੜ੍ਹਿਆਂ । ਪਰ ਹੁਣ ਤੁਹਾਨੂੰ ਪਤਾ ਈ ਆ ਨਿਆਣੇ ਵੀ ਪਾਲਣੇ ਹੋਏ ਕਿਹੜਾ ਇਥੇ ਮਰਿਆਂ ਦੀਆਂ ਕਹਾਣੀਆਂ ਪੜ੍ਹਦਾ ਫਿਰੇ । ਪਰ ਜੀ ਉਹ ਜਿਹੜੇ ਇਤਿਹਾਸਕ ਮਹੱਤਤਾ ਵਾਲੇ ਗੁਰੂ ਘਰ ਦੀ ਤੁਸੀਂ ਗੱਲ ਕਰਦੇ ਹੋ ਮੈਂ ਸੁਣਿਆ ਸੀ ਪਈ ਉਹ ਤਾਂ ਤੁਸੀਂ ਵੇਚ ਦਿੱਤਾ ਸੀ ਵਾਹਲਾ ਤਾਂ ਤੁਸੀਂ ਵੀ ਨਈ ਖਿਆਲ ਕੀਤਾ ਲਗਦੈ ਉਹਦੀ ਕੌਮ ਲਈ ਮਹੱਤਤਾ ਦਾ ।

ਕ.ਸ.:ਉਹ ਭਲਿਆ ਗੁਰਮੁਖਾ ਅਕਸਰ ਨੂੰ ਸੀ ਤਾਂ ਉਹ ਵੀ ਲੱਕੜੀ ਦੀ ਬਿਲਡਿੰਗ ਈ । ਉਥੇ ਕਿਹੜਾ ਸਾਡੇ ਕਿਸੇ ਗੁਰੂ ਦੇ ਪੈਰ ਪਏ ਸਨ । ਤੂੰ ਹੀ ਦੱਸ ਉਥੇ ਕਿਹੜੇ ਗੁਰੂ ਦਾ ਪੰਜਾ ਲੱਗਾ ਸੀ ਜਾਂ ਕਿਹੜੇ ਗੁਰੂ ਦੇ ਘੋੜੇ ਨੇ ਪੌੜ ਮਾਰਿਆ ਸੀ । ਅਸੀਂ ਮਿਲਾਂ 'ਚ ਕੰਮ ਕਰਦੇ ਸੀ । ਸਸਤਾ ਲੰਬਰ ਲੈ ਕੇ ਬਣਾਇਆ ਸੀ ਆਪੇ ਈ ਢਾਹ ਤਾ ।

ਹ.ਸ.:ਬੜੇ ਦ੍ਰਿੜ ਇਰਾਦੇ ਨੇ ਜੀ ਤੁਹਾਡੇ । ਕਿੰਨਾ ਕੁਝ ਸਿੱਖ ਸਕਦਾ ਤੁਹਾਡੇ ਕੋਲੋਂ ਹਰ ਇਨਸਾਨ । ਅੱਛਾ ਤੁਸੀਂ ਦੂਜੇ ਗੁਰੂ ਘਰਾਂ ਬਾਰੇ ਦੱਸਣ ਲੱਗੇ ਸੀ ?

ਕ.ਸ.:ਹਾਂ ਫੇਰ ਜਿਥੇ ਵੀ ਸੰਗਤ ਨੂੰ ਫੱਟੇ ਖਿੱਚਣ ਦਾ ਚਾਂਸ ਮਿਲਦਾ ਰਿਹਾ ਉਥੇ ਗੁਰੂ ਘਰ ਉਸਰਦੇ ਗਏ । ਵੈਨਕੂਵਰ ਆਈਲੈਂਡ ਤੇ ਵੀ ਪਏ ਫੇਰ ਐਬਟਸਫੋਰਡ ਪੀ ਪਿਆ ਫੇਰ ਇਥੇ ਨਿਊਵੈਸਟਮਨਿਸਟਰ ਵੀ ਪਿਆ ਉਹਨੂੰ ਮਿਲ ਸੈਡ ਕਹਿੰਦੇ ਸੀ । ਸੰਗਤ ਨੇ ਮਿਲ ਦੇ ਲਾਗੇ ਈ ਪਾਇਆ ਸੀ ਆਉਣ ਜਾਣ ਦੀ ਸੌਖ ਰਹਿੰਦੀ ਸੀ ।

ਹ.ਸ.:ਅੱਛਾ ਜੀ,ਫੇਰ ਕਮਿਊਨਿਟੀ ਨੇ ਪਹਿਲੀਆਂ 'ਚ ਤੁਹਾਡੀ ਅਗਵਾਈ ਵਿਚ ਹੋਰ ਕੀ ਤਰੱਕੀ ਕੀਤੀ ?

ਕ.ਸ.:ਤਰੱਕੀਆਂ ਕਿਥੇ ਹੋਈਆਂ ਸਭ ਰੁਕ ਗਈਆਂ । ਤੈਨੂੰ ਪਤਾ ਇਹ ਚਿੱਟੀ ਚਮੜੀ ਵਾਲੇ ਕਦੀ ਕਦੀ ਆਪਾਂ ਨੂੰ ਬਾਹਲੇ ਲੈਕ ਨਈ ਕਰਦੇ । ਇਨ੍ਹਾਂ ਆਪਣਾ ਆਉਣਾ ਜਾਣਾ ਐਸਾ ਬੰਦ ਕੀਤਾ ਜਾ ਕੇ ਦੂਜੀ ਵੱਡੀ ਲੜਾਈ ਤੋਂ ਬਾਅਦ ਕੋਟਾ ਸਿਸਟਮ ਸ਼ੁਰੂ ਕੀਤਾ ।

ਹ.ਸ.:ਹਾਂ ਜੀ,ਦਸਦੇ ਆ ਪਈ ਪਹਿਲੀਆਂ ਚ ਉਹ ਗੋਰਾ ਹਾਪਕਿਨਸਨ ਆਪਣੇ ਲੋਕਾਂ ਦੇ ਬਾਹਲਾ ਈ ਖਿਲਾਫ ਸੀ ।

ਕ.ਸ.:ਨਹੀਂ ਉਹ ਗੁਰਮੁਖਾ ਗੱਲ ਦਰ ਅਸਲ ਇਦਾਂ ਨਈ ਸੀ ਜਿਦਾਂ ਹੁਣ ਦੱਸੀ ਜਾਂਦੀ ਆ । ਅਸਲ 'ਚ ਹਾਪਕਨ ਸੌਂਹ ਬੰਦਾ ਮਾੜਾ ਨਹੀਂ ਸੀ । ਉਹ ਤਾਂ ਅੰਦਰੋਂ ਆਪਣੀ ਕੌਮ ਦੀ ਮੱਦਦ ਕਰਨੀ ਚਾਹੁੰਦਾ ਸੀ ਹਮੇਸ਼ਾ । ਹਾਂ ਥੋੜ੍ਹਾ ਜਿਹਾ ਲਾਲਚੀ ਸੀ ਪੈਸੇ ਦਾ ਸਗੋਂ ਉਹੀ ਤਾਂ ਸਾਡੇ ਲਈ ਵਧੀਆ ਗੱਲ ਸੀ । ਪੈਸੇ ਦੇ ਕੇ ਜਿਹੜਾ ਮਰਜ਼ੀ ਉਹਤੋਂ ਕੰਮ ਕਰਾ ਲਉ । ਪਰ ਨਈ ਸਾਡੀ ਕੌਮ ਨੂੰ ਅਕਲ ਕਿੱਥੇ । ਸਾਡੇ ਤਾਂ ਬੰਦੇ ਉਦੋਂ ਬਾਹਲੇ ਈ ਯੁਧਿਸ਼ਟਰ ਬਣਿਉ ਸੀ ਅਕੇ ਜੀ ਹਮ ਤੋ ਸੱਚ 'ਤੇ ਚੱਲੇਂਗੇ । ਚੱਲ ਲੋ । ਉਦੋਂ ਨਾ ਲੈਂਦੇ ਹਾਪਕਨ ਸੌਂਹ ਨਾਲ ਪੰਗਾ ਤਾਂ ਕਮਿਊਨਿਟੀ ਦਾ ਨਕਸ਼ਾ ਹੁਣ ਹੋਰ ਹੋਣਾ ਸੀ । ਉਦੋਂ ਜੀ ਥੋੜ੍ਹਾਂ ਚਿਰ ਬੜੀ ਧਾਂਦਲੀ ਉੜੀ ਰਹੀ ਏਥੇ ਕੀ ਕਮਿਊਨਿਸ਼ਟ ਕੀ ਹਿੰਦੂ,ਕੀ ਮੁਸਲਮਾਨ ਸਾਰੇ ਈ ਗੁਰੂ ਘਰ 'ਚ ਚੌਧਰੀ ਹੁੰਦੇ ਸੀ ਉਦੋਂ । ਸਾਡੀ ਤਾਂ ਉਦੋਂ ਸੁਣੀ ਈ ਨਈ ਕਿਸੇ ਨੇ ।

ਹ.ਸ.:ਅੱਛਾ ਜੀ,ਫੇਰ ਤਾਂ ਕਮਿਊਨਿਟੀ ਦੀ ਤਰੱਕੀ ਰੁਕੀ ਰਹੀ ਕਾਫੀ ਚਿਰ ।

ਕ.ਸ.:ਹਾਂ ਜੀ,ਇਹ ਦੇਖ ਲਓ ਪਈ ਪੰਜਵੇਂ ਦਹਾਕੇ ਦੇ ਅੱਧ ਤੱਕ ਨਈ ਸਾਡੇ ਕੋਲੋਂ ਕੋਈ ਨਵਾਂ ਗੁਰੂ ਘਰ ਉਸਾਰ ਹੋਇਆ ।

ਹ.ਸ.:ਫੇਰ ਉਦੋਂ ਸੰਗਤ ਵੱਧ ਗਈ ਸੀ ?

ਕ.ਸ.:ਨਈ ਸੰਗਤ ਤਾਂ ਬਾਅਦ 'ਚ ਵਧੀ ਆ । ਉਦੋਂ ਤਾਂ ਉਦਾਂ ਈ ਕੇਸਾਂ ਆਲੇ ਸਿੱਖਾਂ ਦਾ ਤੇ ਮੋਨੇ ਸਿੱਖਾਂ ਵਿਚਾਲੇ ਝਗੜਾ ਚੱਲ ਪਿਆ ਸੀ । ਏਸ ਕਰਕੇ ਫੇਰ ਇਕ ਧਿਰ ਨੂੰ ਨਵਾਂ ਅਸਥਾਨ ਬਣਾਉਣਾ ਪਿਆ ।

ਹ.ਸ.:ਤਾਂ ਤੁਸੀਂ ਜੀ ਫੇਰ ਕਿਧਰਲੇ ਪਾਸੇ ਰਹੇ?

ਕ.ਸ.:ਸੱਚ ਮੁਚ ਭੋਲਾ ਪੰਛੀ ਆਂ ਤੂੰ ਗੁਰਮੁਖਾ । ਡੂੰਘੀ ਗੱਲ ਨਈ ਸਮਝਦਾ ਆਪਾਂ ਦੋਨੀਂ ਪਾਸੀ ਸੀ । ਤੂੰ ਥੋੜ੍ਹਾ ਬਾਹਲਾ ਸਾਡੇ ਕੋਲ ਆਇਆ ਕਰ ਤੈਨੂੰ ਕਿਸੇ ਗੱਲ ਦਾ ਪਤਾ ਲੱਗੇ ।

ਹ.ਸ.:ਜ਼ਰੂਰ ਜੀ ਜ਼ਰੂਰ । ਸ਼ੁਕਰੀਆ ਜਿਹੜਾ ਤੁਸੀਂ ਮੈਨੂੰ ਇਸ ਕਾਬਲ ਸਮਝਿਆ । ਅੱਛਾ ਆਪਾਂ ਕਾਫੀ ਗੱਲਬਾਤ ਕਰ ਲਈ ਆ । ਅਜੇ ਹੋਰ ਵੀ ਕਰਨੀ ਆ । ਪਹਿਲਾਂ ਇਕ ਕਮਰਸ਼ਲ ਨਾ ਕਰ ਲਈਏ ?

ਕ.ਸ.:ਨਹੀਂ ਯਾਰ ਤੂੰ ਪਹਿਲਾਂ ਇਹ ਕਿੱਸਾ ਨਬੇੜ । ਅਸੀਂ ਜਾ ਕੇ ਕਈ ਕੌਮ ਦੇ ਕੰਮ ਕਰਨੇ ਆ । ਨਾਲੇ ਤੂੰ ਤਾਂ ਇਹ ਸਵਾਲ ਜਵਾਬ ਈ ਬੜੇ ਔਰੇ ਕਰਦਾਂ । ਕਿਤੇ ਸਾਡਾ ਸੰਗਤ ਨਾਲ ਕੋਈ ਪੰਗਾ ਈ ਨਾ ਪੁਆ ਦਈਂ । ਮੈਂ ਤਾਂ ਕਿਹਾ ਪਈ ਤੂੰ ਸਾਥੋਂ ਰੱਬੀ ਗਿਆਨ ਦੀਆਂ ਗੱਲਾਂ ਹਾਲਾਂ ਪੁੱਛਣੀਆਂ ਹੋਣੀਆਂ । ਉਹ ਤਾਂ ਅਸੀਂ ਵਥੇਰੀਆਂ ਕਰ ਲਈਦੀਆਂ । ਪਰ ਤੂੰ ਤਾਂ ਆ ਹੋਰ ਈ...

ਹ.ਸ.:ਚਲੋ ਆਪਾਂ ਛੇਤੀ ਗੱਲ ਨਬੇੜ ਲੈਨੇ ਆਂ । ਅੱਛਾ ਜੀ ਜਦੋਂ ਆਹ ਹੁਣ ਇਥੇ ਆਪਣੀ ਸੰਖਿਆ ਕਾਫੀ ਵਧ ਗਈ ਤਾਂ ਫੇਰ ਤੁਹਾਡੀ ਅਗਵਾਈ 'ਚ ਕਮਿਊਨਿਟੀ ਨੇ ਕੀ ਤਰੱਕੀ ਕੀਤੀ ?

ਕ.ਸ.:ਹਾਂ ਜੀ ਤਰੱਕੀ ਤਾਂ ਸੰਖਿਆ ਵੱਧਣ ਤੋਂ ਇਕ ਤਰ੍ਹਾਂ ਪਹਿਲਾਂ ਈ ਸ਼ੁਰੂ ਹੋ ਗਈ । ਜਿਦਾਂ ਅਸੀਂ ਵੈਨਕੂਵਰ ਦੋ ਗੁਰੂ ਘਰ ਕਰ ਦਿੱਤੇ ਇਦਾਂ ਈ ਵਿਕਟੋਰੀਆ,ਪੋਰਟਅਲਬਰਨੀ ਸਭ ਥਾਈਂ ਇਦਾਂ ਈ ਹੋਈ ਸੀ ।

ਹ.ਸ.:ਉਨ੍ਹਾਂ ਥਾਵਾਂ 'ਤੇ ਕੀ ਜ਼ਰੂਰਤ ਪੈ ਗਈ ਸੀ ਦੋਹਰੇ ਕੰਮ ਕਰਨ ਦੀ ।

ਕ.ਸ.:ਗਲ ਜ਼ਰੂਰਤ ਦੀ ਨਈ ਹੁੰਦੀ ਮਸਲੇ ਦੀ ਹੁੰਦੀ । ਮਸਲਾ ਖੜ੍ਹਾ ਹੋ ਜਾਵੇ ਫੇਰ ਕੌਮ ਦੇ ਕੰਮ ਨਈ ਰੁਕਦੇ । ਨਾਲੇ ਮਸਲੇ ਕਿਤਿਓਂ ਲੈਣ ਜਾਣੇ । ਹੋਰ ਕੋਈ ਨਾ ਲੱਭੇ ਤਾਂ ਆਪਾਂ ਮਲਵਈਆਂ ਦੁਆਬੀਆਂ ਦਾ ਖੜ੍ਹਾ ਕਰ ਦਿੱਤਾ ।

ਹ.ਸ.:ਬੜੇ ਸੁਲਝੇ ਹੋਏ ਨੀਤੀਵਾਨ ਹੋ ਜੀ ਤੁਸੀਂ ।

ਕ.ਸ.:ਸਮਾਂ ਸਖਾਲਦਾ ਸੱਭ ਕੁਛ ਬੰਦੇ ਨੂੰ ਗੁਰਮੁਖਾ । ਗੁਰੂ ਸਾਹਿਬਾਨ ਨੇ ਫੁਰਮਾਇਆ ਲੋੜ ਕਾਢ ਦੀ ਮਾਂ ਹੈ ।

ਹ.ਸ.:ਵਾਹ ਵਾਹ । ਕਿਸੇ ਵੇਲੇ ਫੇਰ ਤੁਹਾਡੇ ਨਾਲ ਗਿਆਨ ਦੀਆਂ ਗੱਲਾਂ ਕਰਾਂਗੇ । ਹੁਣ ਆਪਾਂ ਕਮਿਊਨਿਟੀ ਦੀ ਤਰੱਕੀ ਬਾਰੇ ਗੱਲ ਅੱਗੇ ਤੋਰੀਏ ।

ਕ.ਸ.:ਹਾਂ ਜੀ ਬੱਸ ਤਰੱਕੀ ਦੀ ਇਹ ਗੱਲ ਆ ਪਈ ਆਗੂ ਨੂੰ ਪਤਾ ਹੋਵੇ ਕੀ ਕਰਨਾ ਸੰਗਤ ਤਾਂ ਫੇਰ ਆਪੇ ਮਗਰ ਲੱਗ ਈ ਜਾਂਦੀ ਆ । ਤੇ ਪ੍ਰਮਾਤਮਾ ਦੀ ਕਿਰਪਾ ਨਾਲ ਆਪਾਂ ਨੂੰ ਲੰਮੇ ਤਜਰਬੇ ਨਾਲ ਇਸ ਗੱਲ ਦਾ ਤਾਂ ਪਤਾ ਈ ਆ ਪਈ ਸੰਗਤ ਕੀ ਚਾਹੁੰਦੀ ਆ ।

ਹ.ਸ.:ਅੱਛਾ ਜੀ ਫੇਰ ਟੈਮ ਥੋੜ੍ਹਾ ਰਹੀ ਜਾਂਦਾ ਆਪਾਂ ਬਾਹਲੀ ਗੱਲ ਲੰਮੀ ਨਾ ਕਰੀਏ ।

ਕ.ਸ.:ਨਾ ਲੰਮੀ ਕੀ ਕਰਨੀ ਆ । ਗੱਲ ਲੰਮੀ ਤਾਂ ਹੈ ਹੀ ਨਈ । ਬੱਸ ਜਦੋਂ ਸੰਗਤ ਬਾਹਲੀ ਆਈ ਆਹ ਪੈਂਹਠ ਸੱਤਰ ਤੋਂ ਬਾਅਦ ਤੇ ਜਿਥੇ ਜਿਥੇ ਉਨ੍ਹਾਂ ਨੂੰ ਕੰਮ ਮਿਲਦਾ ਰਿਹਾ ਉਥੇ ਉਥੇ ਸਾਡੀ ਅਗਵਾਈ ਥੱਲੇ ਉਹਨੀਂ ਗੁਰੂ ਘਰਾਂ ਦੀ ਉਸਾਰੀ ਕੀਤੀ । ਹੁਣ ਤੁਸੀਂ ਦੇਖ ਲਓ ਪਈ ਵੈਨਕੂਵਰ ਤੋਂ ਲੈ ਕੇ ਮਾਂਟਰੀਅਲ ਤਾਈਂ ਕੋਈ ਥਾਂ ਹੈ ਜਿਥੇ ਸਾਡੀ ਅਗਵਾਈ ਥੱਲੇ ਗੁਰੂ ਘਰ ਨਈਂ ਬਣਿਆ । ਹਾਂ ਦੱਸੋ ।

ਹ.ਸ.:ਨਈ ਜੀ । ਹਰ ਜਗ੍ਹਾ ਹੈ । ਅੱਛਾ ਮੈਂ ਇੱਕ ਹੋਰ ਨਿੱਕੀ ਜਿਹੀ ਗੱਲ ਕਲੀਅਰ ਕਰਨੀ ਚਾਹੁੰਦਾ ਸੀ । ਉਹ ਆ ਪਈ ਫਿਰ ਸਾਰੇ ਗੁਰੂ ਘਰਾਂ 'ਚ ਉਹ ਲੜਾਈ ਝਗੜਾ ਕਿਉਂ ਹੁੰਦਾ ਰਹਿੰਦਾ ਏਨਾਂ ?

ਕ.ਸ.:ਬਈ ਹੁਣ ਤੇਰੇ ਕੋਲੋਂ ਕੀ ਲਕੋ ਆ । ਦਰਅਸਲ ਨਾ ਆ ਜਿਹੜੇ ਕਈ ਦੇਸ਼ੋਂ ਆਉਂਦੇ ਆ ਨਾ ਆਪਣੇ ਆਪ ਨੂੰ ਪੜ੍ਹੇ ਲਿਖੇ ਕਹਾਉਣ ਵਾਲੇ ਇਹ ਸਾਨੂੰ ਗੱਦੀਉਂ ਲਾਹੁਣਾ ਚਾਹੁੰਦੇ ਆ । ਵਿਚੋਂ ਅਸਲੀ ਗੱਲ ਤਾਂ ਇਹੋ

ਬਾਕੀ ਪੰਨਾ 26 ਉੱਤੇ

ਪੁਰਸ਼ਾਂ ਤੇ ਮਹਿਲਾਵਾਂ ਵਿਚ ਕ੍ਰਿਕਟ ਦਾ ਪ੍ਰਦਰਸ਼ਨੀ ਮੈਚ ਹੋ ਰਿਹਾ ਸੀ । ਚੰਗੀ ਬੈਟਿੰਗ ਲਈ ਪ੍ਰਸਿੱਧ ਪੁਰਸ਼-ਟੀਮ ਦਾ ਕਪਤਾਨ ਦੋਨਾਂ ਹੀ ਵਾਰੀਆਂ ਵਿਚ ਬਿਨਾਂ ਕੋਈ ਰਨ ਬਣਾਏ ਆਊਟ ਹੋ ਗਿਆ । ਇਕ ਪੱਤਰਕਾਰ ਨੇ ਪੁੱਛਿਆ,"ਤੁਹਾਡੀ ਇਸ ਬੁਰੀ ਗਤ ਦਾ ਕਾਰਨ ?"

"ਸ਼ਾਇਦ ਤੁਹਾਨੂੰ ਪਤਾ ਨਹੀਂ,ਦੋਨੋਂ ਵਾਰ ਮੈਂ ਜਿਸ ਦੀ ਗੇਂਦ ਤੋਂ ਆਊਟ ਹੋਇਆ ਹਾਂ,ਉਹ ਮੇਰੀ ਪਤਨੀ ਹੈ ਅਤੇ ਆਊਟ ਨਾ ਹੋ ਕੇ ਮੈਂ ਆਪਣੀ ਜ਼ਿੰਦਗੀ ਹਰਾਮ ਨਹੀਂ ਕਰਨਾ ਚਾਹੁੰਦਾ ਸੀ ।"ਕਪਤਾਨ ਨੇ ਉਤਰ ਦਿੱਤਾ ।


CAR CITY

13286 King George HWY, Surrey

Ph. 584-7666

Used ਕਾਰਾਂ, ਵੈਨਾਂ ਜਾਂ ਪਿਕ ਅੱਪ ਠੀਕ ਤੇ ਸਸਤੀ ਕੀਮਤ ਤੇ ਖ੍ਰੀਦੋ

We Buy, Sell and Trade

Financing Available

O.A.C.

ਫੋਨ ਕਰੋ ਜਾਂ ਮਿਲੋ

ਜਗਰੂਪ (ਜੱਗਾ) ਰਾਏ



ਜਗਰੂਪ ਸਿੰਘ

Mon. - Fri. 9 a.m. to 9 p.m.

Sat. — 9 a.m. to 5 p.m. [Sunday on Appointment only]

NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti

representative

320, 815 West Hastings St.

Vancouver, B.C. V6C 2W1

Bus. 685-9335

Res. 522-7167

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

PAUL'S



PLUMBING & ELECTRICAL SUPPLY

4774 Main Street, (At 32nd.)

Vancouver, B.C.

PH: 872-3118 (Supply)

872-7227 (Service)

"Free customer parking at rear" OPEN SUNDAYS

[illegible]

ਹੁੰਦੀ ਆ ਬਾਕੀ ਤਾਂ ਐਵੇਂ ਵਕਤੀ ਜਿਹੀਆਂ ਗੱਲਾਂ ਹੁੰਦੀਆਂ ।

ਹ.ਸ.:ਸਿਰੇ ਦੀ ਗੱਲ ਕੀਤੀ ਜੀ ਤੁਸੀਂ । ਇਕ ਹੋਰ ਸਵਾਲ ਮੇਰੇ ਮਨ 'ਚ ਰੜਕਦਾ ਉਤੋਂ ਸ਼ਾਇਦ ਮੇਰੀ ਅਲੋਂ ਤਾਂ ਗੱਲ ਖਤਮ ਈ ਸਮਝੋ । ਸਾਡੇ ਸਰੋਤਿਆਂ ਦੀ ਜਾਣਕਾਰੀ ਲਈ ਇਹ ਦੱਸੋ ਪਈ ਕਮਿਊਨਿਟੀ ਦੇ ਹੋਰ ਕਿੰਨੇ ਕੁ ਸਾਂਝੇ ਕੰਮ ਹੋਏ ਆ ਤੁਹਾਡੀ ਅਗਵਾਈ ਵਿਚ ?

ਕ.ਸ.:ਸਾਰੇ ਈ ਹੋਏ ਆ । ਸਾਡੀ ਅਗਵਾਈ 'ਚ ਈ ਹੋਏ ਆ ।

ਹ.ਸ.:ਨਹੀ ਮੈਂ ਚਾਹੁੰਦਾ ਸੀ ਪਈ ਤੁਸੀਂ ਆਪਣੇ ਸ਼ਬਦਾਂ 'ਚ ਦਸਦੇ ਪਈ ਹੋਰ ਕਿਹੜੇ ਕਿਹੜੇ ਕੰਮ ਕੀਤੇ । ਜਿਦਾਂ ਪਈ ਹੁਣ ਕਿਥੇ ਕਿਥੇ ਤੁਸੀਂ ਕਮਿਊਨਿਟੀ ਦੇ ਨੌਜਵਾਨਾਂ ਲਈ ਖੇਡਾਂ ਦੇ ਥਾਂ ਸਥਾਪਤ ਕੀਤੇ । ਬਜ਼ੁਰਗਾਂ ਦੇ ਬੈਠਣ ਉਠਣ ਲਈ ਕੇਂਦਰ ਬਣਾਏ । ਦੇਸ਼ੋਂ ਆਉਣ ਵਾਲੇ ਨਵੇਂ ਲੋਕਾਂ ਦੀਆਂ ਸਹੂਲਤਾਂ ਲਈ ਕੋਈ ਥਾਂ ਬਣਾਏ ਹੋਣਗੇ । ਕਮਿਊਨਿਟੀ 'ਚ ਕਈ ਵਾਰੀ ਗਰੀਬ ਬੰਦਿਆਂ ਨਾਲ ਜਾਂ ਔਰਤਾਂ ਨਾਲ ਘਰਾਂ 'ਚ ਮਾਰ ਕੁੱਟ ਹੋ ਜਾਂਦੀ ਉਨ੍ਹਾਂ ਦੀ ਮੱਦਦ ਲਈ ਕੋਈ ਉਪਰਾਲਾ ਕੀਤਾ ਹੋਊ । ਆਪਣੀ ਬੋਲੀ,ਗੀਤ ਸੰਗੀਤ,ਲੋਕ-ਨਾਚ ਹੋਰ ਸਭਿਆਚਾਰ ਗੱਲਾਂ ਦਾ ਪ੍ਰਬੰਧ ਕੀਤਾ ਹੋਊ । ਆਪਾਂ ਨਾਲ ਹੁੰਦੇ ਨਸਲੀ ਵਿਤਕਰੇ ਦੇ ਖਿਲਾਫ ਕੋਈ ਜਥੇਬੰਦਕ ਕੰਮ ਕੀਤੇ ਹੋਣਗੇ....

ਕ.ਸ.:(ਵਿਚੋਂ ਟੋਕ ਕੇ) ਉਹ ਖੜ ਜਾ ਬਈ ਖੜ ਜਾ ਗੁਰਮੁਖਾ ਇਹ ਤੂੰ ਕੀ ਗੁੱਗਾ ਗਾਉਣ ਲੱਗ ਪਿਆਂ । ਇਹ ਕੋਈ ਕੰਮ ਕਮਿਊਨਿਟੀ ਦੇ ਕਰਨ ਆਲੇ ਆ । ਨਾਲੇ ਉਨ੍ਹਾਂ ਚੋਂ ਕਈ ਤਾਂ ਅਸੀਂ ਕਰਦੇ ਈਆਂ । ਹਾਂ ਆਹ ਨਿਆਣਿਆਂ ਨੂੰ ਸ਼ਬਦ ਸਿਖਾਲੀਦੇ ਆ ਬਾਜਾ ਸਖਾਲੀਦਾ ਹੋਰ ਸੰਗੀਤ ਹੁਣ ਤੂੰ ਕੀ ਨਗੌਜੇ ਭਾਲਦਾਂ । ਗੱਲਾਂ ਤਾਂ ਦੇਖ ਤੂੰ ਕਿਵੇਂ ਕਰੀ ਜਾਨਾਂ । ਮੈਨੂੰ ਤਾਂ ਤੂੰ ਕਿਸੇ ਦਾ ਚੱਕਿਆ ਚਕਾਇਆ ਲਗਦਾਂ । ਅਖੇ ਬੁੜ੍ਹਿਆਂ ਦੇ ਬੈਠਣ ਲਈ ਥਾਂ ਨਈ ਬਣਾਇਆ । ਉਹ ਜਿਹੜੇ ਘਰ ਨਈ ਟਿਕ ਕੇ ਬਹਿੰਦੇ ਉਹ ਬਾਹਰ ਤੇਰਾ ਮੂਹੜਾ ਦਿਤੇ ਤੇ ਬਹੁਤ ਬਹਿ ਜਾਣਗੇ । ਅਖੇ ਜ਼ਨਾਨੀਆਂ ਨੂੰ ਮਾਰ ਕੁੱਟ ਹੁੰਦੀ ਆ । ਜ਼ਨਾਨੀਆਂ ਜੇ ਕੰਮ ਈ ਉਦਾਂ ਦੇ ਕਰਨ ਫੇਰ ਗੜ ਬੜ ਤਾਂ ਹੋਣੀ ਹੋਈ । ਬੁੜ੍ਹਿਆਂ ਨੂੰ ਚਾਹੀਦਾ ਪਈ ਘਰ ਬੈਠ ਕੇ ਰੱਬ ਦਾ ਨਾਂ ਲਿਆ ਕਰਨ । ਸੰਡੇ ਸੈਟਰਡੇ ਗੁਰੂ ਘਰ ਲੰਗਰ ਛੱਕ ਲਿਆ ਕਰਨ ਆਕੇ ਤੇ ਜ਼ਨਾਨੀਆਂ ਨੂੰ ਰੱਬ ਦੀ ਰਜ਼ਾ 'ਚ ਰਹਿਣ ਦਾ ਵੱਲ ਸਿਖਣਾ ਚਾਹੀਂਦਾ ਫੇਰ ਕੋਈ ਪਰਾਬਲਮ ਨਹੀਂ ਆਉਂਦੀ ਸਮਝਿਆ । ਤਾਂ ਤੂੰ ਵੀ ਕੋਈ ਅਕਲ ਦੀ ਗੱਲ ਸਿਖਿਆ ਕਰ ਵਾਧੂ ਨਹੀਂ ਡਮਾਕ 'ਤੇ ਭਾਰ ਪਾਈਦਾ ਐਵੀਂ ।

ਹ.ਸ.:ਨਾ ਜੀ ਮੈਂ ਤਾਂ ਤੁਹਾਡਾ ਆਗਿਆਕਾਰ ਆਂ । ਇਹ ਤਾਂ ਕਈ ਸਾਡੇ ਸਰੋਤੇ ਇਹੋ ਜਿਹੇ ਸਵਾਲ ਕਰਦੇ ਰਹਿੰਦੇ ਆ ਉਨ੍ਹਾਂ ਕਰਕੇ ਮੈਂ ਪੁੱਛਿਆ ਸੀ ਤੁਹਾਨੂੰ ।

ਕ.ਸ.:ਮੂਰਖ ਆਗਿਆਨੀ ਨੇ । ਹਮੇਸ਼ਾ ਸਾਵਧਾਨ ਰਹੋ ਇਨ੍ਹਾਂ ਲੋਕਾਂ ਤੋਂ । ਦੇਖ ਤੈਨੂੰ ਜੀਵਨ ਦਾ ਗੁਰ ਦੱਸਾਂ । ਰੱਬ ਦਾ ਨਾਂ ਜਪਿਆ ਕਰ ਤੇ ਜਦੋਂ ਤੇਰੇ ਕੋਲ ਵਕਤ ਹੋਵੇ ਸਾਡੇ ਕੋਲ ਆਇਆ ਕਰ ਤੈਨੂੰ ਕੌਮ ਲਈ ਕੰਮ ਕਰਨਾ ਸਿਖਾਲਾਂਗੇ ।

ਹ.ਸ.:ਸਤ ਬਚਨ ਮਹਾਂ ਪੁਰਸ਼ੋ । ਅੱਛਾ ਜੀ ਸਾਡੇ ਸਰੋਤਿਆਂ ਵਲੋਂ ਤੁਹਾਡਾ ਆਉਣ ਲਈ ਇਕ ਵਾਰ ਫੇਰ ਸ਼ੁਕਰੀਆ ਤੇ ਸਾ ਸ੍ਰੀ ਅਕਾਲ ।

ਕ.ਸ.:ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ।

ਕਮਰਸ਼ਲ:ਬੀਬੀਓ ਭੈਣੋ ਤੇ ਭਰਾਵੋ........

# ਸ੍ਰੀਲੰਕਾ ਫੌਜ ਅਤੇ ਤਾਮਿਲਾਂ ਵਿਚਕਾਰ ਝੜਪਾਂ ਜਾਰੀ

ਕਲੰਬੋ:—ਸ੍ਰੀ ਲੰਕਾ 'ਚ ਤਾਮਿਲਾਂ ਅਤੇ ਸਰਕਾਰੀ ਫੌਜਾਂ ਵਿਚਕਾਰ ਝੜਪਾਂ ਜਾਰੀ ਹਨ । 7 ਮਾਰਚ ਨੂੰ ਤਾਮਿਲ ਗੁਰੀਲਿਆਂ ਨੇ ਫੌਜੀਆਂ ਦੀਆਂ ਗੱਡੀਆਂ 'ਤੇ ਹਮਲਾ ਕਰਕੇ 17 ਵਿਅਕਤੀਆਂ ਨੂੰ ਕਤਲ ਕਰ ਦਿੱਤਾ ।

ਸਰਕਾਰੀ ਫੌਜੀਆਂ ਦਾ ਇਹ ਕਾਫਲਾ ਫੌਜੀ ਗੱਡੀਆਂ ਵਿਚ ਜਾ ਰਿਹਾ ਸੀ । ਘਾਤ ਲਾ ਕੇ ਬੈਠੇ ਗੁਰੀਲਿਆਂ ਨੇ ਹਮਲਾ ਕਰ ਦਿੱਤਾ,ਜਿਸ ਨਾਲ 11 ਫੌਜੀ ਅਤੇ 6 ਸ਼ਹਿਰੀ ਹਲਾਕ ਹੋ ਗਏ । ਉਧਰ ਸਰਕਾਰੀ ਫੌਜਾਂ ਵਲੋਂ ਤਾਮਿਲ ਅੱਤਵਾਦੀਆਂਦੇ ਟਿਕਾਣਿਆਂ 'ਤੇ ਹਮਲੇ ਜਾਰੀ ਹਨ । ਭਾਰਤ ਸਰਕਾਰ ਨੇ ਸ੍ਰੀਲੰਕਾ ਦੀ ਇਸ ਕਾਰਵਾਈ ਦੀ ਸਖਤ ਨਿਖੇਧੀ ਕੀਤੀ ਹੈ ਅਤੇ ਕਿਹਾ ਹੈ ਕਿ ਜਿੰਨਾ ਚਿਰ ਸ੍ਰੀ ਲੰਕਾ ਇਹ ਕਾਰਵਾਈਆਂ ਬੰਦ ਨਹੀਂ ਕਰਦਾ,ਭਾਰਤ ਮਸਲਾ ਸੁਲਝਾਉਣ ਲਈ ਸਹਿਯੋਗ ਦੇਂਦ ਲਈ ਤਿਆਰ ਨਹੀਂ ।

# ਵਿਦਿਆਰਥੀ ਨੇਤਾ ਹਲਾਕ

ਢਾਕਾ:—ਬੰਗਲਾ ਦੇਸ਼ ਦੀ ਰਾਜਧਾਨੀ ਢਾਕਾ ਦੀ ਯੂਨੀਵਰਸਿਟੀ 'ਚ ਬੰਬ ਫਟਣ ਨਾਲ ਵਿਦਿਆਰਥੀ ਨੇਤਾ ਮਹਿਬੂਬਲ ਹੱਕ ਬਬਲੂ ਸਮੇਤ 3 ਵਿਅਕਤੀ ਮਾਰੇ ਗਏ ।

ਇਹ ਬੰਬ ਵਿਦਿਆਰਥੀਆਂ ਵਲੋਂ ਕੀਤੀ ਜਾ ਰਹੀ ਆਮ ਹੜਤਾਲ ਤੋਂ ਇਕ ਦਿਨ ਪਹਿਲਾਂ ਫਟਿਆ । ਇਹ ਬੰਬ ਧਮਾਕਾ ਹੋਸਟਲ ਦੇ ਇਕ ਕਮਰੇ ਵਿਚ ਹੋਇਆ ਜਿਥੇ ਇਹ ਨੇਤਾ ਵਿਚਾਰ ਕਰ ਰਹੇ ਸਨ ।

ਘਟਨਾ ਤੋਂ ਦੂਸਰੇ ਦਿਨ ਹਜ਼ਾਰਾਂ ਵਿਦਿਆਰਥੀ ਕੈਂਪਸ 'ਚ ਇਕੱਠੇ ਹੋਗਏ ਅਤੇ ਉਨ੍ਹਾਂ ਨੇ ਵਿਦਿਆਰਥੀ ਨੇਤਾ ਨੂੰ ਦਫਨਾਉਣ ਦੀ ਕੋਸ਼ਿਸ਼ ਕੀਤੀ । ਪੁਲੀਸ ਨੇ ਇਸਦਾ ਵਿਰੋਧ ਕੀਤਾ ਅਤੇ ਲਾਠੀਚਾਰਜ ਅਤੇ ਹੰਝੂ ਗੈਸ ਛੱਡ ਕੇ ਇਕੱਠ ਨੂੰ ਖਿੰਡਾ ਦਿੱਤਾ ।

ਸਰਕਾਰ ਨੇ ਦੋਸ਼ ਲਾਇਆ ਹੈ ਕਿ ਇਹ ਬੰਬ ਜੋ ਫਟਿਆ ਹੈ ਇਨ੍ਹਾਂ ਵਿਦਿਆਰਥੀਆਂ ਨੇ ਆਪ ਹੀ ਤਿਆਰ ਕੀਤਾ ਸੀ ।

# ਹੁਣ ਮੁਰਦੇ ਵੀ ਮੈਂਬਰ ਬਣਨ ਲੱਗੇ

ਚੰਡੀਗੜ੍ਹ:—ਚੰਡੀਗੜ੍ਹ ਪ੍ਰਸ਼ਾਸ਼ਨ ਨੂੰ ਹੁਣ ਸ਼ਾਇਦ ਜੀਉਂਦੇ-ਜਾਗਦੇ ਮਨੁੱਖਾਂ ਤੇ ਪੂਰਾ ਭਰੋਸਾ ਨਹੀਂ ਰਿਹਾ । ਇਸੇ ਲਈ ਉਸਨੇ ਕਈ ਤਰ੍ਹਾਂ ਦੇ ਕਾਨੂੰਨ ਸ਼ਹਿਰ ਵਿਚ ਲਾਗੂ ਕਰਨ ਲਈ ਮੁੜ ਜਥੇਬੰਦੀਆਂ ਕੀਤੀਆਂ ਜਾ ਰਹੀਆਂ ਕਮੇਟੀਆਂ ਵਿਚ ਮੁਰਦਿਆਂ ਨੂੰ ਵੀ ਸ਼ਾਮਲ ਕਰਨਾ ਸ਼ੁਰੂ ਕਰ ਦਿੱਤਾ ਹੈ ।

ਇਸ ਗੱਲ ਦੀ ਉਦਾਹਰਨ ਪ੍ਰਸ਼ਾਸ਼ਨ ਨੇ ਬੰਧੂਆ ਮਜ਼ਦੂਰ ਸਿਸਟਮ(ਖਾਤਮਾ) ਐਕਟ ਅਧੀਨ ਚੌਕਸੀ ਕਮੇਟੀ ਕਾਇਮ ਕਰ ਕੇ ਪੇਸ਼ ਕਰ ਦਿੱਤੀ । ਇਸ ਕਮੇਟੀ ਦੇ ਮੈਂਬਰ ਵਜੋਂ ਦੌਲਤ ਰਾਮ ਸ਼ਿੰਗਾਰੀ ਨਾਮੀ ਇਕ ਅਜਿਹੇ ਕਾਂਗਰਸ (ਇ) ਵਰਕਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ ਜਿਸ ਦੀ ਮੌਤ ਲੱਗਭੱਗ ਡੇਢ ਸਾਲ ਪਹਿਲਾਂ ਹੋ ਚੁੱਕੀ ਹੈ ।

ਪ੍ਰਸ਼ਾਸ਼ਨ ਦੀ ਇਸ ਤਰ੍ਹਾਂ ਦੀ ਕਾਰਗੁਜ਼ਾਰੀ ਤੇ ਸ਼ਹਿਰ ਦੇ ਲੋਕਾਂ ਵਿਚ ਭਾਰੀ ਹੈਰਾਨੀ ਪਾਈ ਜਾ ਰਹੀ ਹੈ ।

# ਪਾਕਿ ਦੀ ਸਹਾਇਤਾ ਸ਼ਰਤਾਂ ਅਧੀਨ ਹੋਵੇ

ਇਸਲਾਮਾਬਾਦ:—ਪਾਕਿਸਤਾਨ ਦੀ ਪੀਪਲਜ਼ ਪਾਰਟੀ ਨੇ ਅਮਰੀਕਾ ਤੋਂ ਮੰਗ ਕੀਤੀ ਹੈ ਕਿ ਪਾਕਿਸਤਾਨ ਨੂੰ ਦਿੱਤੀ ਜਾ ਰਹੀ ਸਹਾਇਤਾ ਕੁਝ ਸ਼ਰਤਾਂ ਅਧੀਨ ਹੋਣੀ ਚਾਹੀਦੀ ਹੈ ।

ਪੀਪਲਜ਼ ਪਾਰਟੀ ਨੇ ਅਮਰੀਕਨ ਸੈਨੇਟ ਅੱਗੇ ਇਕ ਦਸ਼ਤਾਵੇਜ ਪੇਸ਼ ਕੀਤੀ ਹੈ ਜਿਸ ਵਿਚ ਇਨ੍ਹਾਂ ਸ਼ਰਤਾਂ ਦਾ ਜਿਕਰ ਕੀਤਾ ਗਿਆ ਹੈ । ਦਸਤਾਵੇਜ 'ਚ ਅਮਰੀਕਾ ਨੂੰ ਕਿਹਾ ਗਿਆ ਹੈ ਕਿ ਪਾਕਿਸਤਾਨ 'ਚ ਨਿਰਪੱਖ ਚੋਣਾਂ ਕਰਾਉਂਦ ਲਈ ਪ੍ਰਧਾਨ ਜ਼ਿਆ ਉਲਹੱਕ 'ਤੇ ਜ਼ੋਰ ਪਾਵੇ ਅਤੇ ਰਾਜਨੀਤਕ ਬੰਦੀਆਂ ਨੂੰ ਆਮ ਮੁਆਫੀ ਦੇ ਕੇ ਰਿਹਾ ਕਰ ਦੇਣਾ ਚਾਹੀਦਾ ਹੈ । ਇਸ ਵਿਚ ਰਾਜ ਸੱਤਾ ਲੋਕਾਂ ਦੇ ਹੱਥ ਵਿਚ ਹੋਣ ਦੀ ਗੱਲ ਕਹੀ ਗਈ ਹੈ ।

- ਖੁਸ਼ੀ ਤੇ ਸੁਆਦ ਜ਼ਿੰਦਗੀ ਦੀਆਂ ਮੂਲ ਸ਼ਰਤਾਂ ਹਨ। ਜਿਥੇ ਇਹ ਸ਼ਰਤਾਂ ਪੂਰੀਆਂ ਨਹੀਂ, ਉਥੇ ਇਹਨਾਂ ਦੀ ਆਸ ਹੁੰਦੀ ਹੈ ਤੇ ਜਿਥੇ ਆਸ ਵੀ ਮੁੱਕ ਜਾਏ, ਉਥੇ ਜ਼ਿੰਦਗੀ ਖਤਮ ਹੋ ਜਾਂਦੀ ਹੈ।
- ਪੂਰਨ ਆਨੰਦ ਤੇ ਸਦੀਵੀ ਸੰਤੁਸ਼ਟਤਾ ਨਿੱਜੀ ਖੁਸ਼ੀਆਂ ਨੂੰ ਜੱਫੇ ਮਾਰਨ ਵਿਚ ਨਹੀਂ, ਕੁਝ ਨੇਪਰੇ ਚਾੜ੍ਹੀ ਜਾਣ ਵਿਚ ਹੈ।
- ਖੁਸ਼ੀ ਕੋਈ ਕਿਸਮਤ ਨਹੀਂ ਹੈ, ਇਕ ਜਾਚ ਹੈ।


# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars



Bhupinder(Bob) Sihota

ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



For further information call:

Bhupinder(Bob) Sihota

Ph. 433-1207

Mint Auto Body Ltd.

5590 Lane Street, BURNABY, B.C. V5H 2H5





# ਧਰਮ ਤੇ ਫ਼ਲਸਫ਼ਾ

## ਧਾਰਮਿਕ ਮੂਲਵਾਦ ਵਿਰੁੱਧ ਸੰਘਰਸ਼

**ਦੇਵਿੰਦਰ ਚਿੰਤਨ**

ਅੰਗਰੇਜ਼ੀ ਦੀ ਇਕ ਕਹਾਵਤ ਹੈ ਕਿ ਜਿਸਦਾ ਅਰਥ ਇਹਬਣਦਾ .ਹੈ ਕਿ ਕਈ ਵਾਰ ਸਮਾਜ ਭਲਾਈ ਲਈ ਚਿਤਵੀਆਂ ਨੇਕ ਇਛਾਵਾਂ ਨਰਕ ਦੇ ਰਾਹ ਲੈ ਜਾਂਦੀਆਂ ਹਨ । ਇਹੋ ਗੱਲ ਧਾਰਮਿਕ ਮੂਲਵਾਦੀ ਅਜਿਹਾ ਸਮਾਜ ਪੈਦਾ ਕਰਨਾ ਚਾਹੁੰਦੇ ਹਨ ਜਿਥੇਕੋਈ ਜੁਰਮ ਨਾ ਹੋਵੇ ਅਤੇ ਸਰੀਰਕ,ਆਤਮਿਕ ਤੇ ਪਦਾਰਥਕ ਉਨਤੀ ਲਈ ਮਨੁੱਖ ਨੂੰ ਪੂਰੇ ਮੌਕੇ ਮਿਲਣ ।

ਅਸਲ ਵਿਚ,ਜਿਵੇਂ ਫਾਸ਼ੀਵਾਦ ਕੌਮਪ੍ਰਸਤੀ ਦਾ ਵਿਗੜਿਆ ਰੂਪ ਹੈ,ਉਵੇਂ ਹੀ ਧਾਰਮਿਕ ਮੂਲਵਾਦ ਧਰਮ ਦੇ ਪੁਨਰਉਥਾਨ ਦਾ ਵਿਚਲਤ ਰੂਪ ਹੈ । ਇਸ ਵਿਚਾਰਧਾਰਾ ਅਨੁਸਾਰ ਸਮਾਜ ਦੇ ਮੌਜੂਦਾ ਪਤਨ ਦਾ ਕਾਰਨ ਧਰਮ ਦੇ ਬੁਨਿਆਦੀ ਅਸੂਲਾਂ ਤੋਂ ਬੇਮੁਖਤਾ ਨੂੰ ਸਮਝਿਆ ਜਾਂਦਾ ਹੈ ਅਤੇ ਖਿਆਲ ਕੀਤਾ ਜਾਂਦਾ ਹੈ ਕਿ ਧਾਰਮਿਕ ਪੁਨਰਉਥਾਨ ਦੁਆਰਾ ਸਮਾਜ ਦੀ ਪਹਿਲਾਂ ਵਾਲੀ ਆਤਮਿਕ ਉਚਿਆਈ ਫੇਰ ਲਿਆਂਦੀ ਜਾ ਸਕਦੀ ਹੈ । ਇਉਂ ਕਈ ਸਦੀਆਂ ਪਿਛੇ ਵੱਲ ਝਾਕਣ ਤੇ ਮੁੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ।

### ਸੰਕਟਾਂ ਦਾ ਸਾਹਮਣਾ

ਵੱਖ ਵੱਖ ਮੂਲਵਾਦੀ ਲਹਿਰਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਹ ਉਸ ਸਮੇਂ ਪੈਦਾ ਤੇ ਪ੍ਰਫੁਲਤ ਹੋਈਆਂ ਜਦੋਂ ਕਿਸੇ ਸਮਾਜ ਨੂੰ ਸਿਆਸੀ ਤੇ ਜਾਂ ਆਰਥਿਕ ਸੰਕਟਾਂ ਦਾ ਸਾਹਮਣਾ ਕਰਨਾ ਪਿਆ । ਮਿਸਾਲ ਵਜੋਂ ਜਦੋਂ ਅਠਾਰਵੀਂ ਸਦੀ ਵਿਚ ਸ਼ਾਹ ਵਲੀ ਉਲ੍ਹਾ (1703-1762) ਨੇ ਭਾਰਤ ਦੇ ਮੁਸਲਮਾਨਾਂ ਨੂੰ ਉਨ੍ਹਾਂ ਦੇ ਮੱਤ ਦੇ ਸਾਂਝੇ ਵਿਸ਼ਵਾਸ਼ ਉੱਤੇ ਇਕਮੁੱਠ ਕਰਨਾ ਚਾਹਿਆ ਤਾਂ ਇਹ ਮੁਗਲਾਂ ਦੀ ਸਿਆਸੀ ਤਾਕਤ ਦੇ ਨਿਘਾਰ ਦੇ ਪ੍ਰਤੀਕਰਮਮ ਵਜੋਂ ਹੀ ਸੀ ।

ਉਸਦੇ ਪੁੱਤਰ ਸ਼ਾਹ ਅਬਦਲ ਅਜ਼ੀਜ਼ (1746-1824) ਨੇ ਭਾਰਤ ਦੇ ਵੱਖ ਵੱਖ ਹਿੱਸਿਆਂ ਦੇ ਹਜ਼ਾਰਾਂ 'ਮੁਜ਼ਾਹਦੀਆਂ' ਨੂੰ ਪੇਸ਼ਾਵਰ ਤੇ ਉੱਤਰ-ਪੱਛਮੀ ਕਬਾਇਲੀ ਇਲਾਕਿਆਂ ਵਿੱਚ ਉਦੋਂ ਦੇ ਸਿਖ ਹਾਕਮਾਂ ਤੇ ਅੰਗਰੇਜ਼ਾਂ ਵਿਰੁੱਧ ਜਹਾਦ ਛੇੜਨ ਲਈ ਲਾਮਬੰਦ ਕੀਤਾ ਤਾਂ ਉਸਨੇ ਵੀ ਇਹੀ ਨਾਅਰਾ ਦਿੱਤਾ ਸੀ ਕਿ ਮੁਸਲਮਾਨ ਇਸਲਾਮ ਦੇ ਬੁਨਿਆਦੀ ਅਸੂਲਾਂ ਤੋਂ ਥਿੜਕ ਗਏ ਹਨ ਇਸੇ ਕਰ ਕੇ ਰਾਜਸੀ ਤਾਕਤ ਗੁਆ ਬੈਠੇ ਹਨ ।ਇਸੇ ਲਈ ਉਸਦੀਆਂ ਸਿੱਖਿਆਵਾਂ ਖਲੀਫਾ ਰਸ਼ੀਦੁਦੀਨ,ਹਜ਼ਰਤ ਅਬੂ ਬਦਰ,ਹਜ਼ਰਤ ਉਸਮਾਨ,ਹਜ਼ਰਤ_ਉਮਰ ਤੇ ਹਜ਼ਰਤ ਅਲੀ ਦੇ ਸੁਨਿਹਰੀ ਸਮੇਂ ਬਾਰੇ ਹਵਾਲਿਆਂ ਨਾਲ ਭਰੀਆਂ ਹੋਈਆਂ ਹਨ । ਉਸਨੂੰ ਆਸ ਸੀ ਕਿ ਇਨ੍ਹਾਂ ਨਾਲ ਇਸਲਾਮ ਦੀ ਗੁਆਚੀ ਸ਼ਾਨ ਮੁੜ ਸਥਾਪਤ ਹੋ ਚੁੱਕੀ ਹੈ ।

ਹਿੰਦੂ ਮੂਲਵਾਦ ਦੀ ਗੋਸਵਾਮੀ ਤੁਲਸੀ ਦਾਸ ਦੇ 'ਰਾਮ ਰਾਜ'ਦੇ ਸੰਕਲਪ ਉੱਤੇ ਅਧਾਰਤ ਸੀ ਜਿਹੜਾ ਅਫਗਾਨ,ਤੁਰਕ ਤੇ ਮੰਗੋਲ ਹਮਲਾਵਰਾਂ ਹੱਥੋਂ ਭਾਰਤੀ ਹਿੰਦੂ ਰਾਜਿਆਂ ਨੂੰ ਹੋਈਆਂ ਹਾਰਾਂ ਦੇ ਪ੍ਰਤੀਕਰਮ ਵਜੋਂ ਉਭਰਿਆ ਸੀ । ਇਸਲਾਮੀ ਸਭਿਆਚਾਰ ਦੇ ਉਭਾਰ ਨਾਲ ਟਾਕਰਾ ਹੋਣ 'ਤੇ ਤੁਲਸੀ ਦਾਸ ਨੇ ਰਾਮ ਰਾਜ ਦੇ ਸੁਨਹਿਰੀ ਕਾਲ ਦੇ ਸੁਪਨੇ ਦੁਆਲੇ ਹਿੰਦੂਆਂ ਨੂੰ ਇਕਮੁੱਠ ਕਰਨ ਦਾ ਯਤਨ ਕੀਤਾ । ਰਾਮ ਰਾਜ ਦੇ ਸੰਕਲਪ ਅਨੁਸਾਰ ਉਦੋਂ ਸਮਾਜ ਪੂਰੀ ਤਰ੍ਹਾਂ ਸੰਗਠਿਤ ਸੀ,ਰਾਜਾ ਤੇ ਪਰਜਾ ਇਕੋ ਮਰਿਯਾਦਾ ਦੀ ਪਾਲਣਾ ਵਿਚ ਬੱਝੇ ਹੋਏ ਸਨ ।

ਉਨੀਂਵੀਂ ਸਦੀ ਦੇ ਅਖੀਰ ਅਤੇ ਵੀਹਵੀਂ ਸਦੀ ਦੇ ਮੁਢਲੇ ਸਾਲਾਂ ਵਿੱਚ ਬੰਗਾਲ,ਮਹਾਂਰਾਸ਼ਟਰ ਤੇ ਪੰਜਾਬ ਵਿਚ ਹਿੰਦੂ ਮੂਲਵਾਦ ਦਾ ਮੁੜ ਉਭਾਰ ਵੀ ਇਸ ਸਿਧਾਂਤ ਉੱਤੇ ਅਧਾਰਤ ਸੀ ਕਿ ਹਿੰਦੂ ਕੇਵਲ ਪੁਰਾਣੀਆਂ ਸੰਸਕ੍ਰਿਤੀਆਂ ਤੇ ਕਦਰਾਂ ਕੀਮਤਾਂ ਨੂੰ ਸੁਰਜੀਤ ਕਰਕੇ ਹੀ ਰਾਜਸੀ ਤਾਕਤ ਦੁਬਾਰਾ ਹਾਸਲ ਕਰ ਸਕਦੇ ਹਨ । ਸਵਾਮੀ ਦਯਾਨੰਦ ਨੇ ਵੈਦਿਕ ਧਰਮ ਦੀ ਬਹਾਲੀ ਦਾ ਸੱਦਾ ਦਿੱਤਾ । ਮਹਾਂਰਾਸ਼ਟਰ ਵਿਚ ਬਾਲ ਗੰਗਾਧਰ ਤਿਲਕ ਨੇ ਗੀਤਾ ਵਿੱਚ ਭਗਵਾਨ ਕ੍ਰਿਸ਼ਨ ਦ ਦਰਸਾਏ ਧਰਮ ਨੂੰ ਸੁਰਜੀਤ ਕਰਨ ਉੱਤੇ ਜ਼ੋਰ ਦਿੱਤਾ ਅਤੇ ਮਹਾਂਰਿਸ਼ੀ ਅਰਬਿੰਦੋ ਘੋਸ਼ ਅਤੇ ਉਸਤੋਂ ਪਹਿਲਾਂ ਬੰਕਿਮ ਚੰਦਰ ਚੈਟਰਜੀ ਤੇ ਸਵਾਮੀ ਵਿਵੇਕਾਨੰਦ ਤੇ ਉਨ੍ਹਾਂ ਦੇ ਗੁਰੂ ਰਾਮ ਕ੍ਰਿਸ਼ਨ ਪਰਮਹੰਸ ਨੇ ਵੇਦਾਂਤ,ਅਦਵੈਤਵਾਦ ਜਾਂ ਯੋਗ ਦੇ ਵੈਦਿਕ ਅਸੂਲਾਂ ਉੱਤੇ ਅਧਾਰਤ ਹਿੰਦੂ ਧਰਮ ਦੀ ਸੁਰਜੀਤੀ ਲਈ ਆਪੋ ਆਪਣਾ ਯੋਗਦਾਨ ਪਾਇਆ ।

### ਪੁਨਰਉਥਾਨ

ਵੀਹਵੀਂ ਸਦੀ ਦੇ ਸ਼ੁਰੂ ਵਿੱਚ ਸਿੱਖ ਪੁਨਰਉਥਾਨ ਲਈ ਸੰਘਰਸ਼ ਇਸਤੋਂ ਪਹਿਲੀ ਸਦੀ ਵਿੱਚ ਅੰਗਰੇਜ਼ਾਂ ਵਲੋਂ ਖਾਲਸਾ ਰਾਜ ਨੂੰ ਲਾਈ ਗਈ ਸਿਆਸੀ ਢਾਹ ਅਤੇ ਨਤੀਜੇ ਵਜੋਂ ਸਿੱਖਾਂ ਲਈ ਪੈਦਾ ਹੋਈਆਂ ਸਮਾਜਕ ਸਮੱਸਿਆਵਾਂ ਦੇ ਪ੍ਰਤੀਕਰਮ ਵਜੋਂ ਹੀ ਸ਼ੁਰੂ ਹੋਇਆ । ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਜੁੜੇ ਸਿੱਖ ਨੌਜਵਾਨਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦੇ ਭਾਈਚਾਰੇ ਦੇ ਪਛੜੇਪਣ ਦਾ ਕਾਰਨ ਗੁਰਦੁਆਰਿਆਂ ਉੱਤੇ ਕਾਬਜ਼ ਮਹੰਤਾਂ ਵਲੋਂ ਫੈਲਾਈਆਂ ਕੁਰੀਤੀਆਂ ਹੀ ਹਨ । ਇਸ ਲਈ ਗੁਰਦੁਆਰਿਆਂ ਉੱਤੇ ਸਿੱਖ ਸੰਗਤ ਦਾ ਕਬਜ਼ਾ ਕਰਵਾਉਣ ਲਈ ਚਲੀ ਜਦੋਜਹਿਦ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੋਂਦ ਵਿਚ ਆਉਣ ਦਾ ਮੰਤਵ ਪੰਥ ਦੀ ਸ਼ਾਨ ਬਹਾਲ ਕਰਨਾ ਅਤੇ ਇਸ ਦੀਆਂ ਸਮਾਜਕ ਕਦਰਾਂ ਕੀਮਤਾਂ ਨੂੰ ਸੁਰਜੀਤ ਕਰਨਾ ਹੀ ਸੀ

ਜੇ ਅਸੀਂ ਬੀਤੇ ਦੀਆਂ ਮੂਲਵਾਦੀਆਂ ਲਹਿਰਾਂ ਵਿਚ ਕੋਈ ਸ਼ਾਂਝੀਆਂ ਤੰਦਾਂ ਲਭਣੀਆਂ ਹੋਣ ਤਾਂ ਉਹ ਹਨ (1)ਉਹ ਆਪਣੇ ਭਾਈਚਾਰਿਆਂ ਨੂੰ ਲੱਗੀਆਂ ਸਿਆਸੀ ਸੱਟਾਂ ਦਾ ਕਾਰਨ ਆਪਣੇ ਲੋਕਾਂ ਦੇ .ਪ੍ਰਤੀਕਰਮ ਸਨ । (2) ਇਨ੍ਹਾਂ ਸੱਟਾਂ ਦਾ ਕਾਰਨ ਆਪਣੇ ਲੋਕਾਂ ਦੇ ਅਧਰਮੀ ਵਿਵਹਾਰ ਨੂੰ ਦੱਸਿਆ ਗਿਆ । (3) ਆਪਣੇ ਮੱਤਾਂ ਦੇ ਬੁਨਿਆਦੀ ਅਸੂਲਾਂ ਨੂੰ ਸੁਰਜੀਤ ਤੇ ਬਹਾਲ ਕਰਨ ਦੀ ਕੋਸ਼ਿਸ਼ ਕੀਤੀ ਗਈ (4) ਅਸਲ ਜਾਂ ਕਾਲਪਨਿਕ ਸ਼ਾਨ ਮੁੜ ਹਾਸਲ ਕਰਨ ਦਾ




ਵਤਨ ਵਾਸੀਓ ਰੱਖਣਾ ਯਾਦ ਸਾਨੂੰ

ਕਿਤੋਂ ਦਿਲ ਤੋਂ ਨਾ ਭੁਲਾ ਦੇਣਾ
ਅਸੀਂ ਵਤਨ ਦੇ ਲਈ ਸ਼ਹੀਦ ਹੋਏ
ਪਿਆਰਾ ਵਤਨ ਆਜ਼ਾਦ ਕਰਵਾ ਦੇਣਾ
ਜਦੋਂ ਲੰਘੋ ਸ਼ਹੀਦਾਂ ਦੀ ਚਿਖਾ ਕੋਲੋਂ
ਦੋ ਫੁੱਲ ਪਿਆਰ ਦੇ ਪਾ ਦੇਣਾ

**ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਦੀ**

**ਵਿਲੀਅਮਜ਼ ਲੇਕ ਬਰਾਂਚ ਵਲੋਂ**

**ਰਾਜ ਗੁਰੂ,ਭਗਤ ਸਿੰਘ ਅਤੇ ਸੁਖਦੇਵ ਸ਼ਹੀਦੀ ਦਿਵਸ**

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਵਲੋਂ ਇਹ ਪਬਲਿਕ ਮੀਟਿੰਗ

**ਸ਼ਨਿਚਰਵਾਰ 28 ਮਾਰਚ,1987 ਨੂੰ**

**ਢਾਈ ਵਜੇ ਦੁਪਹਿਰ**

**ਓਵਰ ਲੈਂਡਰ ਕਨਵੈਨਸ਼ਨ ਹਾਲ,ਵਿਲੀਅਮਜ਼ ਲੇਕ**

ਵਿਖੇ ਹੋ ਰਹੀ ਹੈ ਜਿਸ ਵਿਚ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਪੇਸ਼ ਕੀਤੀ ਜਾਵੇਗੀ

ਸੰਸਾਰ ਅਮਨ ਦੱਖਣੀ ਅਫਰੀਕਾ ਅਤੇ ਭਾਰਤੀਆਂ ਨੂੰ ਕੈਨੇਡਾ ਵਿਚ ਰਹਿੰਦਿਆਂ ਜੋ ਸਮੱਸਿਆਵਾਂ ਪੇਸ਼ ਆ ਰਹੀਆਂ ਹਨ ਬਾਰੇ ਵਿਚਾਰ ਪੇਸ਼ ਕੀਤੇ ਜਾਣਗੇ ।

ਬੁਲਾਰੇ:ਦੇਸ਼ ਭਗਤ ਕਾਮਰੇਡ ਜਰਨੈਲ ਸਿੰਘ ਭੁੰਗਰਨੀ;ਪੀਸ ਕੌਂਸਲ ਵਲੋਂ ਡਾ.ਨਾਰਮਨ ਡੱਫ;ਲੇਬਰ ਕੌਂਸਲ ਵਲੋਂ ਬੁਲਾਰਾ,ਐਸੋਸੀਏਸ਼ਨ ਵਲੋਂ ਹੋਰ ਬੁਲਾਰੇ ।

ਲੋਕ ਕਲਾ ਕੇਂਦਰ ਵੈਨਕੂਵਰ ਵਲੋਂ ਕਲਚਰਲ ਪਰੋਗਰਾਮ ਤੇ ਭੰਗੜਾ,ਗੀਤ ਸੰਗੀਤ ਹੋਵੇਗਾ ।

ਤਰਸੇਮ ਸਿੰਘ ਭੰਡਾਲ
ਅਮਰਜੀਤ ਸੰਘੇੜਾ

ਰਣਜੀਤ ਸੰਧੂ
ਗੁਰਮੇਲ ਸਿੰਘ

ਹੋਰ ਜਾਣਕਾਰੀ ਲਈ ਫੋਨ ਕਰੋ ਜਾਂ ਲਿਖੋ:—
ਫੋਨ ਨੰਬਰ:—392-2114— ਪਤਾ P.O.Box 4534
Williams Lake V2G-2V5


## ਅਫਰੀਕਨ ਹੁਕਮਰਾਨ ਬੁਕਾਸਾ ਮਨੁੱਖੀ ਮਾਸ ਖਾਂਦਾ ਸੀ—ਰਸੋਈਏ ਦਾ ਬਿਆਨ



ਬੰਗੁਈ:—ਛੋਟੇ ਜਿਹੇ ਅਫਰੀਕਨ ਦੇਸ਼ ਦਾ ਸਾਬਕ ਹੁਕਮਰਾਨ ਜੀਨ ਬੇਦਲ ਬੁਕਾਸਾ ਮਨੁੱਖੀ ਮਾਸ ਚਟਖਾਰੇ ਲੈ ਕੇ ਖਾਂਦਾ ਸੀ । ਇਹ ਭੇਤ ਉਸਦੇ ਇਕ ਸਾਬਕ ਰਸੋਈਏ ਫਿਲਮ ਲਿੰਗੁਈਸਾ ਨੇ ਅਦਾਲਤ ਵਿਚ ਖੋਲ੍ਹਿਆ । 65 ਸਾਲਾ ਬੁਕਾਸਾ ਨੂੰ 1979 ਵਿਚ ਫਰਾਂਸੀਸੀ ਫੌਜ ਨੇ ਗੱਦੀ ਤੋਂ ਲਾਹ ਦਿੱਤਾ ਸੀ ਤੇ ਕਾਫੀ ਸਮਾਂ ਉਹ ਰੂਪੋਸ਼ ਰਿਹਾ । ਜਦੋਂ ਉਹ ਫੜਿਆ ਗਿਆ ਤਾਂ ਪਿਛਲ ਸਾਲ ਨਵੰਬਰ ਵਿਚ ਉਸ ਵਿਰੁੱਧ 14 ਮੁਕੱਦਮੇ ਦਰਜ ਕੀਤੇ ਗਏ,ਜਿਨ੍ਹਾਂ ਦੀ ਸੁਣਵਾਈ ਅੱਜ ਕੱਲ ਹੋ ਰਹੀ ਹੈ ।

ਉਸ ਵਿਰੁੱਧ ਦੋਸ਼ ਹਨ ਕਿ ਉਹ ਆਦਮਖੋਰ ਸੀ-ਮਨੁੱਖੀ ਮਾਸ ਭੁੰਨ ਕੇ ਖਾਂਦਾ ਸੀ । ਉਸਨੇ ਆਪਣੇ ਰਾਜ ਸਮੇਂ ਵਿਰੋਧੀਆਂ ਨੂੰ ਬੁਰੇ ਤਸੀਹੇ ਦੇ ਕੇ ਮਾਰਿਆ,ਸ਼ੇਰਾਂ ਦੇ ਪਿੰਜਰਿਆਂ ਵਿਚ ਸੁੱਟਿਆ,ਜ਼ਹਿਰ ਦੇ ਪਿਆਲੇ ਦਿੱਤੇ ।

13 ਸਾਲਾ ਉਹ ਹੁਕਮਰਾਨ ਰਿਹਾ ਤੇ ਹਜ਼ਾਰਾਂ ਵਿਰੋਧੀਆਂ ਨੂੰ ਉਸਨੇ ਕਤਲ ਕੀਤਾ । ਅਦਾਲਤ ਵਿਚ ਜਦੋਂ ਉਸ ਦੇ ਰਸੋਈਏ ਨੇ ਉਸ ਉੱਤੇ ਮਨੁੱਖੀ ਮਾਸ ਖਾਦ ਦਾ ਦੋਸ਼ ਲਾਇਆ ਤਾਂ ਬੁਕਾਸਾ ਨੇ ਚੀਕ ਚੀਕ ਕੇ ਇਸਤੋਂ ਇਨਕਾਰ ਕੀਤਾ । ਰਸੋਈਏ ਲਿੰਗੁਈਸਾ ਨੇ ਦਸਿਆ ਕਿ ਇਕ ਸ਼ਾਮ ਜਦੋਂ ਉਸ ਨੇ ਬੁਕਾਸਾ ਦੇ ਬੱਚਿਆਂ ਲਈ ਖਾਣਾ ਤਿਆਰ ਕੀਤਾ ਤਾਂ ਬੁਕਾਸਾ ਨੇ ਸਭ ਨੂੰ ਕਮਰੇ ਵਿਚੋਂ ਕੱਢ ਦਿੱਤਾ । ਮੈਨੂੰ ਉਹ ਕਿਚਨ ਵਿਚ ਲੈ ਗਿਆ ਤੇ ਇਕ ਫਰੀਜ਼ਰ ਖੋਲ੍ਹਣ ਦਾ ਹੁਕਮ ਦਿਤਾ । ਮੈਂ ਦੇਖਿਆ ਫਰੀਜ਼ਰ ਵਿਚ ਮਨੁੱਖੀ ਮਾਸ ਸੀ । ਜਿਸਨੂੰ ਦੇਖ ਕੇ ਮੈਂ ਕੰਬ ਗਿਆ ਤੇ ਮੇਰਾ ਦਿਮਾਗ ਸੁੰਨ ਹੋ ਗਿਆ । ਹੁਣ ਮੈਨੂੰ ਯਾਦ ਨਹੀਂ ਉਹ ਮਨੁੱਖੀ ਮਾਸ ਔਰਤ,ਮਰਦ ਜਾਂ ਬੱਚੇ ਦਾ ਸੀ । ਇਹ ਵੀ ਯਾਦ ਨਹੀਂ ਕਿਹੜੇ ਸਾਲ ਦੀ ਇਹ ਘਟਨਾ ਹੈ । ਮੈਂ ਕੀ ਕਰ ਸਕਦਾ ਸਾਂ । ਮੇਰੇ ਸਾਹਮਣੇ ਬੈਠ ਕੇ ਬੁਕਾਸਾ ਨੇ ਪੀਣੀ ਸ਼ੁਰੂ ਕਰ ਦਿੱਤੀ । ਮੈਨੂੰ ਵੀ ਉਸ ਨੇ ਨਾਲ ਬੈਠਣ ਲਈ ਕਿਹਾ । ਮਿ.ਲਿੰਗੁਈਸਾ ਨੇ ਦਸਿਆ ਕਿ ਦੂਸਰੀ ਸ਼ਾਮ ਮੈਂ ਬੁਕਾਸਾ ਲਈ ਖਾਣਾ ਤਿਆਰ ਕੀਤਾ ਪਰ ਉਸਦੇ ਨਾਲ ਬੈਠ ਕੇ ਖਾਣ ਤੋਂ ਇਨਕਾਰ ਕਰ ਦਿੱਤਾ । ਬੁਕਾਸਾ ਮੇਰੇ ਬਣੇ ਖਾਣੇ ਤੋਂ ਖੁਸ਼ ਹੋ ਗਿਆ ਤੇ ਉਸਨੇ ਮੈਨੂੰ ਬਹੁਤ ਸਾਰੀ ਰਕਮ ਦਿੱਤੀ ।

ਪੰਨਾ 37 ਦੀ ਬਾਕੀ

ਨਿਸ਼ਾਨਾ ਮਿਥਿਆ ਗਿਆ ਪਰ ਨਵੇਂ ਸਨਅਤੀਕਰਨ ਕਾਰਨ ਸਫਲ ਨਾ ਹੋ ਸਕੀਆਂ (5) ਕੌਮੀ ਮੁਕਤੀ ਲਹਿਰਾਂ ਦੀਆਂ ਖੇਤਰੀ ਜਦੋਜਹਿਦਾਂ ਨਾਲ ਸਾਂਝ ਪਾਈ ਗਈ।

ਅਸੀਂ ਇਹ ਵੀ ਦੇਖਦੇ ਹਾਂ ਕਿ ਜਦੋਂ ਵੀ ਮੂਲਵਾਦੀ ਲਹਿਰਾਂ ਇਲਾਕਾਈ ਕੌਮੀ ਜਦੋਜਹਿਦਾਂ ਦੇ ਉਲਟ ਚੱਲੀਆਂ,ਇਹ ਲੋਕਾਂ ਨੂੰ ਆਪਣੇ ਵੱਲ ਖਿਚ ਨਾ ਸਕੀਆਂ। ਲੋਕਾਂ ਨੇ ਨਵੀਂ ਮੱਧ ਸ਼੍ਰੇਣੀ ਦੀ ਅਗਵਾਈ ਵਿੱਚ ਧਰਮ ਨਿਰਪੱਖ ਤੱਤਾਂ ਵੱਲ ਰੁਚੀ ਦਿਖਾਈ। ਅੰਗਰੇਜ਼ੀ ਰਾਜ ਸਮੇਂ ਭਾਰਤ ਵਿੱਚ ਇਸਲਾਮੀ ਮੂਲਵਾਦੀਆਂ ਦੀ ਅਸਫਲਤਾ ਦਾ ਇਹੋ ਕਾਰਨ ਸੀ। ਉਹ ਮੁਸਲਿਮ ਲੀਗ ਦਾ ਮੁਕਾਬਲਾ ਨਾ ਕਰ ਸਕੇ ਜਿਸਨੇ ਭਾਰਤੀ ਮੁਸਲਮਾਨਾਂ ਲਈ ਵੱਖਰੇ ਦੇਸ਼ ਪਾਕਿਸਤਾਨ ਦੀ ਮੰਗ ਕੀਤੀ ਸੀ।

ਦਰਅਸਲ,ਏਸ਼ੀਆ ਤੇ ਅਫਰੀਕਾ ਦੇ ਲੱਗਭੱਗ ਸਾਰੇ ਦੇਸ਼ਾਂ ਦੇ ਲੋਕਾਂ ਵਲੋਂ ਆਪਣੀ ਕੌਮੀ ਮੁਕਤੀ ਲਈ ਜਦੋਜਹਿਦਾਂ ਵਿੱਚ ਧਾਰਮਿਕ ਪੁਨਰਉਥਾਨ ਦਾ ਸਹਾਰਾ ਲਿਆ ਗਿਆ। ਕਾਰਨ ਇਹ ਸੀ ਕਿ ਕੇਵਲ ਆਰਥਿਕ ਆਜ਼ਾਦੀ ਦਾ ਨਾਅਰਾ ਪੇਂਡੂ ਤੇ ਕਬਾਇਲੀ ਲੋਕਾਂ ਨੂੰ ਖਿਚਣ ਲਈ ਪੂਰੀ ਤਰ੍ਹਾਂ ਸਮਰੱਥ ਨਹੀਂ ਸੀ ਜਿਹੜੇ ਆਪਣੇ ਸਦੀਆਂ ਪੁਰਾਣੇ ਕਬਾਇਲੀ ਜਾਂ ਧਾਰਮਿਕ ਸਭਿਆਚਾਰਾਂ ਪ੍ਰਤੀ ਵਧੇਰੇ ਵਫਾਦਾਰ ਸਨ ਅਤੇ ਸਾਮਰਾਜੀਆਂ ਵਲੋਂ ਬਣਾਈਆਂ ਸਿਆਸੀ ਇਲਾਕਾਈ ਇਕਾਈਆਂ ਦੇ ਮਹੱਤਵ ਦਾ ਉਨ੍ਹਾਂ ਨੂੰ ਪਤਾ ਤੇ ਅਹਿਸਾਸ ਨਹੀਂ ਸੀ।

ਮਿਸਾਲ ਵਜੋਂ,ਅਫਰੀਕਾ ਵਿੱਚ ਬਹੁਤੇ ਕੌਮਵਾਦੀ ਨੇਤਾਵਾਂ ਨੇ ਪੁਰਾਣੇ ਕਬਾਇਲੀ ਸਭਿਆਚਾਰਾਂ ਨੂੰ ਸੁਰਜੀਤ ਕਰਨ ਦਾ ਨਾਅਰਾ ਦਿੱਤਾ। ਉਨ੍ਹਾਂ ਦੀ ਧਾਰਨਾ ਸੀ ਕਿ ਸਾਮਰਾਜਵਾਦੀਆਂ ਨੇ ਬੇਗਾਨਾ ਸਭਿਆਚਾਰ ਠੋਸ ਕੇ ਉਨ੍ਹਾਂ ਦੇ ਕਬਾਇਲੀ ਸਮਾਜਾਂ ਦੀ ਦੁਰਗਤੀ ਕਰ ਦਿੱਤੀ ਹੈ। ਇਉਂ ਸੈਨੇਗਾਲ ਦੇ ਨੇਤਾ ਲਿਉਪੋਲਡ ਸੇਂਘੋਰ ਨੇ 'ਅਫਰੀਕੀ ਸਭਿਅਤਾ ਦੀਆਂ ਸਥਾਈ ਕੀਮਤਾਂ'ਦੇ ਨਾਂ ਉਤੇ ਜਦੋਜਹਿਦ ਕਰਨ ਦੀ ਅਪੀਲ ਕੀਤੀ। ਇਹ ਕੀਮਤਾਂ ਉਸ ਅਨੁਸਾਰ,"ਸਾਂਝੀ ਆਤਮਾ,ਉਦਮ ਤੇ ਉਤਸ਼ਾਹ,ਸਭਿਆਚਾਰਕ ਕੀਮਤਾਂ ਦਾ ਆਦਰ,ਤੱਥਾਂ ਤੇ ਠੋਸ ਅਸਲੀਅਤ ਵਿਚ ਵਿਸ਼ਵਾਸ਼"ਉਤੇ ਅਧਾਰਤ ਸਨ। ਉਸਨੇ ਕਿਹਾ ਕਿ ਪੱਛਮੀ ਚੌਧਰ ਨੇ ਅਫਰੀਕੀ ਸਮਾਜ ਦੀਆਂ ਇਨ੍ਹਾਂ ਕੀਮਤਾਂ ਨੂੰ ਢਾਹ ਲਾਈ ਹੈ।

## ਪੁਰਖਿਆਂ ਦੀ ਸਿਆਣਪ

ਟੌਮ ਮਬੋਇਆਂ ਨੇ ਨਾਅਰਾ ਬੁਲੰਦ ਕੀਤਾ ਕਿ ਪੱਛਮੀ ਸਾਮਰਾਜਵਾਦ ਨੇ ਮੁਨਾਫੇ ਖੋਰੀ ਦੇ ਇਰਾਦੇ ਨਾਲ ਰਵਾਇਤੀ ਅਫਰੀਕੀ ਭਾਈਚਾਰਿਆਂ ਨੂੰ ਸੱਟ ਮਾਰੀ ਹੈ;ਇਸ ਲਈ ਇਸ ਦਾ ਵਿਰੋਧ ਹੋਣਾ ਚਾਹੀਦਾ ਹੈ।ਇਸੇ ਤਰ੍ਹਾਂ ਨਾਈਜ਼ੀਰੀਆ ਦੇ ਲੇਖਕ ਬੇਵੇ ਉਨੋਹਾ ਨੇ 'ਆਪਣੇ ਪੁਰਖਿਆਂ ਦੀ ਸਿਆਣਪ ਤੇ ਕਦਰਾਂ ਕੀਮਤਾਂ'ਵੱਲ ਪਰਤਣ ਦਾ ਸੱਦਾ ਦਿੱਤਾ ਅਤੇ ਅਲਜੇਰੀਆ ਦੇ ਹੁਆਰੀ ਬੋਮੇਦੀਨ ਨੇ ਐਲਾਨ ਕੀਤਾ ਕਿ "ਸਾਡੇ ਇਨਕਲਾਬ ਦਾ ਫਲਸਫਾ ਸਾਡੇ ਬੀਤੇ ਤੋਂ,ਸਾਡੀ ਸਭਿਅਤਾ ਤੋਂ,ਸਾਡੀਆਂ ਕਦਰਾਂ ਕੀਮਤਾਂ ਤੇ ਵਿਸ਼ਵਾਸ਼ਾਂ ਤੋਂ ਪ੍ਰੇਰਨਾ ਲਵੇ।

ਇਰਾਨ ਵਿਚ ਅਤੇ ਪੱਛਮੀ ਏਸ਼ੀਆ ਤੇ ਉਤਰੀ ਅਫਰੀਕਾ ਦੇ ਦੇਸ਼ਾਂ ਵਿਚ ਚੱਲੀਆਂ ਸੱਜਰੀਆਂ ਮੂਲਵਾਦੀ ਲਹਿਰਾਂ ਨਾ ਕੇਵਲ ਇਨ੍ਹਾਂ ਸਮਾਜਾਂ ਦੇ ਸਿਆਸੀ ਤੇ ਭਾਈਚਾਰਕ ਪਤਨ ਵਿਰੁੱਧ ਪ੍ਰਤੀਕਰਮ ਵਜੋਂ ਪੈਦਾ ਹੋਈਆਂ ਸਗੋਂ ਇਨ੍ਹਾਂ ਦਾ ਕਾਰਨ ਆਧੁਨਿਕ ਸਨਅਤੀਕਰਨ ਵਲੋਂ ਪਏ ਦਬਾਅ ਵੀ ਹਨ। ਦੂਜੇ ਪਾਸੇ ਸਾਊਦੀ ਤੇ ਮਿਸਰੀ ਮੂਲਵਾਦ ਦਾ ਅਧਾਰ 'ਇਸਲਾਮੀ ਭਾਈਚਾਰਾ'ਨਾਂ ਦੀ ਲਹਿਰ ਹੈ ਜਿਹੜੀ ਜਮਾਲੁਦੀਨ ਅਫਗਾਨੀ ਨੇ 19ਵੀਂ ਸਦੀ ਵਿਚ ਚਲਾਈ। ਪਰ ਇਹ ਉਸ ਦੀਆਂ ਸਿੱਖਿਆਵਾਂ ਨਾਲ ਮੇਲ ਨਹੀਂ ਖਾਂਦੀ।

ਆਇਤੁੱਲਾ ਖੋਮੀਨੀ ਵਲੋਂ ਉਭਾਰਿਆ ਸ਼ੀਆ ਮੂਲਵਾਦ ਵੀ ਸ਼ਾਹ ਇਰਾਨ ਦੇ ਸਮੇਂ ਆਧੁਨਿਕੀਕਰਨ ਦੁਆਰਾ ਪੈਦਾ ਹੋਈਆਂ ਬੁਰਾਈਆਂ ਨੂੰ ਸਮਾਜਕ ਪਤਨ ਲਈ ਜ਼ਿੰਮੇਵਾਰ ਠਹਿਰਾਉਂਦਾ ਹੈ। ਉਸਦਾ ਦੋਸ਼ ਹੈ ਕਿ ਇਰਾਨੀ ਸਮਾਜ ਇਸਲਾਮੀ ਅਸੂਲਾਂ ਤੇ ਕਦਰਾਂ ਨੂੰ ਛੱਡ ਕੇ ਗਿਰਾਵਟ ਦਾ ਸ਼ਿਕਾਰ ਹੋਇਆ ਹੈ।

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਚੜ੍ਹਤ ਦੇ ਸਮੇਂ ਤੋਂ ਪੰਜਾਬ ਵਿੱਚ ਸਿੱਖ ਧਾਰਮਿਕ ਮੂਲਵਾਦ ਦਾ ਕਾਰਨ ਵੀ ਇਹੋ ਹੀ ਹੈ। ਇਹ ਇਸ ਸਿੱਧੇ ਸਾਦੇ ਸਿਧਾਂਤ ਉਤੇ ਆਧਾਰਤ ਹੈ ਕਿ ਪੰਜਾਬ ਦੇ ਪਿੰਡਾਂ,ਖਾਸ ਕਰ ਕੇ ਕਿਸਾਨਾਂ (ਜਿਨ੍ਹਾਂ ਵਿਚੋਂ ਭਾਰੀ ਬਹੁਗਿਣਤੀ ਸਿੱਖ ਹਨ )ਵਿਚ ਪੈਦਾ ਹੋਈਆਂ ਸਮਾਜਿਕ ਬੁਰਾਈਆਂ ਸਿੱਖ ਨੌਜਵਾਨਾਂ ਦੇ ਆਪਣੇ ਧਰਮ ਦੇ ਬੁਨਿਆਦੀ ਆਦਰਸ਼ਾਂ ਤੋਂ ਪਰ੍ਹੇ ਹਟਣ ਕਰਕੇ ਪੈਦਾ ਹੋਈਆਂ ਹਨ।

ਅਜੋਕੇ ਮੂਲਵਾਦ-ਜਦੋਂ ਇਹ ਇਰਾਨ,ਲਿਬੀਆ ਜਾਂ ਪੰਜਾਬ ਵਿੱਚ ਹੈ,ਭਾਵੇਂ ਇਹ ਮੁਸਲਿਮ ਜਾਂ ਸਿੱਖ-ਦੇ ਤੁਲਨਾਤਮਕ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਇਹ ਆਧੁਨਿਕ ਸਨਅਤੀਕਰਨ ਦੁਆਰਾ ਪੈਦਾ ਹੋਏ ਦਬਾਵਾਂ ਦੇ ਧਾਰਮਿਕ ਹੁੰਗਾਰੇ ਵਜੋਂ ਹੋਂਦ ਵਿਚ ਆਇਆ ਹੈ,ਭਾਵੇਂ ਇਸ ਦੇ ਕੁੱਝ ਹੋਰ ਕਾਰਨ ਵੀ ਹਨ। ਸ਼ਾਹ ਦੇ ਇਰਾਨ ਤੇ ਹਰੇ ਇਨਕਲਾਬ ਤੋਂ ਪਿਛੋਂ ਦੇ ਪੰਜਾਬ ਦੋਹਾਂ ਵਿਚ,ਸਮਾਜ ਦੇ ਆਨੁਨਿਕੀਕਰਨ ਨੇ ਯੁਵਕਾਂ ਨੂੰ ਆਪਣੇ ਧਰਮਾਂ ਦੇ ਘੇਰੇ ਤੋਂ ਦੂਰ ਕੀਤਾ ਹੈ।

ਇਰਾਨ ਵਿਚ ਤੇਲ ਤੋਂ ਹੋਈ ਬਹੁਤੀ ਆਮਦਨੀ ਅਤੇ ਪੰਜਾਬ ਵਿਚ ਹਰੇ ਇਨਕਲਾਬ ਦੁਆਰਾ ਪੈਦਾ ਹੋਈ ਖੁਸ਼ਹਾਲੀ (ਵਿਦੇਸ਼ਾਂ ਤੋਂ ਕਮਾ ਕੇ ਭੇਜੇ ਗਏ ਧਨ ਸਮੇਤ) ਨੇ ਮੂਲਵਾਦ ਦੇ ਉਭਾਰ ਲਈ ਹਾਲਾਤ ਪੈਦਾ ਕਰ ਦਿੱਤੇ। ਇਸ ਨਵੇਂ ਕਮਾਏ ਧਨ ਦੀ ਉਤਪਾਦਕ ਵਰਤੋਂ ਲਈ ਢੁਕਵੀਆਂ ਸਹੂਲਤਾਂ ਨਾਂ ਹੋਣ ਕਰ ਕੇ (1) ਪੇਂਡੂ ਯੁਵਕਾਂ ਵਿਚ ਬੇਰੁਜ਼ਗਾਰੀ ਵਧੀ (2) ਪੈਸੇ ਦੀ ਬਹੁਤਾਤ ਨੇ ਯੁਵਕਾਂ ਨੂੰ ਸ਼ਰਾਬਨੋਸ਼ੀ,ਨਸ਼ੀਲੀਆਂ ਦਵਾਈਆਂ ਦੇ ਸੇਵਨ ਵੱਲ ਲਾ ਦਿੱਤਾ ਤੇ ਨੈਤਿਕ ਢਿੱਲ ਪੈਦਾ ਕੀਤੀ। (3) ਪੜ੍ਹੇ ਲਿਖੇ ਬੇਰੁਜ਼ਗਾਰ ਯੁਵਕਾਂ ਵਿਚ ਸਿਆਸੀ ਲਾਲਸਾਵਾਂ ਪੈਦਾ ਹੋ ਗਈਆਂ।

### ਧਾਰਮਿਕ ਮੂਲਵਾਦ ਵਿਰੁੱਧ ਸੰਘਰਸ਼

ਆਧੁਨਿਕੀਕਰਨ ਦੁਆਰਾ ਪੈਦਾ ਹੋਏ ਇਨ੍ਹਾਂ ਸਮਾਜਕ ਦਬਾਵਾਂ ਨੇ ਸਮਾਜਕ ਪੱਧਰ ਵਿੱਚ ਗਿਰਾਵਟ ਪੈਦਾ ਕੀਤੀ,ਯੁਵਕਾਂ ਨੂੰ ਆਪਣੇ ਧਾਰਮਿਕ ਅਕੀਦਿਆਂ ਤੋਂ ਪਰ੍ਹੇ ਕੀਤਾ ਅਤੇ ਇਉਂ ਧਾਰਮਿਕ ਨੇਤਾਵਾਂ ਵਿਚ ਇਹ ਭਾਵਨਾ ਪੈਦਾ ਹੋਈ ਕਿ ਨੌਜਵਾਨਾਂ ਨੂੰ ਗਿਰਾਵਟ ਤੋਂ ਬਚਾਇਆ ਜਾਵੇ ਅਤੇ ਧਾਰਮਿਕ ਰਹੁ-ਰੀਤਾਂ,ਕੀਮਤਾਂ ਤੇ ਨੈਤਿਕ ਪ੍ਰਣਾਲੀ ਦੁਆਰਾ ਯੁਵਕਾਂ ਦੀ ਸ਼ਕਤੀ ਨੂੰ ਰਾਜਸੀ ਤਾਕਤ ਹਾਸਲ ਕਰਨ ਦੇ ਮੰਤਵ ਹਿਤ ਵਰਤਿਆ ਜਾਵੇ।

ਇਸ ਲਈ ਇਹ ਹੈਰਾਨੀ ਦੀ ਗੱਲ ਨਹੀਂ ਕਿ ਭੋਂ-ਆਧਾਰਤ ਪੇਂਡੂ ਮੱਧ ਸ਼੍ਰੇਣੀ ਨੇ ਇਰਾਨ ਤੇ ਪੰਜਾਬ ਵਿਚ ਧਾਰਮਿਕ ਨੇਤਾਵਾਂ ਦੀ ਹਮਾਇਤ ਕੀਤੀ ਤਾਂ ਜੋ ਯੁਵਕਾਂ ਨੂੰ ਆਧੁਨਿਕੀਕਰਨ ਦੀਆਂ ਬੁਰਾਈਆਂ ਤੋਂ ਬਚਾਇਆ ਜਾ ਸਕੇ। ਆਇਤੁੱਲਾ ਖੋਮੀਨੀ ਦੀ ਸ਼ੀਆ ਮੱਤ ਨੂੰ ਸੁਰਜੀਤ ਕਰਨ ਲਈ ਜਦੋਜਹਿਦ ਅਤੇ ਸੰਤ ਭਿੰਡਰਾਂਵਾਲੇ ਵਲੋਂ ਖਾਲਸਾ ਪੰਥ ਦੀ ਸ਼ਾਨ ਬਹਾਲ ਕਰਨ ਲਈ ਦਿੱਤਾ ਗਿਆ ਸੱਦਾ,ਦੋਹਾਂ ਨੂੰ ਪੇਂਡੂ ਮੱਧ ਕਿਸਾਨੀ ਦੀ ਹਮਾਇਤ ਮਿਲੀ। ਇਨ੍ਹਾਂ ਲਹਿਰਾਂ ਵਿਚ ਵਿਹਲੇ ਨੌਜਵਾਨ ਵੀ ਆ ਰਲੇ।

## ਉਤਪਾਦਕ ਕਾਰਜ

ਇਸ ਪ੍ਰਕਾਰ ਜਿਹੜਾ ਪੰਜਾਬ ਆਧੁਨਿਕੀਕਰਨ ਦੇ ਦਬਾਵਾਂ ਨੂੰ ਝੱਲ ਨਹੀਂ ਸਕਦਾ,ਖੁਸ਼ਹਾਲੀ ਦੇ ਫਾਇਦਿਆਂ ਦੀ ਉਤਪਾਦਕ ਕਾਰਜਾਂ ਵਿਚ ਲਾਭਕਾਰੀ ਵਰਤੋਂ ਨਹੀਂ ਕਰ ਸਕਦਾ ਅਤੇ ਨਵੇਂ ਪੜ੍ਹੇ ਲੋਕਾਂ ਦੀ ਤੇਜ਼ੀ ਨਾਲ ਵਧ ਰਹੀ ਮੱਧ ਸ਼੍ਰੇਣੀ ਨੂੰ ਢੁਕਵੇਂ ਰਾਜਸੀ ਤੇ ਆਰਥਿਕ ਅਵਸਰ ਪ੍ਰਦਾਨ ਨਹੀਂ ਕਰ ਸਕਦਾ,ਉਹ ਮੂਲਵਾਦ ਵੱਲ ਧੱਕਿਆ ਜਾਂਦਾ ਹੈ।

ਇਸ ਲਈ ਹਰ ਕਿਸਮ ਦੇ ਮੂਲਵਾਦ ਵਿਰੁੱਧ ਸੰਘਰਸ਼ ਲਈ ਜ਼ਰੂਰੀ ਹੈ ਕਿ ਆਧੁਨਿਕੀਕਰਨ ਦੇ ਦਬਾਵਾਂ ਨੂੰ ਸਮਾਜ ਵਿਚ ਸਮੋ ਲਿਆ ਜਾਵੇ,ਖੁਸ਼ਹਾਲੀ ਤੋਂ ਪੈਦਾ ਹੋਏ ਧਨ ਨੂੰ ਉਤਪਾਦਕ ਕਾਰਜਾਂ ਵਿਚ ਲਾਇਆ ਜਾਵੇ ਅਤੇ ਨਵੇਂ ਪੜ੍ਹੇ ਯੁਵਕਾਂ ਨੂੰ ਆਹਰੇ ਲਾਉਣ ਲਈ ਨੌਕਰੀਆਂ ਤੇ ਕੰਮ-ਧੰਦਿਆਂ ਦੇ ਪ੍ਰਬੰਧ ਕੀਤੇ ਜਾਣ। ਇਸ ਖਾਤਰ ਕੇਵਲ ਆਰਥਿਕ ਢੰਗ ਤਰੀਕੇ ਹੀ ਕਾਫੀ ਨਹੀਂ,ਸਮਾਜਕ ਤੇ ਸਭਿਆਚਾਰਕ ਖੇਤਰਾਂ ਵਿਚ ਵੀ ਕਈ ਕਿਸਮ ਦੇ ਢੁਕਵੇਂ ਕਦਮ ਉਠਾਉਣ ਦੀ ਲੋੜ ਹੈ।

# ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਵਲੋਂ ਵੈਨਕੂਵਰ ਦੀ ਮਿਊਂਸਪਲ ਦੀ ਧੱਕੇਸ਼ਾਹੀ ਵਿਰੁੱਧ

ਕਲਾਰਨੀ ਕਮਿਊਨਿਟੀ ਸੈਂਟਰ 6260 ਕਲਾਰਨੀ ਸਟਰੀਟ ਵੈਨਕੂਵਰ

15 ਮਾਰਚ 1987 ਦਿਨ ਐਤਵਾਰ ਸ਼ਾਮ 2.30.

ਮੀਟਿੰਗ ਠੀਕ ਸਮੇਂ ਉਪਰ ਸ਼ੁਰੂ ਹੋਵੇਗੀ।

ਵਿਚਾਰਨ ਯੋਗ ਮੁੱਖ ਸਵਾਲ:—ਬੇਸਮਿੰਟਾਂ,ਦੂਜਾ ਕਿਚਨ,ਪ੍ਰਾਈਵੇਟ ਐਂਟਰੰਸ

ਮੁੱਖ ਬੁਲਾਰੇ:ਸਾਬਕ ਐਲਡਰਮੈਨ ਹੈਰੀ ਰਿੰਕਨ,ਐਸੋਸੀਏਸਨ ਦੇ ਹੋਰ ਬੁਲਾਰੇ।

ਘਰਾਂ ਦੇ ਮਾਲਕ ਅਤੇ ਬੇਸਮਿੰਟਾਂ ਵਿਚ ਰਹਿਣ ਵਾਲੇ ਸਾਰ ਪੁੱਜੋ। 325-8006; 325-1662

ਹੋਰ ਜਾਣਕਾਰੀ ਲਈ ਫੋਨ ਕਰੋ:-588-5271; 327-6461;

# ਵਿਦਿਆਰਥੀਆਂ ਲਈ 'ਏਡਜ਼'ਦਾ ਟੈਸਟ ਜ਼ਰੂਰੀ

ਨਵੀਂ ਦਿੱਲੀ:—ਸਿਹਤ ਮੰਤਰੀ ਨਰਸਿਮਹਾ ਰਾਉ ਨੇ ਲੋਕ ਸਭਾ 'ਚ ਦੱਸਿਆ ਕਿ ਹਰ ਬਿਦੇਸ਼ੀ ਵਿਦਿਆਰਥੀ ਲਈ 'ਏਡਜ਼'ਦਾ ਟੈਸਟ ਜ਼ਰੂਰੀ ਕਰ ਦਿੱਤਾ ਗਿਆ ਹੈ।

ਇਹ ਫੈਸਲਾ ਇਸ ਸਾਲ ਜੁਲਾਈ ਤੋਂ ਲਾਗੂ ਹੋਵੇਗਾ ਜਦੋਂ ਭਾਰਤ ਦੀਆਂ ਵੱਖ ਵੱਖ ਯੂਨੀਵਰਸਿਟੀਆਂ 'ਚ ਨਵੇਂ ਦਾਖਲੇ ਸ਼ੁਰੂ ਹੁੰਦੇ ਹਨ। ਮੰਤਰੀ ਨੇ ਕਿਹਾ ਕਿ ਦਾਖਲਾ ਲੈਣ ਦੇ ਚਾਹਵਾਨ ਜਿਸ ਵੀ ਵਿਅਕਤੀ 'ਚ 'ਏਡਜ਼'ਦੇ ਚਿੰਨ੍ਹ ਨਜ਼ਰ ਆਉਂਣਗੇ ਉਸਨੂੰ ਦਾਖਲ ਨਹੀਂ ਕੀਤਾ ਜਾਵੇਗਾ।

ਇਕ ਮਹੀਨੇ ਤੋਂ ਜ਼ਿਆਦਾ ਭਾਰਤ 'ਚ ਰਹਿਣ ਵਾਲੇ ਬਿਦੇਸ਼ੀ ਵਿਅਕਤੀ ਲਈ ਵੀ ਹੁਣ ਇਹ ਟੈਸਟ ਜ਼ਰੂਰੀ ਹੋਵੇਗਾ।

ਯਾਦ ਰਹੇ ਪਿਛਲੇ ਮਹੀਨੇ ਨਵੀਂ ਦਿੱਲੀ 'ਚ ਅਮਰੀਕੀ ਵਿਦਿਆਰਥੀਆਂ ਨੇ ਇਸ ਆਦੇਸ਼ ਦੇ ਖਿਲਾਫ ਜ਼ੋਰਦਾਰ ਮੁਜ਼ਾਹਰਾ ਕੀਤਾ ਸੀ ਅਤੇ ਇਸ ਨੂੰ ਵਾਪਸ ਲੈਣ ਦੀ ਮੰਗ ਕੀਤੀ ਸੀ।

■ ਖੁਸ਼ੀ ਦੀ ਅੰਤਮ ਮੰਜ਼ਲ ਉਹ ਦੁਨੀਆਂ ਹੈ, ਜਿਹਦੇ ਵਿਚ ਨਾ ਕੌਮਾਂ ਤੇ ਨਾ ਮਜ਼੍ਹਬਾਂ ਦਾ ਕੋਈ ਝੇੜਾ ਹੋਵੇਗਾ।


# A.M.C. Carpet Ltd.

12983-80th. Ave., Surrey, B.C

**Carpet-Vinyl-Hardwood** All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

**Free Estimate —**

ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :

**Phone for appointment**



AMARJIT SINGH CHAHAL

**Off. 594-6141**

**Res. 594-7595** **Pager 680-0214**


## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name...........................................................
Address.......................................................
City.............................................................
Province......................................................
Postal code..................................................
PHONE.

| | |
|---|---|
| One Year .................... | 25 dollars |
| Two Year .................... | 45 dollars |
| Three year .................. | 65 dollars |
| Life membership.......... | 300 dollars |
| ASIA............................ | 100 dollars[a year] |
| U.S.A. ......................... | 30 dollars [a year] |
| Europe ........................ | 100 dollars[a year] |
| Africa .......................... | 100 dollars [a year] |




# ਸੀਟੀਆਂ ਵਾਲੇ ਦਰਸ਼ਕਾਂ ਦੀ ਚਹੇਤੀ ਅਰੁਣਾ ਇਰਾਨੀ



ਹਾਸ - ਅਭਿਨੇਤਾ ਅਸਰਾਨੀ ਤੇ ਅਰੁਣਾ ਇਰਾਨੀ

ਅਰੁਣਾ ਇਰਾਨੀ ਨੇ ਫਿਲਮੀ ਧੰਦਾ ਸ਼ੌਕ ਨਾਲ ਨਹੀਂ ਸੀ ਅਪਨਾਇਆ। ਮਜ਼ਬੂਰੀਆਂ ਉਹਨੂੰ ਇਸ ਪਾਸੇ ਵੱਲ ਘਸੀਟ ਲਿਆਈਆਂ ਆਪਣੇ ਭਾਈਆਂ-ਭੈਣਾਂ ਨਾਲੋਂ ਸਭ ਤੋਂ ਵੱਡੀ ਹੋਣ ਕਰ ਕੇ ਸੁਰਤ ਸੰਭਾਲਦਿਆਂ ਹੀ ਜ਼ਿੰਮੇਵਾਰੀ ਦੇ ਅਹਿਸਾਸ ਨੇ ਉਸਨੂੰ ਘੇਰ ਲਿਆ। ਅਰੁਣਾ ਦੀ ਇੱਛਾ ਸੀ,ਪੜ੍ਹਾਂ,ਖੂਬ ਪੜ੍ਹਾਂ। ਪਰ ਛੇਵੀ ਜਮਾਤ ਦੀ ਪੜ੍ਹਾਈ ਵਿਚੇ ਛੱਡ ਕੇ, ਉਹਨੂੰ ਆਪਣੀਆਂ ਸੱਧਰਾਂ ਦਾ ਗਲਾ ਘੁੱਟਣਾ ਪਿਆ।

ਉਹਨੀਂ ਦਿਨੀਂ ਉਹਦਾ ਪਿਤਾ,ਨਾਟਕ ਖੇਡਦਾ ਹੁੰਦਾ ਸੀ। ਟੱਬਰ ਦਾ ਗੁਜ਼ਾਰਾ ਮੁਸ਼ਿਕਲ ਨਾਲ ਚੱਲਦਾ ਸੀ। ਚਾਰ ਪੈਸੇ ਕਮਾਉਣ ਖਾਤਰ ਅਰੁਣਾ ਨੇ ਕੋਈ ਵੀ ਕੰਮ ਕਰਨਾ ਸੀ। ਉਦੋਂ 'ਗੰਗਾ ਜਮੁਨਾ'ਫਿਲਮ ਬਣਨੀ ਆਰੰਭ ਹੋਣੀ ਸੀ ਤੇ ਬਾਲਕਲਾਕਾਰਾਂ ਦੀ ਚੋਣ ਲਈ ਇਕ ਮੁਕਾਬਲਾ ਹੋਇਆ। ਪਿਤਾ ਨੇ ਅਰੁਣਾ ਨੂੰ ਮੁਕਾਬਲੇ 'ਚ ਖੜ੍ਹੀ ਕਰ ਦਿੱਤਾ ਉਹ ਚੁਣੀ ਗਈ। ਉਹਦੀ ਉਮਰ ਉਦੋਂ ਨੌਂ ਕੁ ਸਾਲ ਹੋਵੇਗੀ। ਅਗਾਂਹ ਜਾ ਕੇ ਉਹਦੇ ਕੰਮ ਦੀ ਪ੍ਰਸੰਸਾ ਹੋਈ ਤੇ 'ਅਨਪੜ੍ਹ''ਸਰਹੱਦ'ਫਿਲਮਾਂ ਵਿੱਚ ਵੀ ਰੋਲ ਮਿਲ ਗਏ। ਇਹ ਫਿਲਮਾਂ ਕਰਨ ਉਪਰੰਤ ਵੀ ਉਹਨੇ ਫਿਲਮ ਲਾਈਨ ਨੂੰ ਮਨੋਂ ਨਹੀਂ ਸੀ ਅਪਣਾਇਆ। ਕੁਝ ਵਰ੍ਹੇ ਇਵੇਂ ਹੀ ਲੰਘਦੇ ਗਏ।

ਜਦੋਂ ਸੋਭਾ ਖੋਟੇ ਨੇ ਸ਼ਾਦੀ ਕਰਾ ਲਈ ਤਾਂ ਹਾਸ-ਅਭਿਨੇਤਾ ਮਹਿਮੂਦ ਦੀ ਫਿਲਮੀ ਜੋੜੀ ਲਈ ਇਕ ਦਮ ਕਿਸੇ ਕੁੜੀ ਦੀ ਭਾਲ ਕੀਤੀ ਜਾਣ ਲੱਗੀ। ਫਿਲਮਕਾਰ ਬਾਬੂ ਭਾਈ ਮਿਸਤਰੀ ਨੇ ਅਰੁਣਾ ਇਰਾਨੀ ਨੂੰ ਚੰਗੇ ਪੈਸੇ ਦੇ ਕੇ ਮਹਿਮੂਦ ਨਾਲ ਫਿਲਮ ਵਿਚ ਸਾਈਨ ਕਰ ਲਿਆ। ਇਹ ਜੋੜੀ ਏਨੀ ਚੱਲ ਨਿਕਲੀ ਕਿ ਦੋਹਾਂ ਦੀਆਂ ਦਰਜਨਾਂ ਫਿਲਮਾਂ ਇਕੱਠਿਆਂ ਆਈਆਂ।

ਉਨ੍ਹਾਂ ਦੋਹਾਂ ਦਾ ਬਹੁਤ ਸਮਾਂ ਇਕੱਠਿਆਂ ਬੀਤਣ ਦਾ ਨਤੀਜਾ ਇਹ ਹੋਇਆ ਕਿ ਉਹ ਇਕ ਦੂਜੇ ਨੂੰ ਪਿਆਰ ਕਰਨ ਲੱਗੇ। ਏਨੇ ਜ਼ਿਆਦਾ ਘੁਲਦੇ ਮਿਲਦੇ ਗਏ ਕਿ ਫਿਲਮ ਇੰਡਸਟਰੀ ਦੇ ਸਾਰੇ ਲੋਕ ਉਨ੍ਹਾਂ ਨੂੰ ਪਤੀ-ਪਤਨੀ ਕਰਾਰ ਦੇਣ ਲੱਗੇ। ਅਜਿਹੀ ਦੰਦ-ਕਥਾ ਨੇ ਅਰੁਣਾ ਇਰਾਨੀ ਦੇ ਫਿਲਮ ਕੈਰੀਅਰ ਨੂੰ ਨੁਕਸਾਨ ਪਹੁੰਚਾਇਆ। ਕਈ ਫਿਲਮਾਂ ਵਿੱਚ ਹੀਰੋਇਨ ਆਉਣ ਪਿਛੋਂ ਵੀ ਉਹਨੂੰ ਫੇਰ ਹੇਠਲੇ ਜਾਂ ਸਾਈਡ ਦੇ ਰੋਲ ਮਿਲਣ ਲੱਗ ਪਏ। ਪਰ ਉਹ ਦਿਨ,ਆਹ ਦਿਨ,ਅਰੁਣਾ ਇਰਾਨੀ ਨੇ ਕਦੇ ਵੀ ਆਪਣੇ ਫਿਲਮ ਕੈਰੀਅਰ ਦੀ ਗਿਰਾਵਟ ਲਈ ਮਹਿਮੂਦ ਨੂੰ ਦੋਸ਼ੀ ਨਹੀਂ ਠਹਿਰਾਇਆ। ਸਗੋਂ ਉਹ ਪਹਿਲਾਂ ਵਾਂਗ ਹੁਣ ਵੀ ਉਸਦੇ ਗੁਣ ਗਾਉਂਦੀ ਹੈ ਤੇ ਸ਼ਰੇਆਮ ਮੰਨਦੀ ਹੈ ਕਿ ਮਹਿਮੂਦ ਕਰ ਕੇ ਹੀ ਉਹਨੂੰ ਸਮੇਂ ਸਮੇਂ ਸਿਰ ਫਿਲਮਾਂ 'ਚ ਕੰਮ ਮਿਲਦਾ ਰਿਹਾ।

'ਬੰਬੇ ਟੂ ਗੋਆ'ਵਿੱਚ ਅਰੁਣਾ ਅਮਿਤਾਭ ਬਚਨ ਦੀ ਹੀਰੋਇਨ ਬਣ ਕੇ ਆਈ ਸੀ। ਫੇਰ 'ਫਰਜ਼'ਤੇ 'ਕਾਰਵਾਂ'ਫਿਲਮ ਨਾਲ ਉਹਦੀ ਅਭਿਨੈ-ਕਲਾ ਨੇ ਸਭ ਦਾ ਧਿਆਨ ਖਿਚਿਆ ਸੀ। ਉਹਦੀਆਂ ਹਿੱਟ ਫਿਲਮਾਂ ਵਿਚ 'ਦੋ ਫੂਲ' ਵੀ ਸ਼ਾਮਿਲ ਹੈ।

ਅਰੁਣਾ ਆਪਣੀਆਂ ਫਿਲਮੀ ਭੂਮਿਕਾਵਾਂ ਬਾਰੇ ਕਦੇ ਵੀ ਸੁਚੇਤ ਨਹੀਂ ਰਹੀ। ਜਿਸ ਤਰ੍ਹਾਂ ਦਾ ਵੀ ਰੋਲ ਮਿਲਦਾ ਗਿਆ,ਉਹ ਖਿੜੇ ਮੱਥੇ ਪ੍ਰਵਾਨ ਕਰਦੀ ਗਈ। ਉਹਨੂੰ ਬਹੁਤੀ ਵਾਰ ਮੁਜਰੇ ਵਾਲੀ,ਸ਼ਰਾਰਤੀ ਲੜਕੀ,ਜੇਬ -ਕਤਰੀ,ਗੁੰਡਿਆਂ ਦੇ ਗਰੋਹ ਦੀ ਮੈਂਬਰ,ਧੋਬਣ,ਆਦਿ-ਵਾਸੀ ਕੁੜੀ,ਵੇਸਵਾ ਆਦਿ ਬਣਾਇਆ ਗਿਆ। ਫਿਲਮਾਂ ਵਿਚ ਅਕਸਰ ਉਸਦੇ ਪੂਛਾਂ ਵਾਲਾ ਸੁਰਮਾ,ਵੱਡੇ ਗਲਮੇ ਵਾਲਾ ਬਲਾਊਜ਼ ਤੇ ਉਚੀ ਜਿਹੀ ਘੱਗਰੀ ਪੁਆਈ ਗਈ। ਫਿਲਮਕਾਰਾਂ ਨੇ ਵਾਹ ਲਗਦੀ ਅਰੁਣਾ ਨੂੰ ਸੈਕਸ ਸਿੰਬਲ ਬਣਾ ਕੇ ਪੇਸ਼ ਕੀਤਾ,ਗੰਭੀਰ ਰੋਲ ਉਹਦੇ ਹਿੱਸੇ ਬਹੁਤ ਘੱਟ ਆਏ।

ਜਦੋਂ ਮਹਿਮੂਦ ਦੀ ਚੜ੍ਹਤ-ਰੇਖਾ ਹੇਠਾਂ ਨੂੰ ਤੁਰਦੀ ਹੋਈ,ਇਕ ਤਰ੍ਹਾਂ ਨਾਲ ਮਿਟ ਗਈ ਸੀ ਤਾਂ ਅਰੁਣਾ ਇਰਾਨੀ ਦੀ ਅਸਰਾਨੀ ਨਾਲ ਜੋੜੀ ਬਣ ਗਈ। ਉਨ੍ਹਾਂ ਦੋਹਾਂ ਨੇ ਦਰਸ਼ਕਾਂ ਨੂੰ ਹਲਕੇ ਪੱਧਰ 'ਤੇ ਖੂਬ ਹਸਾਇਆ। ਜਦੋਂ ਬਿੰਦੂ ਤੇ ਕਲਪਨਾ ਆਇਰ ਨੂੰ ਜ਼ਿਆਦਾ ਫਿਲਮਾਂ ਮਿਲਣ ਲੱਗੀਆਂ ਤਾਂ ਅਰੁਣਾ ਨੇ ਇਕ ਮੋੜ ਕੱਟਿਆ। ਉਹ ਗੁਜਰਾਤੀ ਤੇ ਭੋਜਪੁਰੀ 'ਚ ਫਿਲਮਾਂ ਦਾ ਨਿਰਮਾਣ ਕਰਨ ਲੱਗੀ। ਪੰਜਾਬੀ ਫਿਲਮ 'ਸੰਤੋਬੰਤੋ'ਵਿਚ ਅਰੁਣਾ ਇਰਾਨੀ ਹੀਰੋਇਨ ਆਈ ਸੀ।

ਲੱਗਭੱਗ ਢਾਈ ਦਹਾਕਿਆਂ ਦੇ ਆਪਣੇ ਫਿਲਮੀ ਸਫਰ 'ਤੇ ਝਾਤ ਮਾਰਦਿਆਂ ਅਰੁਣਾ ਇਾਨੀ ਨੂੰ ਜਿਨ੍ਹਾਂ ਫਿਲਮਾਂ 'ਤੇ ਮਾਣ ਹੈ ਉਨ੍ਹਾਂ ਵਿਚ 'ਬੰਬੇ ਟੂ ਗੋਆ',ਤੇ 'ਕਾਰਵਾਂ',ਤੋਂ ਬਾਅਦ 'ਮੁਹੱਬਤ','ਬਹੂ ਕੀ ਆਵਾਜ਼','ਬੌਬੀ','ਅੰਗੂਰ','ਘਰ ਏਕ ਮੰਦਿਰ','ਲਵ ਸਟੋਰੀ','ਯਹ ਦੇਸ਼','ਪ੍ਰੇਮ ਨਗਰ','ਮਿਲੀ'ਤੇ 'ਮੱਵਾਲੀ' ਸ਼ਾਮਿਲ ਹਨ।

ਅਰੁਣਾ ਇਰਾਨੀ ਖਿੜੇ ਮੱਥੇ ਪ੍ਰਵਾਨਦੀ ਹੈ ਕਿ ਉਹ ਬਾਲਕੋਨੀ ਵਾਲੇ ਦਰਸ਼ਕਾਂ ਦੇ ਕੰਮ ਦੀ ਸ਼ੈਅ ਨਹੀਂ ਉਹ ਤਾਂ ਮੂਹਰਲੇ ਬੈਂਚਾਂ ਵਾਲਿਆਂ ਦੀ ਚਹੇਤੀ ਅਭਿਨੇਤਰੀ ਹੈ,ਜੋ ਉਸਨੂੰ ਸਕਰੀਨ 'ਤੇ ਦੇਖਣਸਾਰ ਸੀਟੀਆਂ ਮਾਰਨ ਲੱਗ ਪੈਂਦੇ ਹਨ ਤੇ ਉਸਦੇ ਖਾਸ ਅੰਦਾਜ਼ 'ਚ ਆਖੇ ਸਾਦਾ ਜਿਹੇ ਫਿਕਰੇ "ਅਰੇ ਹਟ ਯਾਰ"ਨੂੰ ਕਿਸੇ ਖੂਬਸੂਰਤ ਸ਼ੇਅਰ ਵਾਂਗ ਗੁਣਗੁਣਾਉਂਦੇ ਰਹਿੰਦੇ ਹਨ।


■ BUYING ■ SELLING

Free Evaluation For Your Property Call Any Time Without Any Obligation

Bus. 736-3831 or Res. 434-8548 Pager - 687-1985 #2229

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

Member of Prestigious M.L.S. Medallion Club For 83-84 85-86

## ਲੀਨਾ ਦਾਸ ਡਾਂਸ ਛੱਡੇਗੀ

ਲੀਨਾ ਦਾਸ ਨੇ ਫੈਸਲਾ ਕੀਤਾ ਹੈ ਕਿ ਹਥਲੀਆਂ ਫਿਲਮਾਂ ਨੂੰ ਮੁਕੰਮਲ ਕਰ ਲੈਣ ਉਪਰੰਤ ਉਹ ਅੱਗੇ ਤੋਂ ਫਿਲਮਾਂ ਵਿੱਚ ਡਾਂਸ ਨਹੀਂ ਕਰਿਆ ਕਰੇਗੀ। ਉਹਨੇ ਪਿੱਛੇ ਮਰਹੂਮ ਗਾਇਕ ਮੁਹੰਮਦ ਰਫੀ ਦੇ ਲੜਕੇ ਨਾਲ ਨਿਕਾਹ ਕਰ ਲਿਆ ਸੀ। ਸੁਣਨ ਵਿੱਚ ਆਇਆ ਹੈ ਕਿ ਲੀਨਾ ਦਾਸ ਦਾ ਨਵਾਂ ਫੈਸਲਾ ਉਹਦੇ ਪਤੀ ਦੇ ਸੁਭਾਅ ਕਾਰਨ ਹੋਇਆ ਹੈ। ਲੀਨਾ ਦਾਸ ਦੀ ਹੁਣ ਇੱਛਾ ਹੈ ਕਿ ਉਸਨੂੰ ਚਰਿਤਰ-ਰੋਲ ਜਾਂ ਰੁਮਾਂਟਿਕ ਰੋਲ ਵਾਲੀਆਂ ਫਿਲਮਾਂ ਮਿਲਣ। ਬਾਕੀ ਦੀ ਜ਼ਿੰਦਗੀ ਉਹ ਮਹਿਜ਼ ਡਾਂਸਰ ਨਹੀਂ ਬਿਤਾਉਣਾ ਚਾਹੁੰਦੀ।

'ਕਹਾਣੀ ਕਿਸਮਤ ਕੀ'ਤੋਂ ਲੈ ਕੇ 'ਨਮਕ ਹਲਾਲਾ', 'ਏਤਬਾਰ', 'ਮੀਠਾ ਜ਼ਹਿਰ', 'ਕਾਲਾ ਧੰਦਾ ਗੋਰੇ ਲੋਕ', 'ਹਮ ਨੌਜਵਾਨ'ਅਤੇ 'ਪਹੁੰਚੇ ਹੂਏ ਲੋਕ'ਤਕ ਲੀਨਾ ਦਾਸ 70 ਤੋਂ ਵੱਧ ਫਿਲਮਾਂ 'ਚ ਡਾਂਸ ਕਰ ਚੁੱਕੀ ਹੈ।

## ਚੇਤਨ ਦੀ 'ਮਿਰਜ਼ਾ ਸਾਹਿਬਾ'

ਨਿਰਮਾਤਾ ਨਿਰਦੇਸ਼ਕ ਚੇਤਨ ਆਨੰਦ ਇਨ੍ਹੀਂ ਦਿਨੀਂ ਮਿਰਜ਼ਾ ਸਾਹਿਬਾ ਦੇ ਪੇਪਰ-ਵਰਕ 'ਚ ਪੂਰੀ ਤਰ੍ਹਾਂ ਰੁੱਝਾ ਹੋਇਆ ਹੈ। ਪੰਜਾਬ ਦੀ ਮਸ਼ਹੂਰ ਲੋਕ ਕਥਾ ਉਪਰ ਕਿਸੇ ਹੰਢੇ-ਵਰਤੇ ਫਿਲਮਕਾਰ ਦਾ ਫਿਲਮ ਬਣਾਉਣਾ ਸਾਡੇ ਸਭ ਲਈ ਫਖਰ ਵਾਲੀ ਗੱਲ ਹੈ। ਖੁਸ਼ੀ ਇਸ ਗੱਲ ਦੀ ਵੀ ਹੈ ਕਿ ਚੇਤਨ ਆਨੰਦ ਮੂਲ ਰੂਪ 'ਚ ਪੰਜਾਬੀ ਹੈ ਤੇ ਪੰਜਾਬੀ ਸਭਿਆਚਾਰ ਨੂੰ ਕਾਫੀ ਸਮਝਦਾ ਹੈ, ਪਿਆਰਦਾ ਹੈ। ਨਾਲੇ ਫੇਰ ਚੇਤਨ ਨੇ ਪਹਿਲਾਂ 'ਹੀਰ ਰਾਂਝਾ' ਵਰਗੀ ਹਿਟ ਫਿਲਮ ਦਿੱਤੀ ਹੋਈ ਹੈ ਜੋ ਕੁਝ ਕੁ ਨੁਕਸਾਂ ਨੂੰ ਛੱਡ ਕੇ ਵੱਡੀ ਗਿਣਤੀ ਦਰਸ਼ਕਾਂ ਨੇ ਪਸੰਦ ਕੀਤੀ ਸੀ।

ਚੇਤਨ ਦਾ ਕਹਿਣਾ ਹੈ ਕਿ ਜੇਕਰ ਪੰਜਾਬੀ ਫਿਲਮਾਂ ਦੇ ਵਿਤਰਕਾਂ ਨੇ ਅਗਾਊਂ ਹੁੰਗਾਰਾ ਭਰਿਆ ਤਾਂ ਉਹ 'ਮਿਰਜ਼ਾ ਸਾਹਿਬਾ'ਨੂੰ ਹਿੰਦੀ ਦੇ ਨਾਲ ਨਾਲ ਪੰਜਾਬੀ ਵਿੱਚ ਵੀ ਬਣਾ ਦੇਵੇਗਾ। ਮਿਰਜ਼ੇ ਦੇ ਰੋਲ ਲਈ ਉਸਨੇ ਵਿਨੋਦ ਖੰਨਾ ਨੂੰ ਚੁਣ ਲਿਆ ਹੈ। ਸਾਹਿਬਾਂ ਦੀ ਭੂਮਿਕਾ ਲਈ ਪਹਿਲਾਂ ਸਿਰੀ ਦੇਵੀ ਨੂੰ ਵਿਚਾਰਿਆ ਸੀ ਤੇ ਫੇਰ ਡਿੰਪਲ ਕਪਾਡੀਆ ਨੂੰ ਪਰ ਦੋਹੇਂ ਅਭਿਨੇਤਰੀਆਂ ਉਸਨੂੰ ਹੁਣ ਢੁਕਵੀਆਂ ਨਹੀਂ ਜਾਪ ਰਹੀਆਂ। ਸਾਹਿਬਾਂ ਦੇ ਰੋਲ ਲਈ 'ਨਵਾਂ ਚਿਹਰਾ'ਪੇਸ਼ ਕਰਨ ਦੇ ਖਿਆਲ ਨਾਲ ਚੇਤਨ ਆਨੰਦ ਕਈ ਨਾਟਕ-ਮੰਡਲੀਆਂ ਦੀਆਂ ਮੰਚ-ਅਭਿਨੇਤਰੀਆਂ ਨੂੰ ਵੀ ਨਿਗ੍ਹਾ 'ਚੋਂ ਕੱਢ ਰਿਹਾ ਹੈ।

ਸਰੀਰਕ ਤੌਰ 'ਤੇ ਢਲ ਜਾਣ ਦੇ ਬਾਵਜੂਦ ਚੇਤਨ ਆਨੰਦ ਨੇ 'ਮਿਰਜ਼ਾ ਸਾਹਿਬਾ' ਦੇ ਪ੍ਰਾਜੈਕਟ ਨੂੰ ਕਿਸੇ ਉਤਸ਼ਾਹੀ ਨੌਜਵਾਨ ਵਾਂਗ ਹੱਥ ਪਾਇਆ ਹੈ। ਉਹ ਦਿਨ-ਰਾਤ ਇਸ ਕਹਾਣੀ ਨੂੰ ਪਟਕਥਾ ਵਿਚ ਪਰੋਣ ਤੇ ਫੇਰ ਸੁਧਾਈਆਂ ਕਰਨ 'ਚ ਖੁੱਭਿਆ ਰਹਿੰਦਾ ਹੈ। ਮਿਰਜ਼ਾ ਸਾਹਿਬਾਂ ਬਾਰੇ ਪੰਜਾਬੀ ਵਿੱਚ ਸਮੇਂ ਸਮੇਂ ਸਿਰ ਦਰਜਨਾਂ ਕਿੱਸੇ ਲਿਖੇ ਗਏ ਹਨ, ਉਹ ਸਭ ਚੇਤਨ ਆਨੰਦ ਦੀ ਮੇਜ਼ ਉਪਰ ਟਿਕ ਗਏ ਹਨ। ਕਵੀਸ਼ਰਾਂ ਢਾਡੀਆਂ ਤੇ ਹੋਰ ਗਾਇਕਾਂ ਵਲੋਂ 'ਮਿਰਜ਼ਾ ਸਾਹਿਬਾਂ'ਦੀ ਲੋਕ ਗਾਥਾ ਨੂੰ ਜਿਤਨੀਆਂ ਵੀ ਵੱਖ ਵੱਖ ਤਰਜ਼ਾਂ ਵਿੱਚ ਗਾਇਆ ਗਿਆ ਹੈ, ਉਹ ਸਭ ਕੈਸਟਾਂ ਤੇ ਡਿਸਕਾਂ ਚੇਤਨ ਦੇ ਮੇਜ਼ ਦੀ ਦਰਾਜ਼ ਵਿੱਚ ਬਿਰਾਜਮਾਨ ਹਨ।

ਫਿਲਮ ਲਾਈਨ ਵਿਚ ਚੇਤਨ ਆਨੰਦ ਨੇ ਲੜੀਵਾਰ ਬੜੇ ਮਾਅਰਕੇ ਮਾਰੇ ਹਨ। ਉਹਦੀ ਡਾਇਰੈਕਸ਼ਨ ਹੇਠ ਬਣੀ ਪਹਿਲੀ ਫਿਲਮ 'ਨੀਚਾ ਨਗਰ'ਨੇ ਧੁੰਮ ਮਚਾ ਦਿੱਤੀ ਸੀ। ਏਸ ਫਿਲਮ ਨੂੰ 'ਕੇਨਜ਼ ਕੌਮਾਂਤਰੀ ਫਿਲਮ ਮੇਲੇ'ਲਈ ਚੁਣੀਆਂ ਕੁਲ ਦਸ ਫਿਲਮਾਂ ਵਿਚ ਸ਼ਾਮਿਲ ਕੀਤਾ ਗਿਆ ਸੀ। 'ਨੀਚਾ ਨਗਰ'ਰਾਹੀਂ ਕਾਮਿਨੀ ਕੌਸ਼ਲ ਵਰਗੀ ਸੂਖਮ ਐਕਟਰੈਸ ਪਹਿਲੀ ਵਾਰ ਸਕਰੀਨ 'ਤੇ ਆਈ ਸੀ। ਇਸੇ ਤਰ੍ਹਾਂ ਰਵੀ ਸ਼ੰਕਰ ਦੇ ਸੰਗੀਤ ਨੂੰ'ਨੀਚਾ ਨਗਰ'ਤੋਂ ਪ੍ਰਸਿੱਧੀ ਮਿਲੀ ਸੀ। ਉਹਦੀ ਬਣਾਈ ਕਾਮੇਡੀ ਫਿਲਮ 'ਅਫਸਰ'ਹਿੰਦੀ ਫਿਲਮਾਂ ਦੇ ਇਤਿਹਾਸ 'ਚ ਇਕ ਮੀਲ-ਪੱਥਰ ਸਾਬਤ ਹੋ ਚੁੱਕੀ ਹੈ। ਪਹਿਲੇ-ਪਹਿਲ ਚੇਤਨ ਆਨੰਦ ਖੁਦ ਵੀ ਐਕਟਿੰਗ ਦਾ ਸ਼ੌਕ ਰੱਖਦਾ ਸੀ। 'ਹਮਸਫਰ', 'ਅੰਜਲ'ਤੇ 'ਅਣਬਣ'ਫਿਲਮਾਂ ਵਿੱਚ ਉਸਨੇ ਰੋਲ ਕੀਤਾ। ਚੇਤਨ ਨੇ ਆਪਣੇ ਬੈਨਰ ਨਵ ਕੇਤਨ ਦੀ ਫਿਲਮ 'ਬਾਜ਼ੀ' ਦੁਆਰਾ ਗੁਰੂ ਦੱਤ ਨੂੰ ਡਾਇਰੈਕਸ਼ਨ ਦਾ ਮੌਕਾ ਦਿੱਤਾ। 'ਆਂਧੀਆਂ'ਰਾਹੀਂ ਅਲੀ ਅਕਬਰ ਨੂੰ ਪਹਿਲੀ ਵਾਰ ਸੰਗੀਤ ਦੇਣ ਦਾ ਮੌਕਾ ਬਖਸ਼ਿਆ ਤੇ ਗੋਪੀ ਕ੍ਰਿਸ਼ਨ ਦਾ ਪਹਿਲੀ ਵਾਰ ਇਸ ਫਿਲਮ 'ਚ ਨਾਚ ਨਚਾਇਆ।

ਉਹਨੂੰ ਖੂਬਸੂਰਤ ਤੇ ਨਵੇਂ ਨਵੇਂ ਤਜਰਬੇ ਕਰਨ ਦਾ ਸ਼ੌਕ ਹੈ। 'ਆਖਰੀ ਖੱਤ'ਫਿਲਮ ਵਿਚ ਚੇਤਨ ਆਨੰਦ ਨੇ ਬੰਟੀ ਨਾਂਅ ਦੇ 8-10 ਮਹੀਨਿਆਂ ਦੇ ਬੱਚੇ ਤੋਂ ਕਿੰਨਾ ਖੂਬਸੂਰਤ ਕੰਮ ਲੈ ਕੇ ਵਿਖਾਇਆ ਸੀ। 'ਹਕੀਕਤ'ਫਿਲਮ ਭਾਰਤ-ਚੀਨ ਜੰਗ ਤੋਂਭ ਪ੍ਰਭਾਵਤ ਹੋ ਕੇ ਬਣਾਈ ਗਈ



ਫਿਲਮ ਡਾਂਸਰ ਲੀਨਾ ਦਾਸ

ਸੀ ਜਿਸਨੇ ਟਿਕਟ-ਖਿੜਕੀ 'ਤੇ ਕ੍ਰਿਸ਼ਮਾ ਕਰ ਦਿਖਾਇਆ ਸੀ। 'ਹੀਰ ਰਾਂਝਾ'ਦੀ ਸਮੁੱਚੀ ਪਟਕਥਾ ਨੂੰ ਕਵਿਤਾ ਵਿਚ ਪਰੋਣ ਦਾ ਵੀ ਉਸ ਸਹਣਾ ਤਜਰਬਾ ਕੀਤਾ ਸੀ। ਹੁਣ ਦੇਖਾਂਗੇ ਕਿ 'ਮਿਰਜ਼ਾ ਸਾਹਿਬਾਂ'ਵਿਚ ਚੇਤਨ ਆਨੰਦ ਆਪਣੇ ਲੰਮੇ ਤਜਰਬਿਆਂ ਦੇ ਆਸਰੇ ਕਿੰਨੇ ਕੁ ਕ੍ਰਿਸ਼ਮੇ ਕਰਦਾ ਹੈ

# ਅਸ਼ਲੀਲ ਫਿਲਮਾਂ 'ਤੇ ਪਾਬੰਦੀ ਲਾਉਣ ਦੀ ਮੰਗ

ਪਟਿਆਲਾ:—ਫਿਲਮ ਜਗਤ ਵਿਚ ਤੇ ਖਾਸ ਕਰ ਸ਼ਹਿਰਾਂ ਤੇ ਕਸਬਿਆਂ ਦੇ ਸ਼ਿਨਮਿਆਂ ਵਿਚ ਅੰਗਰੇਜ਼ੀ ਨਾਵਾਂ ਅਧੀਨ ਨੰਗੇਜ਼ ਫਿਲਮਾਂ ਦੇ ਪ੍ਰਦਰਸ਼ਨ ਦੇ ਚਲੇ ਨਵੀਂ ਝੁਕਾਅ ਵਿਰੁੱਧ ਸੂਝਵਾਨ ਤੇ ਸੁਚੇਤ ਨਾਗਰਿਕਾਂ ਵਲੋਂ ਸਖਤ ਗੁੱਸੇ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।

ਪਿਛਲੇ ਦਿਨੀਂ ਸੁਚੇਤ ਨਾਗਰਿਕ ਸਭਾ, ਭਾਰਤੀ ਜਨਤਾ ਪਾਰਟੀ, ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਅਤੇ ਜਨਤਾ ਯੁਵਾ ਮੋਰਚਾ ਦੀਆਂ ਹੋਈਆਂ ਵੱਖ ਵੱਖ ਮੀਟਿੰਗਾਂ ਵਿਚ ਪਟਿਆਲਾ ਸ਼ਹਿਰ ਤੇ ਦੂਜੇ ਕਸਬਿਆਂ ਵਿਚ ਸਿਨਮਿਆਂ ਵਿਚ ਦਿਖਾਈਆਂ ਜਾ ਰਹੀਆਂ ਇਸ ਤਰ੍ਹਾਂ ਦੀਆਂ ਫਿਲਮਾਂ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ ਗਈ।

ਵਰਨਣਯੋਗ ਹੈ ਕਿ ਇਨ੍ਹਾਂ ਫਿਲਮਾਂ ਬਾਰੇ ਸਿਨੇਮਾ ਮਾਲਕ ਸ਼ਹਿਰ ਵਿੱਚ ਖਾਸ ਕਰ ਲੜਕੀਆਂ ਦੀਆਂ ਵਿਦਿਅਕ ਸੰਸਥਾਵਾਂ ਦੇ ਨੇੜੇ ਅਸ਼ਲੀਲ ਪੋਸਟਰ ਲਗਾ ਆਂਦੇ ਹਨ ਤੇ ਜਿਸ ਨਾਲ ਆਮ ਨਾਗਰਿਕਾਂ ਦਾ ਉਨ੍ਹਾਂ ਸਥਾਨਾਂ ਤੋਂ ਲੰਘਣਾ ਮੁਸ਼ਕਲ ਹੋ ਜਾਂਦਾ ਹੈ। ਮੰਗ ਕੀਤੀ ਜਾ ਰਹੀ ਹੈ ਕਿ ਇਸ ਤਰ੍ਹਾਂ ਦੀਆਂ ਫਿਲਮਾਂ ਨੂੰ ਪਾਸ ਨਾ ਕੀਤਾ ਜਾਵੇ ਤੇ ਕੇਂਦਰੀ ਸਰਕਾਰ 'ਤੇ ਇਸ ਲਈ ਦਬਾਅ ਪਾਇਆ ਜਾਵੇ ਕਿ ਨਿਯਮਾਂ ਵਿੱਚ ਸੋਧ ਕਰ ਕੇ ਇਨ੍ਹਾਂ ਫਿਲਮਾਂ ਨੂੰ ਬੈਨ ਕਰਨ ਲਈ ਸਰਕਾਰ ਕਾਰਵਾਈ ਕਰੇ।

ਨਾਗਰਿਕਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਤੇ ਪ੍ਰਸ਼ਾਸ਼ਨ ਨੇ ਇਸ ਸੰਬੰਧ ਵਿਚ ਕੋਈ ਯੋਗ ਕਾਰਵਾਈ ਨਾ ਕੀਤੀ ਤਾਂ ਨਾਗਰਿਕ ਸਿੱਧੀ ਕਾਰਵਾਈ ਕਰਨਗੇ।




Kuldip S. Jhand

SUPER BUYS

WHEATON
PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

325 - 12th St., New Westminster, B.C.

MALKIT PARMAR

ROYAL LEPAGE REAL ESTATE SERVICES

ਘਰ ਦੀ ਕੀਮਤ ਪਵਾਉਣ ਲਈ ਸਾਡੀ ਕੰਪਨੀ ਰਾਹੀਂ ਘਰ ਖਰੀਦਣਾ ਜਾਂ ਵੇਚਣਾ ਆਸਾਨ ਹੈ ਕਿਉਂਕਿ ਮਾਰਗੇਜ਼ ਦਾ ਪ੍ਰਬੰਧ ਵੀ ਕੰਪਨੀ ਦੁਆਰਾ ਕੀਤਾ ਜਾਂਦਾ ਹੈ।

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਮਲਕੀਤ ਪਰਮਾਰ ਨੂੰ ਮਿਲੋ ਜਾਂ ਫੋਨ ਕਰੋ :

Bus: (604) 590-1321 Res: 589-2650

8699 - 120th St., North Delta, B.C.



# ਸਿਰਸਾ ਜ਼ਿਲੇ ਵਿਚ ਸਿਖ ਉਮੀਦਵਾਰ ਖੜ੍ਹੇ ਕਰਨ ਦੀ ਮੰਗ

ਮੰਡੀ ਡਬਵਾਲੀ:—ਗੈਰ-ਰਾਜਸੀ ਜਥੇਬੰਦੀ ਸਿਖ ਫੋਰਮ ਜ਼ਿਲਾ ਸਿਰਸਾ ਨੇ ਹਰਿਆਣਾ ਦੀਆਂ ਵੱਖ ਵੱਖ ਸਿਆਸੀ ਪਾਰਟੀਆਂ ਦੇ ਰੋਲ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਹੈ ਕਿ ਸਿਰਸਾ ਜ਼ਿਲਾ ਦੀਆਂ 5 ਸੀਟਾਂ ਵਿਚੋਂ 2 ਸੀਟਾਂ ਉਤੇ ਸਿਖ ਉਮੀਦਵਾਰ ਖੜ੍ਹੇ ਕਰ ਕੇ ਸਿਖਾਂ ਨੂੰ ਨੁਮਾਇੰਦਗੀ ਦਿੱਤੀ ਜਾਵੇ। ਸਿਖ ਫੋਰਮ ਦੇ ਕਨਵੀਨਰ ਅਮੀਰ ਸਿਘ ਰੰਧਾਵਾ ਐਡਵੋਕੇਟ ਨੇ ਕਿਹਾ ਕਿ ਸਿਰਸਾ ਜ਼ਿਲੇ ਵਿਚ 5 ਲੱਖ ਵੋਟਰਾਂ ਵਿਚੋਂ 2 ਲੱਖ ਸਿਖ ਵੋਟਰ ਹਨ। ਹਰਿਆਣਾ ਦੇ ਘੱਟ ਗਿਣਤੀ ਸਿਖਾਂ ਵਿੱਚ ਵਿਸ਼ਵਾਸ ਕਾਇਮ ਕਰਵਾਉਣ ਲਈ ਘੱਟੋ ਘੱਟ ਦੋ ਸਿਖਾਂ ਨੂੰ ਟਿਕਟ ਜ਼ਰੂਰ ਦਿੱਤੇ ਜਾਣੇ ਚਾਹੀਦੇ ਹਨ। ਉਨ੍ਹਾਂ ਅਫਸੋਸ ਪ੍ਰਗਟ ਕੀਤਾ ਕਿ ਇਕੱਲੇ ਹੋੜੀ ਵਿਧਾਨ ਸਭਾ ਹਲਕੇ ਵਿੱਚ 64 ਹਜ਼ਾਰ ਸਿਖ ਵੋਟਰ ਹਨ ਪਰ ਅਜੇ ਤੱਕ ਕੋਈ ਵੀ ਸਿਆਸੀ ਪਾਰਟੀ ਕਿਸੇ ਸਿਖ ਨੂੰ ਆਪਣਾ ਉਮੀਦਵਾਰ ਬਣਾ ਕੇ ਸਿਖਾਂ ਨੂੰ ਨੁਮਾਇੰਦਗੀ ਦੇਣ ਲਈ ਤਿਆਰ ਨਹੀਂ ਹੈ।

ਸ੍ਰੀ ਰੰਧਾਵਾ ਨੇ ਦੱਸਿਆ ਕਿ ਸਿਰਸਾ ਜ਼ਿਲੇ ਦੀਆਂ 5 ਅਤੇ ਹਿਸਾਰ ਜ਼ਿਲੇ ਦੀਆਂ 4 ਸੀਟਾਂ 'ਤੇ ਚੋਣਾਂ ਵਿੱਚ ਜਿੱਤ ਹਾਰ ਦਾ ਫੈਸਲਾ ਸਿੱਖ ਵੋਟਰਾਂ ਦੇ ਹੱਥ ਹੁੰਦਾ ਹੈ ਅਤੇ ਇਸ ਵਾਰ ਸਿਰਸਾ ਜ਼ਿਲਾ ਦੇ ਸਿਖ ਵੋਟਰ ਉਸੇ ਪਾਰਟੀ ਦਾ ਸਾਥ ਦੇਣਗੇ ਜੋ ਸਿਖਾਂ ਨੂੰ ਨੁਮਾਇੰਦਗੀ ਦੇਵੇਗੀ।

ਸਿਖ ਫੋਰਮ ਦੇ ਕਨਵੀਨਰ ਨੇ ਕਿਹਾ ਕਿ ਜੇਕਰ ਕਿਸੇ ਵੀ ਸਿਆਸੀ ਪਾਰਟੀ ਨੇ ਸਿਰਸਾ ਜ਼ਿਲਾ ਵਿੱਚ ਸਿਖਾਂ ਨੂੰ ਨੁਮਾਇੰਦਗੀ ਨਾ ਦਿੱਤੀ ਤਾਂ ਸਿਚ ਫੋਰਮ ਜ਼ਿਲੇ ਵਿੱਚ ਰੋੜੀ, ਡੱਬਵਾਲੀ ਸਮੇਤ 3 ਵਿਧਾਨ ਸਭਾ ਸੀਟਾਂ 'ਤੇ ਆਪਣਾ ਉਮੀਦਵਾਰ ਖੜ੍ਹੇ ਕਰੇਗਾ।

# ਮੇਜਰ ਸਿੰਘ ਉਬੋਕੇ ਦਾ ਧੜਾ ਦੋਚਿੱਤੀ 'ਚ

ਚੰਡੀਗੜ੍ਹ:—ਪਤਾ ਲੱਗਾ ਹੈ ਕਿ ਪੰਜਾਬ ਦੇ ਮਾਲ ਮੰਤਰੀ ਮੇਜਰ ਸਿੰਘ ਉਬੋਕੇ ਅਤੇ ਉਨ੍ਹਾਂ ਦੇ ਸਾਥੀਆਂ ਅਜੇ ਤਕ ਇਹ ਫੈਸਲਾ ਨਹੀਂ ਕਰ ਸਕੇ ਕਿ ਉਨ੍ਹਾਂ ਨੇ ਸਿਆਸੀ ਤੌਰ ਤੇ ਮੁੱਖ ਮੰਤਰੀ ਸ੍ਰੀ ਸੁਰਜੀਤ ਸਿੰਘ ਬਰਨਾਲਾ ਦਾ ਸਾਥ ਦੇਣਾ ਹੈ ਕਿ ਪੰਜ ਸਿੰਘ ਸਾਹਿਬਾਨ ਦੇ ਆਦੇਸ਼ ਉਤੇ ਸਾਂਝੇ ਅਕਾਲੀ ਦਲ ਵਿਚ ਸ਼ਾਮਲ ਹੋਣਾ ਹੈ।

# ਹਸਪਤਾਲ ਜਿਥੇ ਬੱਚੇ ਵਿਕਦੇ ਹਨ

ਬ੍ਰਹਮਪੁਰ:—ਇਥੋਂ ਦੇ ਐਮ.ਕੇ.ਸੀ.ਸੀ.ਮੈਡੀਕਲ ਕਾਲਜ ਵਿਚ ਬੱਚਿਆਂ ਦੀ ਵਿਕਰੀ ਆਮ ਗੱਲ ਹੈ। ਗਰੀਬੀ ਨੇ ਇਸ ਧੰਦੇ ਨੂੰ ਵਧਣ ਫੁਲਣ ਵਿਚ ਹੋਰ ਵੀ ਮਦਦ ਕੀਤੀ ਹੈ।

ਉਹ ਜੋੜੇ ਜਿਨ੍ਹਾਂ ਦੇ ਸੰਤਾਨ ਨਹੀਂ, ਇਸ ਹਸਪਤਾਲ ਵਿਚ ਕੰਮ ਕਰਨ ਵਾਲੀਆਂ ਨਰਸਾਂ ਅਤੇ ਦਾਈਆਂ ਨਾਲ ਸੰਪਰਕ ਕਰਕੇ ਬੜੀ ਆਸਾਨੀ ਨਾਲ ਕਿਸੇ ਬੱਚੇ ਨੂੰ ਗੋਦ ਲੈ ਸਕਦੇ ਹਨ। ਇਹ ਨਰਸਾਂ ਅਤੇ ਦਾਈਆਂ ਹਸਪਤਾਲ ਵਿਚ ਭਰਤੀ ਹੋਣ ਵਾਲੀਆਂ ਗਰਭਵਤੀ ਮਹਿਲਾਵਾਂ ਤੇ ਬਰਾਬਰ ਨਜ਼ਰ ਰੱਖਦੀਆਂ ਹਨ। ਅਨਾਥ, ਮਾਨਸਿਕ ਰੂਪ ਤੇ ਬੀਮਾਰ ਮਜ਼ਦੂਰਨਾਂ, ਬਲਾਤਕਾਰ ਦੀਆਂ ਸ਼ਿਕਾਰ ਜਾਂ "ਅਵੈਦ" ਬੱਚਿਆਂ ਵਾਲੀਆਂ ਔਰਤਾਂ ਆਸਾਨੀ ਨਾਲ ਇਨ੍ਹਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ।

ਤੁਸੀਂ ਹੈਰਾਨ ਕਿਉਂ ਰਹਿ ਗਏ? ਇਹ ਧੰਦਾ ਇਥੇ ਬਹੁਤ ਦਿਨਾਂ ਤੋਂ ਚਲ ਰਿਹਾ ਹੈ। ਦਾਈ ਵਿਜੈ ਲਕਸ਼ਮੀ ਨੇ ਕਿਹਾ ਇਸ ਤੇ ਹਾਲ ਵਿਚ ਹੀ ਨਵ-ਜਨਮੇ ਬੱਚੇ ਵੇਚਣ ਦਾ ਇੰਤਜ਼ਾਮ ਕਰਨ ਦਾ ਦੋਸ਼ ਲੱਗਾ ਹੈ। ਉਸਨੇ ਅੱਗੇ ਕਿਹਾ ਮੈਨੂੰ ਸਾਰੇ ਲੋਕ ਦੋਸ਼ੀ ਕਿਉਂ ਠਹਿਰਾ ਰਹੇ ਹਨ? ਮੈਂ ਕੀ ਗਲਤ ਕੀਤਾ ਹੈ?

ਵਿਜੈ ਲਕਸ਼ਮੀ ਇਸ ਹਸਪਤਾਲ ਵਿਚ 7 ਸਾਲ ਤੀ ਵੀ ਜ਼ਿਆਦਾ ਸਮੇਂ ਤੋਂ ਕੰਮ ਕਰ ਰਹੀ ਹੈ, ਉਸ ਨੇ ਕਿਹਾ ਮੈਂ ਤਾਂ ਅਨਾਥ ਮਹਿਲਾਵਾਂ ਤੇ ਤਰਸ ਖਾ ਕੇ ਉਨ੍ਹਾਂ ਦੀ ਮੱਦਦ ਕਰ ਰਹੀ ਹਾਂ।

ਤਿੰਨ ਕੁੜੀਆਂ ਦੀ ਮਾਂ ਈਸ਼ਰੀ ਨੇ ਅਪਰੇਸ਼ਨ ਦੇ ਬਾਅਦ ਇਕ ਬੱਚੇ ਨੂੰ ਜਨਮ ਦਿੱਤਾ ਅਤੇ ਕਿਹਾ ਕਿ ਉਹ ਗੋਦ ਲੈਣ ਵਾਲੇ ਕਿਸੇ ਜੋੜੇ ਨੂੰ ਆਪਣਾ ਬੱਚਾ ਦੇਣਾ ਚਾਹੁੰਦੀ ਹੈ। ਇਕ ਹਫਤੇ ਦੇ ਅੰਦਰ ਇਥੇ ਇਕ ਵਪਾਰੀ ਆਪਣੀ ਪਤਨੀ ਦੇ ਨਾਲ ਆਇਆ ਅਤੇ 500 ਰੁਪਏ ਵਿਚ ਉਸਦੇ ਬੱਚੇ ਨੂੰ ਖਰੀਦ ਲਿਆ।

ਵਿਜੈ ਲਕਸ਼ਮੀ ਇਸ ਗੱਲ ਦਾ ਜ਼ੋਰਦਾਰ ਖੰਡਨ ਕਰਦੀ ਹੈ ਕਿ ਉਨ੍ਹਾਂ ਬੱਚਿਆਂ ਦੀ ਵਿਕਰੀ ਤੇ ਉਸਨੂੰ ਕਮਿਸ਼ਨ ਮਿਲਦਾ ਹੈ, ਹਸਪਤਾਲ ਦੇ ਦੂਜੇ ਕਰਮਚਾਰੀਆਂ ਦਾ ਵੀ ਕਹਿਣਾ ਹੈ ਕਿ ਵਿਜੈ ਲਕਸ਼ਮੀ ਇਸ ਧੰਦੇ ਵਿਚ ਕਾਫੀ ਦਿਨਾਂ ਤੋਂ ਹੈ, ਪਰ ਇਸ ਵਿਚ ਗਲਤ ਕੀ ਹੈ?

ਹਸਪਤਾਲ ਦੇ ਹਿਕ ਕਲਰਕ ਨੇ ਕਿਹਾ ਕਿ ਕਿਸੇ ਬੱਚੇ ਨੂੰ ਅਨਾਥ-ਆਲਿਆ ਵਿਚ ਭੇਜਣ ਤੋਂ ਬਿਹਤਰ ਹੈ ਉਸਨੂੰ ਕਿਸੇ ਅਜਿਹੇ ਜੋੜੇ ਨੂੰ ਦੇ ਦਿੱਤਾ ਜਾਵੇ ਜਿਸਦਾ ਕੋਈ ਬੱਚਾ ਨਾ ਹੋਵੇ।

ਪਰ ਹਸਪਤਾਲ ਤੋਂ ਖਰੀਦੇ ਬੱਚੇ ਨੂੰ ਗੋਦ ਲੈਣ ਦੇ ਲਈ ਕਾਨੂੰਨ ਦੀ ਪਾਲਣਾ ਜ਼ਰਾ ਵੀ ਨਹੀਂ ਕੀਤੀ ਜਾਂਦੀ, "ਇਹ ਮਾਂ ਅਤੇ ਬੱਚਾ ਖਰੀਦਣ ਵਾਲੇ ਜੋੜੇ ਦਾ ਪੂਰੀ ਤਰ੍ਹਾਂ ਨਿੱਜੀ ਮਾਮਲਾ ਹੈ, ਹਸਪਤਾਲ ਨੇ ਇਸ ਵਿਚੋਂ ਕੁੱਝ ਵੀ ਲੈਣਾ ਦੇਣਾ ਨਹੀਂ ਹੈ" ਹਸਪਤਾਲ ਦੇ ਇਕ ਅਧਿਕਾਰੀ ਨੇ ਕਿਹਾ

ਪੁਲਸ ਮੁਖੀ ਐਨ.ਆਰ.ਦਾਸ ਨੇ ਇਸ ਬਾਰੇ ਪੁੱਛੇ ਜਾਣ ਤੇ ਕਿਹਾ ਕਿ ਉਹ ਕੁੱਝ ਨਹੀਂ ਕਰਦੇ ਕਿਉਂਕਿ ਕੋਈ ਆਦਮੀ ਮਾਮਲਾ ਦਰਜ ਕਰਦਾ ਹੀ ਨਹੀਂ, ਫੇਰ ਵੀ ਇੱਕ ਇੰਸਪੇਕਟਰ ਨੂੰ ਇਸ ਦੋਸ਼ ਦੀ ਜਾਂਚ ਪੜਤਾਲ ਕਰਨ ਨੂੰ ਕਿਹਾ ਗਿਆ ਹੈ ਕਿਕੀ ਵਾਕਈ ਇਸ ਹਸਪਤਾਲ ਵਿਚ ਬੱਚੇ ਖਰੀਦਣ ਵਾਲਾ ਗਰੋਹ ਹੈ।

# ਭੀੜ ਹੇਠ ਦੱਬਣ ਨਾਲ 6 ਮਰੇ

ਅਜਮੇਰ:—ਅਜਮੇਰ 'ਚ ਮੁਸਲਮਾਨਾਂ ਦੇ ਧਾਰਮਿਕ ਅਸਥਾਨ ਖਵਾਜ਼ਾ ਚਿਸਤੀ ਦੀ ਦਰਗਾਹ 'ਤੇ ਭੀੜ ਹੇਠ ਦੱਬ ਕੇ 6 ਵਿਅਕਤੀਆਂ ਦੇ ਮਰਨ ਦਾ ਪਤਾ ਲੱਗਾ ਹੈ।

ਅਜਮੇਰ ਸਰੀਫ ਮੁਸਲਮਾਨਾਂ ਦਾ ਪ੍ਰਮੁੱਖ ਧਾਰਮਿਕ ਅਸਥਾਨ ਹੈ ਅਤੇ ਇਥੇ ਸਾਲਾਨਾ ਸਮਾਗਮ ਸਮੇਂ ਲੱਖਾਂ ਮੁਸਲਮਾਨ ਇਕੱਠੇ ਹੋਏ ਹਨ। ਭੀੜ ਭੜੱਕਾ ਹੋਣ ਕਰਕੇ ਲੋਕ ਕਾਬੂ ਤੋਂ ਬਾਹਰ ਆ ਗਏ ਅਤੇ 6 ਸਰਧਾਲੂ ਭੀੜ ਹੇਠ ਦੱਬ ਕੇ ਮਰ ਗਏ। ਮਰਨ ਵਾਲਿਆਂ 'ਚ 5 ਔਰਤਾਂ ਵੀ ਸ਼ਾਮਲ ਹਨ।

ਭਾਰਤ ਵਿਚ ਧਾਰਮਿਕ ਅਸਥਾਨਾਂ 'ਤੇ ਅਜਿਹੀਆਂ ਘਟਨਾਵਾਂ ਆਮ ਵਾਪਰਦੀਆਂ ਹਨ ਅਤੇ ਕੁੱਝ ਸਮਾਂ ਪਹਿਲਾਂ ਹੀ ਹਿੰਦੂਆਂ ਦੇ ਇਕ ਤੀਰਥ 'ਤੇ ਅਜਿਹਾ ਵਾਪਰਨ ਨਾਲ ਸੈਂਕੜੇ ਵਿਅਕਤੀ ਮਾਰੇ ਗਏ ਹਨ।

# ਪ੍ਰਿਥੀ ਸਿੰਘ ਨਵੇਂ ਏਅਰ ਮਾਰਸ਼ਲ

ਨਵੀਂ ਦਿੱਲੀ:—ਏਅਰ ਵਾਇਸ਼ ਮਾਰਸ਼ਲ ਸ੍ਰੀ ਪ੍ਰਿਥੀ ਸਿੰਘ ਨੂੰ ਤਰੱਕੀ ਦੇ ਕੇ ਏਅਰ ਮਾਰਸ਼ਲ ਦਾ ਦਰਜਾ ਦਿੱਤਾ ਗਿਆ ਹੈ। ਸ੍ਰੀ ਪ੍ਰਿਥੀ ਸਿੰਘ ਨੂੰ ਅਤਿ ਵਿਸ਼ਿਸਟ ਸੇਵਾ ਤਗਮਾ ਅਤੇ ਹਵਾਈ ਫੌਜ ਤਗਮੇ ਨਾਲ ਸਨਮਾਨਿਆ ਜਾ ਚੁੱਕਾ ਹੈ। ਉਨ੍ਹਾਂ ਨੇ ਵੱਖ ਵੱਖ ਕਿਸਮ ਦੇ 100 ਤੋਂ ਜ਼ਿਆਦਾ ਹਵਾਈ ਜ਼ਹਾਜ਼, ਛੇ ਹਜ਼ਾਰ ਘੰਟੇ ਦੇ ਕਰੀਬ ਉਡਾਨ ਭਰ ਚੁੱਕੇ ਹਨ।


## ਕੀ ਇੰਮੀਗਰੇਸ਼ਨ ਦਾ ਮਸਲਾ ਹੈ?

ਸਲਾਹ ਮਸ਼ਵਰੇ ਲਈ ਸਾਡੀ ਮਦਦ ਲਵੋ
ਅਸੀਂ ਆਪਦੀ ਸੇਵਾ 1946 ਤੋਂ ਕਰਦੇ ਆ ਰਹੇ ਹਾਂ ਪਹਿਲੀ ਮੁਲਾਕਾਤ ਦੀ ਕੋਈ ਫੀਸ ਨਹੀਂ ਹੋਵੇਗੀ।

## ਵਰਲਡ ਵਾਈਡ ਇੰਮੀਗਰੇਸ਼ਨ ਐਂਡ ਡਾਕੂਮੈਨਟੇਸ਼ਨ ਸਰਵਿਸਜ਼



ਦਲਜੀਤ ਸਿੰਘ ਸੰਧੂ L.L.B. (U.k.)
Res. 580-1822



ਮਲਕੀਤ ਸਿੰਘ ਪਰਹਾਰ
(ਇੰਮੀਗਰੇਸ਼ਨ ਸਲਾਹਕਾਰ)
Res. 228-0452

- ਰਿਸ਼ਤੇਦਾਰਾਂ ਨੂੰ ਕੈਨੇਡਾ ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ -ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹੇ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸ ਨੂੰ ਕਿਵੇਂ ਛੁਡਾ ਸਕਦੇ ਹਾਂ ਉਸ ਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇੰਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇੰਮੀਗਰੇਸ਼ਨ ਕੋਲੋਂ ਪਤਾ ਕਰਕੇ ਦੱਸ ਸਕਦੇ ਹਾਂ ਕਿ ਕੀ ਕਾਰਨ ਹੈ।
- ਜੋ ਇੰਡੀਆ ਤੋਂ ਕੋਈ ਡਾਕੂਮੈਂਟ ਮੰਗਾਉਣਾ ਹੋਵੇ ਤਾਂ ਅਸੀਂ ਮੰਗਵਾ ਸਕਦੇ ਹਾਂ।
- ਬਿਜ਼ਨਿਸ ਤੌਰ ਤੇ ਕੈਨੇਡਾ ਦੀ ਇੰਮੀਗਰੇਸ਼ਨ ਲੈਣੀ ਹੋਵੇ।
- ਸਟੂਡਿੰਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਦੱਸ ਸਕਦੇ ਹਾਂ
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜ਼ਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਉਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਰਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੋਰਗੇਜ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ ਤੁਸੀਂ ਪ੍ਰਾਪਰਟੀ ਜਾਂ ਬਿਜ਼ਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿਦਾਂ ਪੈਸੇ ਲੈ ਸਕਦੇ ਹੋ।

ਉਪਰ ਲਿਖੇ ਮਸਲਿਆਂ ਤੋਂ ਇਲਾਵਾ ਅਸੀਂ ਤੁਹਾਨੂੰ ਹੋਰ ਕਿਸੇ ਤੁਹਾਡੇ ਇੰਡੀਆਂ ਵਿਚਲੇ ਮਸਲੇ ਬਾਰੇ ਵੀ ਸਲਾਹ ਮਸ਼ਵਰਾ ਦੇ ਸਕਦੇ ਹਾਂ।

ਨਵੇਂ ਰਫਿਊਜੀ ਕਾਨੂੰਨ ਬਾਰੇ ਸਾਡੇ ਕੋਲੋਂ ਸਲਾਹ ਲਵੋ।

## IMMIGRATION PROBLEMS?

Let us assist you as we have been doing since 1946

**Complete Immigration Service in Canada**

| | |
|---|---|
| Sponsoring Immediate Family | Investors Immigration |
| Close Relatives | Entrepreneurs Immigration |
| Independent Immigrants | Self-Employed Immigration |
| Fiance (e) Application | Family Business Immigration |
| Student Visa | Work Permit |
| Refugee Application | Retired Person Application |
| Visitors Visa | Release Hearing |
| Adoption Application | Immigration Inquiry |
| Returning Resident Permit | Immigration Appeal |
| Citizenship Application | Preparing Application Forms |
| Orphan Relatives Application | Etc.... |

FREE consultation for first interview

**Malkit Singh Parhar & Daljit Sandhu**
**IMMIGRATION CONSULTANTS**
World Wide Immigration & Documentation Services
# 201-1275 W. 6th Avenue, Vancouver, B.C. Canada.

Off. (604) 733-1644

# GILL AUTO SALES

DLR #8220

## ਗਿੱਲ ਆਟੋ ਸੇਲਜ਼

’ਤੇ ਪਹੁੰਚੋ

## ਕਾਰਾਂ, ਵੈਨਾਂ ਜਾਂ ਪਿਕ ਅੱਪ ਖ਼੍ਰੀਦੋ

ਕਿਸੇ ਵੀ ਮੇਕ ਦੀ ਨਵੀਂ ਜਾਂ ਪੁਰਾਣੀ ਕਾਰ ਲੈਣ ਲਈ

**ਸਾਨੂੰ ਮਿਲੋ**

**ਅਸੀਂ ਤੁਹਾਡੇ ਹਜ਼ਾਰਾਂ ਡਾਲਰ ਬਚਾਅ ਸਕਦੇ ਹਾਂ**

### ਗਿੱਲ ਵੈਨ ਕਨਵਰਸ਼ਨ

ਆਪਣੀ ਵੈਨ ਦੀ ਕਨਵਰਸ਼ਨ ਕਰਵਾਉਣ ਲਈ ਸਾਡੇ ਕੋਲ ਪਹੁੰਚੋ —

—ਖਿੜਕੀਆਂ—

- ਪੂਰੀ ਤਬਦੀਲੀ
- ਆਈ. ਸੀ. ਬੀ. ਸੀ. ਕਲੇਮਜ਼
- ਸਨ-ਰੂਫ਼
- ਹਰ ਤਰ੍ਹਾਂ ਦੀਆਂ ਲੋੜਾਂ ਅਨੁਸਾਰ ਤੁਹਾਡੀ ਪਲੈਨ ਅਨੁਸਾਰ ਕੰਮ ਹੋਏਗਾ

**ਵਧੀਆ ਰੇਟ — ਗਰੰਟੀ ਦਾ ਕੰਮ**

### Gill Van Conversion

**—WINDOWS—**

- Complete Conversions
- I.C.B.C. Claims
- Full Line of Accessories
- Sun-roofs

We will build to your plans or ours

**BEST RATES — GUARANTEED WORK**

ਅੱਜ ਹੀ ਮਿਲੋ :

## P.S. GILL — SURINDER SINGH

## QUALITY USED CARS

ALL QUALITY CARS, PICK UPS & VANS TO CHOOSE FROM

**6138 KINGSWAY**

(Between Gilly & Imperial)

**Ph. 432-7333**